Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 862, 10 to 16 July, 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕੀ ਹਵਾਈ ਅੱਡਿਆਂ 'ਤੇ ਹੁਣ ਯਾਤਰੀਆਂ ਦੀ ਬੂਟ ਉਤਾਰ ਕੇ ਨਹੀਂ ਹੋਵੇਗੀ ਤਲਾਸ਼ੀ



- ਪਹਿਲਾਂ ਤੋਂ ਲਾਗੂ ਨਿਯਮ 'ਚ ਹੋਇਆ ਬਦਲਾਅ
- 2001 ਦੀ ਵਾਰਦਾਤ ਤੋਂ ਬਾਅਦ ਲਾਗੂ ਹੋਇਆ ਸੀ ਨਿਯਮ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਹਵਾਈ ਅੱਡਿਆਂ 'ਤੇ ਲਾਗੂ ਇਕ ਨਿਯਮ ਵਿਚ ਬਦਲਾਅ ਕੀਤਾ ਜਾ ਰਿਹਾ ਹੈ, ਜਿਸ ਨਾਲ ਯਾਤਰੀਆਂ ਨੂੰ ਫਾਇਦਾ ਹੋਵੇਗਾ। ਤਾਜ਼ਾ ਜਾਣਕਾਰੀ ਮੁਤਾਬਕ ਯਾਤਰੀਆਂ ਨੂੰ ਹੁਣ ਬੂਟ ਉਤਾਰ ਕੇ ਤਲਾਸ਼ੀ ਨਹੀਂ ਦੇਣੀ ਪਵੇਗੀ। ਟਰੰਪ ਸਰਕਾਰ ਵੱਲੋਂ ਦੋ ਦਹਾਕੇ ਪੁਰਾਣੀ ਨੀਤੀ ਵਿਚ ਅਚਨਚੇਤ ਲਿਆਂਦੀ ਤਬਦੀਲੀ ਕਈ ਹਵਾਈ ਅੱਡਿਆਂ 'ਤੇ ਲਾਗੂ ਵੀ ਕੀਤੀ ਜਾ ਚੁੱਕੀ ਹੈ।

ਟ੍ਰਾਂਸਪੋਰਟੇਸ਼ਨ ਸਕਿਉਰਿਟੀ ਐਡਮਨਿਸਟ੍ਰੇਸ਼ਨ ਦੇ ਇਕ ਅੰਦਰੂਨੀ ਮੀਮੋ ਮੁਤਾਬਕ ਹਵਾਈ ਅੱਡਿਆਂ 'ਤੇ ਯਾਤਰੀਆਂ ਦੀ ਸੁਰੱਖਿਆ ਜਾਂਚ ਕਰਨ ਵਾਲੀ ਤਕਨੀਕ ਵਿਚ ਸੁਧਾਰ ਦੇ ਮੱਦੇਨਜ਼ਰ ਸ਼ੂਜ਼ ਉਤਰਵਾਉਣ ਦੀ ਜ਼ਰੂਰਤ ਨਹੀਂ ਰਹਿ ਗਈ। ਇਸ ਤੋਂ ਪਹਿਲਾਂ ਟ੍ਰਾਂਸਪੋਰਟੇਸ਼ਨ ਸਕਿਉਰਿਟੀ ਐਡਮਨਿਸਟ੍ਰੇਸ਼ਨ ਦੀ ਪ੍ਰੀਚੈੱਕ ਲਿਸਟ ਵਿਚ ਸ਼ਾਮਲ ਯਾਤਰੀਆਂ ਨੂੰ ਬੂਟ ਉਤਾਰ ਕੇ ਤਲਾਸ਼ੀ ਤੋਂ ਛੋਟ ਮਿਲਦੀ ਸੀ ਪਰ ਹੁਣ ਹਰ ਯਾਤਰੀ ਇਸ ਸਹੂਲਤ ਦਾ ਹੱਕਦਾਰ ਬਣ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਬੂਟ ਉਤਾਰ ਕੇ ਤਲਾਸ਼ੀ ਲੈਣ ਵਾਲੀ ਨੀਤੀ 2001 ਦੀ ਉਸ ਵਾਰਦਾਤ ਤੋਂ ਬਾਅਦ ਲਾਗੂ ਕੀਤੀ ਗਈ ਸੀ, ਜਦੋਂ 'ਸ਼ੂਅ ਬੌਂਬਰ' ਵਜੋਂ ਜਾਣੇ ਜਾਂਦੇ ਰਿਚਰਡ ਰੀਡ ਨੇ ਆਪਣੇ ਬੂਟਾਂ ਵਿਚ ਬਾਰੂਦ ਲੁਕਾ ਕੇ ਪੈਰਿਸ ਤੋਂ ਮਿਆਮੀ ਆ ਰਹੀ ਅਮੈਰਿਕਨ ਏਅਰਲਾਈਨਜ਼ ਦੀ ਟ੍ਰਾਂਸਐਟਲਾਂਟਿਕ ਫਲਾਈਟ ਨੂੰ ਉਡਾਉਣ ਦਾ ਯਤਨ ਕੀਤਾ ਪਰ ਨਾਕਾਮ ਰਿਹਾ। ਫਲਾਈਟ ਬੋਸਟਨ ਹਵਾਈ ਅੱਡੇ 'ਤੇ ਸੁਰੱਖਿਅਤ ਲੈਂਡ ਕਰ ਗਈ ਅਤੇ ਯਾਤਰੀਆਂ ਦੀ ਮਦਦ ਨਾਲ ਰਿਚਰਡ ਨੂੰ ਕਾਬੂ ਕਰ ਲਿਆ ਗਿਆ। ਮੁੱਢਲੇ ਤੌਰ 'ਤੇ ਬਾਲਟੀਮੋਰ-ਵਾਸ਼ਿੰਗਟਨ ਇੰਟਰਨੈਸ਼ਨ ਏਅਰਪੋਰਟ, ਫੋਰਟ ਲੌਡਰਡੇਲ ਇੰਟਰਨੈਸ਼ਨਲ ਏਅਰਪੋਰਟ, ਸਿਨਸਿਨਾਟੀ-ਨੌਰਦਨ ਕੈਂਟਕੀ ਇੰਟਰਨੈਸ਼ਨਲ ਏਅਰਪੋਰਟ,

■ ਬਾਕੀ ਖਬਰ ਸਫਾ 18 'ਤੇ

## ਬ੍ਰਿਕਸ ਦੇਸ਼ਾਂ ਨੂੰ ਦੇਣਾ ਹੋਵੇਗਾ 10% ਵਾਧੂ ਟੈਰਿਫ : ਟਰੰਪ



- ਟ੍ਰੇਡ ਡੀਲ ਤੋਂ ਪਹਿਲਾਂ ਟਰੰਪ ਨੇ ਵਧਾਈ ਭਾਰਤ ਦੀ ਟੈਂਸ਼ਨ
- ਡੋਨਾਲਡ ਟਰੰਪ ਨੇ ਬ੍ਰਿਕਸ ਨੂੰ ਦੱਸਿਆ 'ਅਮਰੀਕਾ ਖਿਲਾਫ ਬਣਿਆ ਗੱਠਜੋੜ'

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਵਿਸ਼ਵ ਵਪਾਰ ਜਗਤ ਵਿਚ ਹਲਚਲ ਮਚਾ ਦਿੱਤੀ ਹੈ। ਟਰੰਪ ਨੇ ਕਿਹਾ ਹੈ ਕਿ ਬ੍ਰਿਕਸ ਦੇਸ਼ਾਂ 'ਤੇ 10% ਵਾਧੂ ਟੈਰਿਫ (ਆਯਾਤ ਡਿਊਟੀ) ਲਗਾਈ ਜਾਵੇਗੀ ਅਤੇ ਇਹ ਫੈਸਲਾ ਜਲਦੀ ਹੀ ਲਾਗੂ ਕੀਤਾ ਜਾ ਸਕਦਾ ਹੈ। ਭਾਰਤ ਸਮੇਤ ਸਾਰੇ ਬ੍ਰਿਕਸ ਮੈਂਬਰ ਇਸ ਚਿਤਾਵਨੀ ਦੇ ਦਾਇਰੇ ਵਿਚ ਆ ਗਏ ਹਨ।

ਵ੍ਹਾਈਟ ਹਾਊਸ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਟਰੰਪ ਨੇ ਦੋਸ਼ ਲਗਾਇਆ ਕਿ ਬ੍ਰਿਕਸ ਦਾ ਉਦੇਸ਼ ਅਮਰੀਕੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਡਾਲਰ ਦੀ ਤਾਕਤ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਕਿਹਾ, "ਬ੍ਰਿਕਸ ਦੀ ਸਥਾਪਨਾ ਅਮਰੀਕਾ ਨੂੰ ਕਮਜ਼ੋਰ ਕਰਨ ਅਤੇ ਸਾਡੇ ਡਾਲਰ ਨੂੰ ਚੁਣੌਤੀ ਦੇਣ ਲਈ ਕੀਤੀ ਗਈ ਸੀ ਪਰ ਡਾਲਰ ਰਾਜਾ ਹੈ ਅਤੇ ਅਜਿਹਾ ਹੀ ਰਹੇਗਾ। ਜੋ ਕੋਈ ਵੀ ਇਸ ਨੂੰ ਚੁਣੌਤੀ ਦਿੰਦਾ ਹੈ, ਉਸ ਨੂੰ ਵੱਡੀ ਕੀਮਤ ਚੁਕਾਉਣੀ ਪਵੇਗੀ।"

ਬ੍ਰਿਕਸ ਸ਼ੁਰੂ ਵਿਚ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਨਾਲ ਬਣਾਈ ਗਈ ਸੀ। ਹਾਲ ਹੀ ਦੇ ਸਾਲਾਂ ਵਿਚ ਇਸ ਵਿਚ ਸਾਊਦੀ ਅਰਬ, ਮਿਸਰ, ਈਰਾਨ, ਇਥੋਪੀਆ, ਸੰਯੁਕਤ ਅਰਬ ਅਮੀਰਾਤ ਅਤੇ ਇੰਡੋਨੇਸ਼ੀਆ ਵੀ ਸ਼ਾਮਲ ਹੋਏ ਹਨ, ਜਿਸ ਨਾਲ ਇਸ ਗੱਠਜੋੜ ਦੀ ਤਾਕਤ ਅਤੇ ਰਾਜਨੀਤਿਕ ਪ੍ਰਭਾਵ ਵਿਚ ਕਾਫ਼ੀ ਵਾਧਾ ਹੋਇਆ ਹੈ। ਹੁਣ ਕੁੱਲ 11 ਦੇਸ਼ ਬ੍ਰਿਕਸ ਦਾ ਹਿੱਸਾ ਹਨ।

ਡੋਨਾਲਡ ਟਰੰਪ ਨੇ ਸਪੱਸ਼ਟ ਕੀਤਾ ਕਿ 1 ਅਗਸਤ, 2025 ਤੋਂ ਅਮਰੀਕਾ ਵਿਚ ਇਨ੍ਹਾਂ ਦੇਸ਼ਾਂ ਤੋਂ ਆਯਾਤ ਕੀਤੇ ਜਾਣ ਵਾਲੇ ਸਾਮਾਨ 'ਤੇ ਵਾਧੂ ਡਿਊਟੀ ਲਗਾਈ ਜਾ ਸਕਦੀ ਹੈ। ਉਨ੍ਹਾਂ ਕਿਹਾ, "ਸਾਲਾਂ ਤੋਂ ਇਹ ਦੇਸ਼ ਸਾਡੇ ਤੋਂ ਭਾਰੀ ਟੈਰਿਫ ਵਸੂਲਦੇ ਰਹੇ ਅਤੇ ਅਸੀਂ ਬਦਲੇ ਵਿਚ ਕੁਝ ਨਹੀਂ ਕੀਤਾ। ਹੁਣ ਸਮਾਂ ਬਦਲ ਗਿਆ ਹੈ। 1 ਅਗਸਤ ਤੋਂ ਅਮਰੀਕਾ ਨੂੰ ਭਾਰੀ ਮਾਲੀਆ ਮਿਲਣਾ ਸ਼ੁਰੂ ਹੋ ਜਾਵੇਗਾ।" ਭਾਰਤ ਬ੍ਰਿਕਸ ਦਾ ਇੱਕ ਸਰਗਰਮ ਮੈਂਬਰ ਹੈ ਅਤੇ ਅਮਰੀਕਾ ਨਾਲ ਉਸਦਾ ਵੱਡਾ ਵਪਾਰਕ ਸਬੰਧ ਹੈ।

■ ਬਾਕੀ ਖਬਰ ਸਫਾ 18 'ਤੇ

## ਸ਼੍ਰੋਮਣੀ ਅਕਾਲੀ ਦਲ ਵੱਲੋਂ 15 ਸੀਨੀਅਰ ਮੀਤ ਪ੍ਰਧਾਨਾਂ ਦਾ ਐਲਾਨ




**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਨਵੇਂ ਸੀਨੀਅਰ ਮੀਤ ਪ੍ਰਧਾਨਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਡਾ. ਦਲਜੀਤ ਸਿੰਘ ਚੀਮਾ ਅਤੇ ਬਿਕਰਮ ਸਿੰਘ ਮਜੀਠੀਆ ਸਮੇਤ 15 ਸੀਨੀਅਰ ਆਗੂਆਂ ਨੂੰ ਇਹ ਜ਼ਿੰਮੇਵਾਰੀਆਂ ਸੌਂਪੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਆਪਣੇ ਸੋਸ਼ਲ ਮੀਡੀਆ ਐਕਸ ਖਾਤੇ 'ਤੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਚੁਣੇ ਅਹੁਦੇਦਾਰਾਂ ਦੀ ਸੂਚੀ ਵੀ ਨੱਥੀ ਕੀਤੀ ਹੈ, ਜਿਸ ਵਿਚ ਆਗੂਆਂ ਦੇ ਨਾਂਅ ਲਿਖੇ ਹੋਏ ਹਨ।

ਇਸ ਸੂਚੀ ਰਾਹੀਂ ਜਿਨ੍ਹਾਂ ਨੂੰ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਨਾਲ ਨਿਵਾਜਿਆ ਗਿਆ ਹੈ, ਉਨ੍ਹਾਂ ਵਿਚ ਜਨਮੇਜਾ ਸਿੰਘ ਸੇਖੋਂ, ਸਿਕੰਦਰ ਸਿੰਘ ਮਲੂਕਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਗੁਰਬਚਨ ਸਿੰਘ ਬੱਬੇਹਾਲੀ, ਲਖਵੀਰ ਸਿੰਘ ਲੋਧੀਨੰਗਲ, ਮਨਜੀਤ ਸਿੰਘ ਜੀ.ਕੇ., ਗੁਰਚਰਨ ਸਿੰਘ ਗਰੇਵਾਲ, ਅਮਰਜੀਤ ਸਿੰਘ ਚਾਵਲਾ, ਪਰਮਬੰਸ ਸਿੰਘ ਰੋਮਾਣਾ, ਬਲਬੀਰ ਸਿੰਘ ਘੁੰਨਸ, ਤੇਜਿੰਦਰ ਸਿੰਘ ਮਿੱਡੂਖੇੜਾ ਅਤੇ ਮੋਹਿਤ ਗੁਪਤਾ ਸ਼ਾਮਲ ਹਨ।

## ਗੁਰਦੁਆਰਾ ਸੰਤ ਸਾਗਰ, ਸੈਕਰਾਮੈਂਟੋ ਵਿਖੇ ਸਜਾਏ ਗਏ ਧਾਰਮਿਕ ਦੀਵਾਨ





ਗੁਰਦੁਆਰਾ ਸਾਹਿਬ ਸੰਤ ਸਾਗਰ ਵਿਖੇ ਸੁਰਿੰਦਰਪਾਲ ਸਿੰਘ ਬਿੰਦਰਾ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੀ ਹੋਈ ਪ੍ਰਬੰਧਕ ਕਮੇਟੀ। (ਸੱਜੇ) ਗੁਰਬਾਣੀ ਕੀਰਤਨ ਕਰਦਾ ਹੋਇਆ ਜੱਥਾ।

**ਸੈਕਰਾਮੈਂਟੋ, (ਪੰਜਾਬ ਮੇਲ)-** ਗੁਰਦੁਆਰਾ ਸਾਹਿਬ ਸੰਤ ਸਾਗਰ ਦੇ ਮੁਖੀ ਬਾਬਾ ਸੱਜਣ ਸਿੰਘ ਅੱਜਕੱਲ੍ਹ ਸੈਕਰਾਮੈਂਟੋ ਦੌਰੇ 'ਤੇ ਹਨ। ਇਥੇ ਗੁਰਦੁਆਰਾ ਸਾਹਿਬ ਸੰਤ ਸਾਗਰ ਵਿਖੇ ਉਨ੍ਹਾਂ ਕਾਫੀ ਸਮਾਂ ਬਤਾਇਆ, ਜਿੱਥੇ ਉਨ੍ਹਾਂ ਨੇ ਗੁਰਬਾਣੀ ਦਾ ਪ੍ਰਵਾਹ ਚਲਾਇਆ। ਇਸ ਮੌਕੇ ਉਨ੍ਹਾਂ ਨੇ ਸ. ਨਰਿੰਦਰਪਾਲ ਸਿੰਘ ਹੁੰਦਲ ਨਾਲ ਸਲਾਹ ਮਸ਼ਵਰਾ ਕਰਕੇ ਇਥੇ ਫਿਊਨਰਲ ਹੋਮ ਖੋਲ੍ਹਣ ਦੀ ਯੋਜਨਾ ਬਣਾਈ। ਇਸ ਸੰਬੰਧੀ ਉਨ੍ਹਾਂ ਵੱਖ-ਵੱਖ ਸਥਾਨਕ ਆਗੂਆਂ ਨਾਲ ਮੁਲਾਕਾਤ ਵੀ ਕੀਤੀ, ਜਿਨ੍ਹਾਂ ਨੇ ਉਨ੍ਹਾਂ ਨੂੰ ਭਰਪੂਰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ, ਲੁਧਿਆਣਾ ਦੇ ਪ੍ਰਧਾਨ ਸ. ਸੁਰਿੰਦਰਪਾਲ ਸਿੰਘ ਬਿੰਦਰਾ ਅਤੇ ਪੰਜਾਬ ਮੇਲ ਦੇ ਸੰਸਥਾਪਕ ਗੁਰਜਤਿੰਦਰ ਸਿੰਘ ਰੰਧਾਵਾ ਵੀ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਾਹਿਬ ਸੰਤ ਸਾਗਰ ਵਿਖੇ ਪਹੁੰਚੇ, ਜਿਥੇ ਸ. ਨਰਿੰਦਰਪਾਲ ਸਿੰਘ ਹੁੰਦਲ ਅਤੇ ਬਾਬਾ ਸੱਜਣ ਸਿੰਘ ਹੋਰਾਂ ਨੇ ਦੋਵਾਂ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਸੱਜਣ ਸਿੰਘ ਹੋਰਾਂ ਨੇ ਸੰਗਤਾਂ ਨੂੰ ਸੈਕਰਾਮੈਂਟੋ 'ਚ ਫਿਊਨਰਲ ਹੋਮ ਦੇ ਪ੍ਰਾਜੈਕਟਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ, ਤਾਂਕਿ ਇਹ ਕੰਮ ਜਲਦ ਤੋਂ ਜਲਦ ਨੇਪਰੇ ਚਾੜ੍ਹਿਆ ਜਾ ਸਕੇ।

## ਟੈਕਸਾਸ 'ਚ ਭਾਰੀ ਮੀਂਹ ਨਾਲ ਆਏ ਹੜ੍ਹਾਂ ਕਾਰਨ 150 ਲੋਕਾਂ ਦੀ ਮੌਤ

- 100 ਤੋਂ ਵਧੇਰੇ ਲਾਪਤਾ





ਟੈਕਸਾਸ 'ਚ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਦੌਰਾਨ ਬਚਾਅ ਕਾਰਜ ਕਰਦੇ ਹੋਏ ਰਾਹਤ ਕਰਮੀ।

**ਟੈਕਸਾਸ, (ਪੰਜਾਬ ਮੇਲ)-** ਅਮਰੀਕਾ ਦੇ ਟੈਕਸਾਸ ਵਿਚ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਨਾਲ 150 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਕਈ ਹੋਰ ਅਜੇ ਵੀ ਲਾਪਤਾ ਹਨ, ਜਿਨ੍ਹਾਂ ਵਿਚ ਕੈਂਪ ਵਿਚ ਗਈਆਂ ਕੁੜੀਆਂ ਵੀ ਸ਼ਾਮਲ ਹਨ। ਪ੍ਰਸ਼ਾਸਨ ਲੋਕਾਂ ਨੂੰ ਬਚਾਉਣ ਲਈ ਵੱਡੇ ਪੱਧਰ 'ਤੇ ਬਚਾਅ ਕਾਰਜ ਚਲਾ ਰਿਹਾ ਹੈ। ਇਸ ਦੇ ਨਾਲ ਹੀ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਇਸ ਹਫ਼ਤੇ ਦੇ ਅੰਤ ਵਿਚ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰ ਸਕਦੇ ਹਨ।

■ ਬਾਕੀ ਖਬਰ ਸਫਾ 18 'ਤੇ

## ਐੱਸ.ਵਾਈ.ਐੱਲ. ਮੁੱਦੇ 'ਤੇ ਪੰਜਾਬ-ਹਰਿਆਣਾ ਵਿਚਕਾਰ ਫਿਰ ਟਕਰਾਅ ਦੀ ਸੰਭਾਵਨਾ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਵਿਚਕਾਰ ਸਤਲੁਜ-ਯਮੁਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਨੂੰ ਲੈ ਕੇ ਨਵੀਂ ਦਿੱਲੀ 'ਚ ਕੇਂਦਰ ਦੀ ਮੌਜੂਦਗੀ 'ਚ ਇੱਕ ਮਹੱਤਵਪੂਰਨ ਮੀਟਿੰਗ ਹੋ ਰਹੀ ਹੈ। ਮੀਟਿੰਗ 'ਚ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ ਮੁੱਖ ਸਕੱਤਰ ਵੀ ਸ਼ਾਮਲ ਹੋਣਗੇ। ਇਹ ਮੀਟਿੰਗ ਕੇਂਦਰ ਸਰਕਾਰ ਦੇ ਯਤਨਾਂ ਸਦਕਾ ਬੁਲਾਈ ਗਈ ਹੈ ਅਤੇ ਇਸ ਮੁੱਦੇ 'ਤੇ ਹੁਣ ਤੱਕ ਹੋਈ ਚੌਥੀ ਮੀਟਿੰਗ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਲਈ ਰਵਾਨਾ ਹੋ ਗਏ ਹਨ।

ਇਹ ਮੀਟਿੰਗ ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਦੀ ਅਗਵਾਈ 'ਚ ਹੋਵੇਗੀ। ਦੋਵੇਂ ਸੂਬਿਆਂ ਦੇ ਮੁੱਖ ਮੰਤਰੀ ਆਪਣਾ-ਆਪਣਾ ਪੱਖ ਰੱਖਣਗੇ। ਇਹ ਮੀਟਿੰਗ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ 13 ਅਗਸਤ ਨੂੰ ਐੱਸ.ਵਾਈ.ਐੱਲ. ਮੁੱਦੇ 'ਤੇ ਸੁਪਰੀਮ ਕੋਰਟ 'ਚ ਸੁਣਵਾਈ ਹੈ। ਇਸ ਸੁਣਵਾਈ ਤੋਂ ਪਹਿਲਾਂ ਕੇਂਦਰ ਸਰਕਾਰ ਐੱਸ.ਵਾਈ.ਐੱਲ. ਮੁੱਦੇ 'ਤੇ ਦੋਵੇਂ ਸੂਬਿਆਂ ਦੀ ਸੁਲਾਹ ਕਰਵਾਉਣ 'ਚ ਲੱਗ ਗਈ ਹੈ।

■ ਬਾਕੀ ਖਬਰ ਸਫਾ 18 'ਤੇ


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
17th Annual Women Festival
Free Entry
Only For Ladies
Tiyaan Teej Diyan
ਤੀਆਂ ਤੀਜ ਦੀਆਂ
August 9th, Saturday, 2025
(2.00pm to 6.00 pm)
ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਿਹਰ 2.00 ਤੋਂ ਸ਼ਾਮ 6.00 ਵਜੇ ਤੱਕ)
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Team Enter and Information
916-240-6969, 916-753-5933, 916-897-4414
Elk Grove Regional Park, 9950 Elk Grove Florin Rd, Elk Grove CA 95624
Designed By Punjab Mail USA
TV Coverage by PUNJAB MAIL USA TV Channel
Sponsor
FIVE STAR BANK



# VALLEJO TEEYAN
# MELA 2025

## Sunday July 20th, 2025 from 12-6pm

Hosted By



Asha Sharma

*Only for Ladies and Children*

## At Dan Foley Cultural Center

**(Behind Sutter Solano Hospital)**
**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**

Organizer



Sunita Verma

Copyright@Punjab Mail USA



**Come and enjoy a day filled with entertainment and festiveties, including Punjabi Folk songs and dances, Gidha, Boliyan and much more...**

*To Participate Rent Space for a booth, or Sponsor, Please Contact:*

# SUNITA VERMA : 707-853-9006

**Email: sonalideep@gmail.com**

"Let us make your event a dream come true"
TOUCH OF ELEGANCE DECOR
Cristy
510-672-8118
Flamingo
Banquet Hall & Catering
ARIA
FINE DINING, BAR, CATERING & BANQUET HALLS
ANTIOCH
Taphouse & Restaurant
Pardeep - Paul
(510) 325-8433
Catering up to 5000 guest anywhere in California with full services



CHINNA JEWELLERS INC



Inderjit Singh
7454 Stockton Blvd Suite A,
Sacramento, CA 95823



D D Sharma
Real Estate Consultant
DRE #01744678
707-365-9385(cell)

Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
Residential, Loan Mod, Short Sale & Commercial Real Estate

## ਸ. ਸੁਰਿੰਦਰਪਾਲ ਸਿੰਘ ਬਿੰਦਰਾ ਕੈਲੀਫੋਰਨੀਆ ਦੌਰੇ 'ਤੇ



**ਸੈਕਰਾਮੈਂਟੋ, (ਪੰਜਾਬ ਮੇਲ)-** ਸ. ਸੁਰਿੰਦਰਪਾਲ ਸਿੰਘ ਬਿੰਦਰਾ ਅੱਜਕੱਲ੍ਹ ਕੈਲੀਫੋਰਨੀਆ ਦੌਰੇ 'ਤੇ ਹਨ। ਇਸ ਦੌਰਾਨ ਉਹ ਐਲਕ ਗਰੋਵ ਸਿਟੀ ਵਿਖੇ ਪੰਜਾਬ ਮੇਲ ਦੇ ਦਫਤਰ ਪਹੁੰਚੇ, ਜਿੱਥੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਸ. ਸੁਰਿੰਦਰਪਾਲ ਬਿੰਦਰਾ ਦੀ ਧਰਮ ਪਤਨੀ ਅਤੇ ਬੇਟੀ ਸਮੇਤ ਹੋਰ ਵੀ ਰਿਸ਼ਤੇਦਾਰ ਸ਼ਾਮਲ ਸਨ।

## ਜਗਜੀਤ ਨੌਸ਼ਹਿਰਵੀ ਦੇ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਚਰਚਾ 13 ਜੁਲਾਈ ਨੂੰ




**ਹੇਵਰਡ, (ਪੰਜਾਬ ਮੇਲ)-** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ 13 ਜੁਲਾਈ 2025 (ਐਤਵਾਰ) ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ, ਜਿਸ ਵਿਚ ਪੰਜਾਬੀ ਸ਼ਾਇਰ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, **24989 Santa Clara St, Hayward, California** ਵਿਚ ਦੁਪਹਿਰ 12 ਵਜੇ ਸ਼ੁਰੂ ਹੋਏਗੀ।

ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਦੱਸਿਆ ਹੈ ਕਿ ਜਗਜੀਤ ਨੌਸ਼ਹਿਰਵੀ ਲੰਮੇਂ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਜੁੜਿਆ ਹੋਇਆ ਹੈ। ਉਹ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਦਾ ਮੁੱਢਲਾ ਮੈਂਬਰ ਹੈ ਅਤੇ ਕਈ ਵਰ੍ਹਿਆਂ ਤੋਂ ਇਸ ਦੇ ਜਰਨਲ ਸਕੱਤਰ ਵੱਜੋਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ।

# ਸਿਆਟਲ ਖੇਡ ਕੈਂਪ ਪੂਰੇ ਧੂਮ-ਧੜੱਕੇ ਨਾਲ ਸ਼ੁਰੂ





**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** 5 ਜੁਲਾਈ, ਸ਼ਨੀਵਾਰ ਨੂੰ ਬੱਚਿਆਂ ਦਾ ਖੇਡ ਕੈਂਪ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ੁਰੂ ਕੀਤਾ ਗਿਆ। ਇਹ ਖੇਡ ਕੈਂਪ ਰਵਿੰਦਰ ਰਿਸ਼ੀ ਨੂੰ ਸਮਰਪਿਤ ਹੋਵੇਗਾ, ਜਿਹੜੇ ਕਿ ਜਿਮਨਾਸਟਿਕ ਕੋਚ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਡਿਪਟੀ ਡਾਇਰੈਕਟਰ ਸਪੋਰਟਸ ਰਿਟਾਇਰ ਹੋਏ ਅਤੇ ਪਿਛਲੇ ਸਾਲ ਉਹ ਸਦੀਵੀ ਵਿਛੋੜਾ ਦੇ ਗਏ ਸਨ।

ਸਿਆਟਲ ਦੀਆਂ ਪ੍ਰਮੁੱਖ ਸ਼ਖਸੀਅਤਾਂ ਇਸ ਖੇਡ ਕੈਂਪ ਵਿਚ ਹਾਜ਼ਰ ਹੋਈਆਂ ਅਤੇ ਲੋੜੀਂਦਾ ਯੋਗਦਾਨ ਪਾਇਆ ਗਿਆ। ਖੇਡ ਕੈਂਪ 'ਚ ਕੋਈ ਫੀਸ ਨਹੀਂ। ਫਰੀ ਕਿੱਟਾਂ ਅਤੇ ਰਿਫਰੈਸ਼ਮੈਂਟ ਦਿੱਤੀ ਜਾਂਦੀ ਹੈ। ਇਹ ਖੇਡ ਕੈਂਪ 8 ਹਫਤੇ ਚੱਲੇਗਾ ਅਤੇ 24 ਅਗਸਤ ਨੂੰ ਮੁਕਾਬਲੇ ਕਰਵਾ ਕੇ ਇਨਾਮ ਵੰਡ ਸਮਾਰੋਹ ਹੋਵੇਗਾ, ਜਿਸ ਵਿਚ ਦਾਨੀਆਂ ਅਤੇ ਸੇਵਾਦਾਰਾਂ ਦਾ ਮਾਨ-ਸਨਮਾਨ ਕੀਤਾ ਜਾਵੇਗਾ।

ਗੁਰਦੀਪ ਸਿੰਘ ਸਿੱਧੂ ਜੋ ਕਿ ਖੇਡ ਕੈਂਪ ਦੇ ਪ੍ਰਬੰਧਕ ਹਨ, ਨੇ ਦੱਸਿਆ ਕਿ ਲੋਕਾਂ ਅਤੇ ਬੱਚਿਆਂ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਲੈ ਕੇ ਸਮੇਂ ਸਿਰ ਉਨ੍ਹਾਂ ਦੇ ਮਾਪੇ ਗਰਾਊਂਡ ਵਿਚ ਆਉਣ। ਪਰਮਜੀਤ ਸਿੰਘ ਖਹਿਰਾ, ਬਲਜੀਤ ਸਿੰਘ ਸੋਹਲ, ਸੈਮ ਵਿਰਕ, ਧਰਮ ਸਿੰਘ ਮੈਰੀਪੁਰ, ਮਹਿੰਦਰ ਸਿੰਘ ਸੋਹਲ, ਡਾ. ਸੁਰਿੰਦਰਪਾਲ ਸਿੰਘ ਤੁੰਗ ਪ੍ਰਧਾਨ ਬਾਬਾ ਬੁੱਢਾ ਜੀ, ਮਨਦੀਪ ਸਿੰਘ ਸੰਘਾ, ਜਿਨ੍ਹਾਂ ਨੇ ਇਸ ਕਾਰਜ ਦੀ ਬਹੁਤ ਸ਼ਲਾਘਾ ਕੀਤੀ ਅਤੇ ਹਰ ਮਦਦ ਦੇਣ ਦੀ ਵਚਨਬੱਧਤਾ ਦੁਹਰਾਈ।








FOR SALE & PURCHASE OF
ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਡੇਟਨ ਦੇ ਸਿੱਖ ਭਾਈਚਾਰੇ ਨੇ ਅਮਰੀਕਾ ਦੇ 249ਵੇਂ ਆਜ਼ਾਦੀ ਦਿਹਾੜੇ ’ਤੇ ਲਹਿਰਾਇਆ ਝੰਡਾ

ਡੇਟਨ (ਉਹਾਇਓ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)- ਅਮਰੀਕਾ ਵਿਚ ਹਰ ਸਾਲ 4 ਜੁਲਾਈ ਨੂੰ ਇੱਥੋਂ ਦੇ ਵਸਨੀਕ ਅਮਰੀਕਾ ਦੇ ਝੰਡੇ ਲਹਿਰਾ ਕੇ, ਵੱਖ-ਵੱਖ ਸ਼ਹਿਰਾਂ ਵਿਚ ਪਰੇਡ ਕੱਢ ਕੇ ਅਤੇ ਰਾਤ ਨੂੰ ਆਤਿਸ਼ਬਾਜ਼ੀ ਕਰਕੇ ਬਹੁਤ ਹੀ ਜੋਸ਼ ਅਤੇ ਉਤਸ਼ਾਹ ਨਾਲ ਆਜ਼ਾਦੀ ਦਿਵਸ ਮਨਾਉਂਦੇ ਹਨ।

ਇਸੇ ਤਹਿਤ, ਓਹਾਇਓ ਸੂਬੇ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਸਿੱਖ ਸੁਸਾਇਟੀ ਆਫ ਡੇਟਨ ਦੇ ਮੈਦਾਨ ਵਿਚ ਅਮਰੀਕਾ ਦਾ ਝੰਡਾ ਲਹਿਰਾਇਆ ਗਿਆ। ਇਸ ਸਮਾਗਮ ਲਈ ਗੁਰਦੁਆਰਾ ਸਾਹਿਬ ਦੀ ਸੇਵਾਦਾਰ ਕਮੇਟੀ ਦੇ ਮੈਂਬਰ ਡਾ. ਦਰਸ਼ਨ ਸਿੰਘ ਸਹਿਬੀ ਵੱਲੋਂ ਸ਼ਹਿਰ ਦੇ ਪ੍ਰਮੁੱਖ ਆਗੂਆਂ ਨੂੰ ਸੱਦਾ ਦਿੱਤਾ ਗਿਆ ਸੀ, ਜਿਸ ਵਿਚ ਬੀਵਰਕਰੀਕ ਦੇ ਮੇਅਰ ਡੋਨ ਐਡਮਸ, ਰਿਵਰਸਾਈਡ ਦੇ ਸਾਬਕਾ ਮੇਅਰ ਬਿਲ ਫਲਾਉਟੀ ਅਤੇ ਇੰਟਰਫੇਥ ਗਰੁੱਪ ਆਫ ਡੇਟਨ ਤੋਂ ਚਾਰਲਿਨ ਬੇਅਲਸ ਸ਼ਾਮਲ ਸਨ।

ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਹੇਮ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਇਸ ਤੋਂ ਬਾਅਦ ਅਮਰੀਕਾ ਦਾ ਝੰਡਾ ਲਹਿਰਾਇਆ ਗਿਆ ਅਤੇ ਅਮਰੀਕਾ ਦਾ ਰਾਸ਼ਟਰ ਗੀਤ ਗਾਇਆ ਗਿਆ।



ਅਮਰੀਕਾ ਦੇ 249ਵੇਂ ਆਜ਼ਾਦੀ ਦਿਹਾੜੇ ’ਤੇ ਝੰਡਾ ਲਹਿਰਾਉਣ ਦੀ ਰਸਮ ਨਿਭਾਉਣ ਮੌਕੇ ਬੀਵਰਕਰੀਕ ਦੇ ਮੇਅਰ ਡੋਨ ਐਡਮਸ, ਰਿਵਰਸਾਈਡ ਦੇ ਸਾਬਕਾ ਮੇਅਰ ਬਿਲ ਫਲਾਉਟੀ, ਇੰਟਰਫੇਥ ਗਰੁੱਪ ਆਫ ਡੇਟਨ ਤੋਂ ਚਾਰਲਿਨ ਬੇਅਲਸ ਅਤੇ ਸਿੱਖ ਭਾਈਚਾਰੇ ਦੇ ਲੋਕ।

ਮੇਅਰ ਡੋਨ ਐਡਮਸ ਨੇ ਆਪਣੇ ਸੰਬੋਧਨ ਵਿਚ ਕਿਹਾ, “ਮੈਂ ਸਿੱਖ ਭਾਈਚਾਰੇ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ 4 ਜੁਲਾਈ ਦੇ ਜਸ਼ਨਾਂ ਦਾ ਹਿੱਸਾ ਬਣਨ ਲਈ ਗੁਰਦੁਆਰਾ ਸਾਹਿਬ ਆਉਣ ਦਾ ਸੱਦਾ ਦਿੱਤਾ। ਇਹ ਸਮਾਰੋਹ ਸਿਰਫ਼ ਸਾਡੇ ਦੇਸ਼ ਦੀ ਆਜ਼ਾਦੀ ਨਹੀਂ, ਸਗੋਂ ਇੱਥੇ ਵੱਸ ਰਹੀਆਂ ਵੱਖ-ਵੱਖ ਭਾਈਚਾਰਿਆਂ ਦੀ ਵੀ ਚਮਕਦਾਰ ਤਸਵੀਰ ਪੇਸ਼ ਕਰਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਅਗਲੇ ਸਾਲ, ਜਦ ਅਮਰੀਕਾ ਆਪਣੀ 250ਵੀਂ ਆਜ਼ਾਦੀ ਮਨਾਏਗਾ, ਮੈਂ ਮੁੜ ਇੱਥੇ ਆਵਾਂਗਾ।”

ਡਾ. ਸਿਮਰਨ ਕੌਰ ਸਹਿਬੀ ਨੇ ਸਿੱਖ ਭਾਈਚਾਰੇ ਵੱਲੋਂ ਬੋਲਦੇ ਹੋਏ ਕਿਹਾ: “ਅਸੀਂ ਆਜ਼ਾਦੀ ਦੀ ਰੱਖਿਆ ਕਰਨ ਵਾਲੇ ਸਾਰੇ ਲੋਕਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਦੇ ਹਾਂ ਅਤੇ ਸਿੱਖ ਹੋਣ ਦੇ ਨਾਤੇ ਅਸੀਂ ਇਸ ਮਹਾਨ ਰਾਸ਼ਟਰ ਦਾ ਹਿੱਸਾ ਹੋਣ ’ਤੇ ਮਾਣ ਕਰਦੇ ਹਾਂ।”


ਹੋਰਨਾਂ ਬੁਲਾਰਿਆਂ ਵਿਚ ਡਾ. ਸੰਧਿਆ, ਅਵਤਾਰ ਸਿੰਘ (ਸਪਰਿੰਗਫੀਲਡ) ਅਤੇ ਚਾਰਲਿਨ ਬੇਅਲਸ ਸ਼ਾਮਲ ਸਨ। ਡਾ. ਦਰਸ਼ਨ ਸਿੰਘ ਸਹਿਬੀ ਨੇ ਅੰਤ ਵਿਚ ਸਾਰੇ ਆਏ ਹੋਏ ਮਹਿਮਾਨਾਂ ਅਤੇ ਸੰਗਤ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

# ਟਰੰਪ ਵੱਲੋਂ ਵੱਖ-ਵੱਖ ਦੇਸ਼ਾਂ ਨੂੰ ਅਮਰੀਕੀ ਟੈਰਿਫ ਪੱਤਰ ਜਾਰੀ ਕਰਨ ਦਾ ਐਲਾਨ

**■ ਟਰੰਪ ਨੇ ਕਿਹਾ, “170 ਤੋਂ ਵੱਧ ਦੇਸ਼ ਅਮਰੀਕਾ ਨਾਲ ਵਪਾਰ ਕਰਦੇ ਹਨ। ਅਸੀਂ ਹਰ ਰੋਜ਼ ਦਸ ਦੇਸ਼ਾਂ ਨੂੰ ਪੱਤਰ ਭੇਜਦੇ ਹਾਂ**

ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਉਨ੍ਹਾਂ ਦੇਸ਼ਾਂ ਨੂੰ ਟੈਰਿਫ ਪੱਤਰ ਭੇਜਣਗੇ, ਜੋ ਅਮਰੀਕਾ ਨੂੰ ਵੱਖ-ਵੱਖ ਵਸਤੂਆਂ ਦਾ ਨਿਰਯਾਤ ਕਰਦੇ ਹਨ, ਜਿਸ ਵਿਚ ਉਹ ਉਨ੍ਹਾਂ ’ਤੇ ਲਗਾਏ ਜਾਣ ਵਾਲੇ ਟੈਰਿਫ ਦੀ ਮਾਤਰਾ ਦੱਸਣਗੇ। ਉਹ ਪਹਿਲਾਂ ਹੀ ਖੁਲਾਸਾ ਕਰ ਚੁੱਕੇ ਹਨ ਕਿ ਉਹ ਉਨ੍ਹਾਂ ਦੇਸ਼ਾਂ ’ਤੇ ਟੈਰਿਫ ਲਗਾਉਣਗੇ, ਜਿਨ੍ਹਾਂ ਦੇ ਉਨ੍ਹਾਂ ਨਾਲ ਉਸੇ ਪੱਧਰ ’ਤੇ ਜਾਂ ਇਸ ਤੋਂ ਵੀ ਵੱਧ ਵਪਾਰਕ ਸੌਦੇ ਨਹੀਂ ਹਨ। ਉਨ੍ਹਾਂ ਨੇ ਇਸ ਬਾਰੇ ਵ੍ਹਾਈਟ ਹਾਊਸ ਵਿਖੇ ਮੀਡੀਆ ਨਾਲ ਗੱਲਬਾਤ ਕੀਤੀ।

ਟਰੰਪ ਨੇ ਕਿਹਾ, “170 ਤੋਂ ਵੱਧ ਦੇਸ਼ ਅਮਰੀਕਾ ਨਾਲ ਵਪਾਰ ਕਰਦੇ ਹਨ। ਅਸੀਂ ਹਰ ਰੋਜ਼ ਦਸ ਦੇਸ਼ਾਂ ਨੂੰ ਪੱਤਰ ਭੇਜਦੇ ਹਾਂ, ਉਨ੍ਹਾਂ ਨੂੰ ਦੱਸਦੇ ਹਾਂ ਕਿ ਉਨ੍ਹਾਂ ਨੂੰ ਕਿੰਨਾ ਟੈਰਿਫ ਦੇਣਾ ਪਵੇਗਾ।” ਉਨ੍ਹਾਂ ਕਿਹਾ ਕਿ ਇਹ ਦੇਸ਼ ਉਨ੍ਹਾਂ ਨਾਲ ਚੰਗੇ ਸੌਦੇ ਕਰ ਸਕਦੇ ਹਨ, ਪਰ ਇਹ ਬਹੁਤ ਮੁਸ਼ਕਲ ਮਾਮਲਾ ਹੈ। ਉਨ੍ਹਾਂ ਕਿਹਾ ਕਿ ਉਹ ਹਰੇਕ ਦੇਸ਼ ’ਤੇ ਔਸਤਨ 20 ਤੋਂ 30 ਪ੍ਰਤੀਸ਼ਤ ਟੈਰਿਫ ਲਗਾ ਰਹੇ ਹਨ। ਟਰੰਪ ਨੇ ਹਾਲ ਹੀ ਵਿਚ ਐਲਾਨ ਕੀਤਾ ਸੀ ਕਿ ਉਹ ਜਲਦੀ ਹੀ ਚੀਨ ਅਤੇ ਵੀਅਤਨਾਮ ਦੇ ਨਾਲ-ਨਾਲ ਭਾਰਤ ਨਾਲ ਵਪਾਰਕ ਸਮਝੌਤੇ ’ਤੇ ਦਸਤਖ਼ਤ ਕਰਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਅਮਰੀਕੀ ਕੰਪਨੀਆਂ ਦੇ ਭਾਰਤੀ ਬਾਜ਼ਾਰ ਵਿਚ ਦਾਖਲੇ ਦੇ ਅਨੁਸਾਰ ਹੋਵੇਗਾ। ਇਸ ਦੌਰਾਨ ਟਰੰਪ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਥਾਈਲੈਂਡ ’ਤੇ 36%, ਇੰਡੋਨੇਸ਼ੀਆ ’ਤੇ 32% ਅਤੇ ਜਾਪਾਨ ’ਤੇ 24% ਦੇ ਜਵਾਬੀ ਟੈਰਿਫ ਲਗਾਉਣਗੇ। ਉਸਨੇ ਦੱਖਣੀ ਕੋਰੀਆ ’ਤੇ 25%, ਮਲੇਸ਼ੀਆ ’ਤੇ 24%, ਯੂਰਪੀਅਨ ਯੂਨੀਅਨ ’ਤੇ 20% ਅਤੇ ਤਾਈਵਾਨ ’ਤੇ 32% ਟੈਰਿਫ ਲਗਾਉਣ ਦਾ ਵੀ ਐਲਾਨ ਕੀਤਾ।






# ਪੀ.ਸੀ.ਏ. ਬਰੈਂਟਵੁੱਡ ਵੱਲੋਂ 4 ਜੁਲਾਈ ਦੀ ਆਜ਼ਾਦੀ ਦਿਵਸ ਦੌਰਾਨ ਪਾਣੀ ਤੇ ਜੂਸ ਦੀ ਸੇਵਾ ਕੀਤੀ ਗਈ

**ਬਰੈਂਟਵੁੱਡ (ਕੈਲੀਫੋਰਨੀਆ), (ਪੰਜਾਬ ਮੇਲ)-** ਪੰਜਾਬੀ ਕਲਚਰਲ ਅਸੋਸੀਏਸ਼ਨ (ਪੀ.ਸੀ.ਏ.) ਬਰੈਂਟਵੁੱਡ ਵੱਲੋਂ 4 ਜੁਲਾਈ ਦੀ ਆਜ਼ਾਦੀ ਦਿਵਸ ਦੀ ਪਰੇਡ ਦੌਰਾਨ ਹਜ਼ਾਰਾਂ ਲੋਕਾਂ ਨੂੰ ਠੰਡਾ ਪਾਣੀ ਅਤੇ ਜੂਸ ਵੰਡ ਕੇ ਨਿਸ਼ਕਾਮ ਸੇਵਾ ਕੀਤੀ ਗਈ। ਇਸ ਮੌਕੇ 'ਤੇ 5000 ਤੋਂ ਵੱਧ ਪਾਣੀ ਦੀਆਂ ਬੋਤਲਾਂ ਅਤੇ 2000 ਤੋਂ ਵੱਧ ਜੂਸ ਦੀਆਂ ਬੋਤਲਾਂ ਵੰਡੀਆਂ ਗਈਆਂ। ਇਹ ਸੇਵਾ 50 ਤੋਂ ਵੱਧ ਵਲੰਟੀਅਰਾਂ ਨੇ ਕੀਤੀ।



ਅਮਰੀਕਾ ਦੀ ਆਜ਼ਾਦੀ ਦਿਵਸ ਪਰੇਡ ਦੌਰਾਨ ਹਾਜ਼ਰ ਪੀ.ਸੀ.ਏ. ਬਰੈਂਟਵੁੱਡ ਦੀ ਟੀਮ।

ਪੀ.ਸੀ.ਏ. ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪੀ.ਸੀ.ਏ. ਹਮੇਸ਼ਾ ਇੱਛਾ ਕਰਦਾ ਹੈ ਕਿ ਉਹ ਅਜਿਹੀ ਸੇਵਾ ਕਰਕੇ 4 ਜੁਲਾਈ ਪਰੇਡ ਦਾ ਹਿੱਸਾ ਬਣੇ, ਤਾਂ ਜੋ ਸਮਾਜ ਨਾਲ ਜੁੜ ਕੇ ਚੰਗਾ ਯੋਗਦਾਨ ਪਾਇਆ ਜਾ ਸਕੇ। ਭੁਪਿੰਦਰ ਬਾਜਵਾ ਨੇ ਇਸ ਬਾਬਤ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੀ.ਸੀ.ਏ. ਬਰੈਂਟਵੁੱਡ ਜਲਦੀ ਆਉਣ ਵਾਲੇ ਦੋ ਮਹੀਨਿਆਂ ਦੌਰਾਨ ਖ਼ੂਨਦਾਨ ਕੈਂਪ ਲਗਾਉਣ ਜਾ ਰਿਹਾ ਹੈ। ਖ਼ੂਨਦਾਨ ਕੈਂਪ ਦੀਆਂ ਤਰੀਖਾਂ ਜਲਦ ਹੀ ਨਸ਼ਰ ਕੀਤੀਆਂ ਜਾਣਗੀਆਂ।

ਬਰੈਂਟਵੁੱਡ ਦੀ ਮੇਅਰ ਸੁਜ਼ਾਨਾ ਮਾਇਰ ਖ਼ਾਸ ਤੌਰ 'ਤੇ ਪੀ.ਸੀ.ਏ. ਦੇ ਬੂਥ 'ਤੇ ਪਹੁੰਚੇ ਅਤੇ ਸਾਰੇ ਵਲੰਟੀਅਰਾਂ ਤੇ ਸਪਾਂਸਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੀ.ਸੀ.ਏ. ਪਹਿਲਾਂ ਹੀ ਕਮਿਊਨਟੀ ਵਿਚ ਸ਼ਾਨਦਾਰ ਕੰਮ ਕਰ ਰਿਹਾ ਹੈ ਅਤੇ ਉਹ ਭਵਿੱਖ ਵਿਚ ਪੀ.ਸੀ.ਏ. ਬਰੈਂਟਵੁੱਡ ਵੱਲੋ ਹੋਣ ਵਾਲੀਆਂ ਹੋਰ ਗਤੀਵਿਧੀਆਂ ਦੀ ਉਡੀਕ ਕਰ ਰਹੀ ਹੈ।

ਇਸ ਪਰੇਡ ਵਿਚ ਜਲ ਦੀ ਸੇਵਾ ਨੂੰ ਕਾਮਯਾਬ ਕਰਨ ਵਿਚ ਖਾਸ ਤੌਰ 'ਤੇ ਰਾਜਵੀਰ ਸਿੰਘ ਸਰਕਾਰੀਆਂ, ਸਤਵਿੰਦਰ ਸਿੰਘ ਸੰਘੂ, ਸਚਿਨ ਮੂਰਤੀ, ਸਨੀ ਸਰਕਾਰੀਆਂ, ਸਤਵਿੰਦਰ ਮਾਨਹੇੜਾ, ਜਗਦੀਪ ਸਿੰਘ ਗਿੱਲ ਤੇ ਸੰਦੀਪ ਸਿਘ ਦਾ ਅਹਿਮ ਯੋਗਦਾਨ ਰਿਹਾ।




ਪੀ.ਸੀ.ਏ. ਬਰੈਂਟਵੁੱਡ ਦੇ ਵਲੰਟੀਅਰ ਪਾਣੀ ਤੇ ਜੂਸ ਦੀ ਸੇਵਾ ਕਰਦੇ ਹੋਏ।

# ਐਲੋਨ ਮਸਕ ਵੱਲੋਂ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਮੁੱਖ ਕਾਨੂੰਨ 'ਤੇ ਤਿੱਖਾ ਹਮਲਾ ਕਰਦਿਆਂ ਅਰਬਪਤੀ ਐਲਨ ਮਸਕ ਨੇ ਇਕ ਨਵੀਂ ਰਾਜਨੀਤਿਕ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਸ਼੍ਰੀ ਮਸਕ ਨੇ ਦੱਸਿਆ ਕਿ 'ਪਾਗਲਪਣ ਭਰੇ ਬਿੱਲ' 'ਚ 5 ਲੱਖ ਕਰੋੜ ਡਾਲਰ ਦੀ ਕਰਜ਼ ਸੀਮਾ 'ਚ ਵਾਧੇ ਨਾਲ ਆਮ ਅਮਰੀਕੀਆਂ ਲਈ ਨੁਕਸਾਨ ਹੋਵੇਗਾ। ਐਲਨ ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਇਸ ਬਿੱਲ ਦੇ ਪਾਗਲਪਣ ਭਰੇ ਖਰਚੇ ਤੋਂ ਇਹ ਸਪੱਸ਼ਟ ਹੈ ਕਿ ਜੋ ਕਰਜ਼ ਸੀਮਾ ਨੂੰ ਰਿਕਾਰਡ 5 ਟ੍ਰਿਲੀਅਨ ਡਾਲਰ (5 ਲੱਖ ਕਰੋੜ ਡਾਲਰ) ਤੱਕ ਵਧਾਉਂਦਾ ਹੈ ਕਿ ਅਸੀਂ ਇਕ ਪਾਰਟੀ ਵਾਲੇ ਦੇਸ਼ 'ਚ ਰਹਿੰਦੇ ਹਾਂ- ਪੋਕੀ ਪਿਗ ਪਾਰਟੀ! ਇਕ ਨਵੀਂ ਰਾਜਨੀਤੀ ਪਾਰਟੀ ਬਣਾਉਣ ਦਾ ਸਮਾਂ ਆ ਗਿਆ ਹੈ, ਜੋ ਅਸਲ 'ਚ ਲੋਕਾਂ ਦੀ ਪਰਵਾਹ ਕਰਦੀ ਹੈ।"



ਅਮਰੀਕੀ ਰਾਸ਼ਟਰਪਤੀ ਦੇ ਪ੍ਰਮੁੱਖ ਖਰਚ ਬਿੱਲ- 'ਵਨ ਬਿਗ ਬਿਊਟੀਫੁਲ ਬਿੱਲ' ਦੀ ਆਲੋਚਨਾ ਅਜਿਹੇ ਸਮੇਂ ਹੋਈ ਹੈ, ਜਦੋਂ ਇਕ ਹਫ਼ਤੇ ਦੀ ਗੱਲਬਾਤ ਅਤੇ ਦੇਰੀ ਤੋਂ ਬਾਅਦ ਸੈਨੇਟ 'ਚ ਘਰੇਲੂ ਨੀਤੀ ਬਿੱਲ ਦਾ ਮੈਰਾਥਨ ਵੋਟਿੰਗ ਸੈਸ਼ਨ ਚੱਲ ਰਿਹਾ ਹੈ। ਸੈਨੇਟ ਦੇ ਨੇਤਾ ਜਾਨ ਥੂਨ ਨੇ ਦੱਸਿਆ ਕਿ ਉਮੀਦ ਹੈ ਜਲਦ ਪਤਾ ਲੱਗ ਜਾਵੇਗਾ ਕਿ ਕੀ ਰਿਪਬਲਿਕਨ ਕੋਲ ਬਿੱਲ ਨੂੰ ਪਾਸ ਕਰਨ ਲਈ ਲੋੜੀਂਦੇ ਵੋਟ ਹਨ ਜਾਂ ਨਹੀਂ। ਉਨ੍ਹਾਂ ਕਿਹਾ, "ਇਸ 'ਚ ਥੋੜ੍ਹਾ ਸਮਾਂ ਲੱਗ ਸਕਦਾ ਹੈ।"

ਸ਼੍ਰੀ ਮਸਕ ਨੇ ਰਿਪਬਲਿਕਨ ਵਿਰੋਧੀ ਬਿਆਨਬਾਜ਼ੀ ਨੂੰ ਵਧਾ ਦਿੱਤਾ ਹੈ, ਬਿੱਲ ਦੇ 'ਪਾਗਲਪਣ ਖਰਚ' ਦੀ ਆਲੋਚਨਾ ਕੀਤੀ ਅਤੇ ਦਾਅਵਾ ਕੀਤਾ ਕਿ ਇਹ ਰਿਪਬਲਿਕਨ ਪਾਰਟੀ ਨੂੰ ਡੈਮੋਕ੍ਰੇਟ ਤੋਂ ਵੱਖ ਨਹੀਂ ਦਿਖਾਉਂਦਾ ਹੈ। ਸ਼੍ਰੀ ਮਸਕ ਨੇ ਐਕਸ 'ਤੇ ਪੋਸਟ ਕੀਤਾ, "ਜੋ ਕੋਈ ਵੀ ਖਰਚ ਘੱਟ ਕਰਨ ਦੇ ਵਾਅਦੇ 'ਤੇ ਮੁਹਿੰਮ ਚਲਾਉਂਦਾ ਹੈ ਪਰ ਇਤਿਹਾਸ 'ਚ ਸਭ ਤੋਂ ਵੱਡੀ ਕਰਜ਼ ਹੱਦ ਵਾਧੇ 'ਤੇ ਵੋਟ ਕਰਨਾ ਜਾਰੀ ਰੱਖਦਾ ਹੈ, ਉਸ ਦਾ ਚਿਹਰਾ ਅਗਲੇ ਸਾਲ ਪਹਿਲੀ ਚੋਣ 'ਚ ਇਸ ਪੋਸਟਰ 'ਤੇ ਦਿਖਾਈ ਦੇਵੇਗਾ ਅਤੇ ਅੱਗੇ ਚਿਤਾਵਨੀ ਦਿੱਤੀ ਕਿ ਇਹ ਪਾਗਲਪਣ ਵਾਲਾ ਖਰਚ ਬਿੱਲ ਪਾਸ ਹੋ ਜਾਂਦਾ ਹੈ, ਤਾਂ ਅਗਲੇ ਦਿਨ ਅਮਰੀਕਾ ਪਾਰਟੀ ਦਾ ਗਠਨ ਕੀਤਾ ਜਾਵੇਗਾ। ਸਾਡੇ ਦੇਸ਼ ਨੂੰ ਡੈਮੋਕ੍ਰੇਟ-ਰਿਪਬਲਿਕਨ ਯੂਨੀਪਾਰਟੀ ਦੇ ਵਿਕਲਪ ਦੀ ਲੋੜ ਹੈ, ਤਾਂ ਕਿ ਲੋਕਾਂ ਕੋਲ ਅਸਲ 'ਚ ਇਕ ਆਵਾਜ਼ ਹੋਵੇ।"

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

| SACRAMENTO | FRESNO | FREMONT | NEWYORK |
|---|---|---|---|
| 5855 Auburn Blvd, Sacramento, CA 95841, +1-916-307-4620 | 1625 E Shaw Ave #122, Fresno, CA 93726 559-271-5511 | 3155 KEARNEY ST, SUITE #248, FREMONT, CA 94538. +1-510-657-6444 | 108-14 Jamaica Ave, Richmond Hill, NY 11418 Phone: 718-533-8444 |

# ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀ ਪੁਸਤਕ ਗੁਰਦੁਆਰਾ ਸਾਹਿਬ ਫਰੀਮਾਂਟ ਵਾਸਤੇ ਭੇਂਟ ਕੀਤੀ

**ਫਰੀਮਾਂਟ, (ਪ੍ਰਮਿੰਦਰ ਸਿੰਘ ਪ੍ਰਵਾਨਾ/ਪੰਜਾਬ ਮੇਲ)-** ਬੀਤੇ ਦਿਨੀਂ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਆਪਣੀ ਸੱਤਵੀਂ ਪੁਸਤਕ "ਚਾਨਣ ਇਤਿਹਾਸ ਦਾ" ਹਫਤਾਵਾਰੀ ਦਿਵਾਨ ਵਿਚ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਵਾਸਤੇ ਭੇਂਟ ਕੀਤੀ ਗਈ। ਭਾਈ ਜਸਵਿੰਦਰ ਸਿੰਘ ਜੰਡੀ ਨੇ 'ਪ੍ਰਵਾਨਾ' ਦੀ ਪੁਸਤਕ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਪ੍ਰਵਾਨਾ ਵੱਲੋਂ ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ 'ਤੇ ਰੌਸ਼ਨੀ ਪਾਉਂਦੀ ਪੁਸਤਕ ਬੜੀ ਮਿਹਨਤ ਨਾਲ ਤਿਆਰ ਕੀਤੀ ਹੈ, ਜੋ ਪੜ੍ਹਨ ਦੇ ਯੋਗ ਹੈ। ਮੈਂ ਪੁਸਤਕ ਦੀ ਭੇਂਟ ਪ੍ਰਾਪਤ ਕਰਕੇ ਖੁਸ਼ੀ ਮਹਿਸੂਸ ਕੀਤੀ ਹੈ। ਅਰਦਾਸ ਹੈ ਕਿ ਪ੍ਰਵਾਨਾ ਇਸੇ ਤਰ੍ਹਾਂ ਲਿਖਦੇ ਰਹਿਣ।



ਪ੍ਰਵਾਨਾ ਨੇ ਪੁਸਤਕ 'ਤੇ ਵਿਚਾਰ ਰੱਖਿਦਿਆਂ ਕਿਹਾ ਕਿ ਜੇਕਰ ਆਪਣੇ ਗੌਰਵਮਈ ਇਤਿਹਾਸ ਨੂੰ ਨਹੀਂ ਜਾਣੋਗੇ, ਤਾਂ ਆਪਣੇ ਆਪ ਨੂੰ ਕਿਵੇਂ ਪਛਾਣੋਗੇ। ਇਤਿਹਾਸਕਾਰ ਆਪਣੇ ਫਰਜ਼ ਨਿਭਾਉਂਦੇ ਹਨ, ਇਤਿਹਾਸ ਜਾਣੂੰ ਕਰਵਾਉਂਦੇ ਹਨ। ਇਤਿਹਾਸਕਾਰ ਦੇ ਫਰਜ਼ਾਂ ਵਿਚ ਸ਼ਾਮਲ ਹੈ ਕਿ ਬੀਤੀਆਂ ਘਟਨਾਵਾਂ, ਲੋਕ ਸਮਾਜ ਅਤੇ ਸੱਭਿਆਚਾਰ ਦਾ ਅਧਿਐਨ ਕਰਨਾ ਤੇ ਲਿਖਣਾ। ਇਤਿਹਾਸ ਦੇ ਲਿਖਤੀ ਅਤੀਤ ਦੀਆਂ ਘਟਨਾਵਾਂ ਦੀ ਜਾਂਚ ਹੁੰਦੀ ਹੈ। ਇਤਿਹਾਸਕਾਰ ਇਤਿਹਾਸ ਸਰੋਤਾਂ ਦੀ ਖੋਜ ਕਰਕੇ ਇਤਿਹਾਸਕ ਅੰਕੜਿਆਂ ਦੇ ਵਿਸ਼ਲੇਸ਼ਣ ਕਰਕੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਅਤੇ ਮੁਲਾਂਕਣ ਕਰਕੇ ਵਰਤਮਾਨ ਲਈ ਪ੍ਰੇਰਣਾ ਨਾਲ ਜੋੜ ਕੇ ਲਿਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਿਵੇਂ ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਦੁਰਦਸ਼ਾ ਸੀ। ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਨਾਲ ਸਮਾਜ ਨੂੰ



ਰੂਹਾਨੀਅਤ ਦੀ ਸੋਝੀ ਆਈ। ਜਿਊਣ ਦੀ ਜਾਚ ਆਈ। ਫਿਰ ਸਮਾਜ ਉਪਰ ਸਦੀਵੀ ਕੀ ਅਸਰ ਹੋਇਆ ਆਦਿ। ਮੈਂ ਇਸ ਪੁਸਤਕ ਵਿਚ ਇਤਿਹਾਸਕ ਘਟਨਾਵਾਂ 'ਤੇ ਚਾਨਣਾ ਪਾਇਆ ਹੈ। ਸੰਖੇਪ ਵਿਚ ਲਿਖਿਆ ਹੈ। ਵਿਸ਼ੇ ਨੂੰ ਹੋਰ ਸਪੱਸ਼ਟ ਕਰਨ ਲਈ ਅੰਤਿਕਾ ਵਿਚ ਆਪਣੇ ਵਿਚਾਰ ਦੱਸੇ ਹਨ ਅਤੇ ਗੁਰਬਾਣੀ ਦੇ ਹਵਾਲੇ ਦਰਜ ਕੀਤੇ ਹਨ, ਤਾਂ ਜੋ ਸੁਨੇਹਾ ਹੋਰ ਚਾਨਣ ਪ੍ਰਦਾਨ ਕਰੇ।

ਪ੍ਰਵਾਨਾ ਦੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਭਾਈ ਜਸਦੇਵ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਅਮਰੀਕਾ 'ਚ ਪਾਰਸਲ ਸਕੈਂਡਲ ਲਈ ਭਾਰਤੀ-ਗੁਜਰਾਤੀ ਕੌਸ਼ਲ ਚੌਧਰੀ ਨੂੰ ਸਜ਼ਾ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਬੀਤੇ ਦਿਨੀਂ ਅਮਰੀਕਾ ਵਿਚ 'ਪਾਰਸਲ ਸਕੈਂਡਲ' ਵਿਚ ਫਸੇ ਇਕ ਭਾਰਤੀ ਕੌਸ਼ਲ ਚੌਧਰੀ ਨੂੰ ਸਜ਼ਾ ਸੁਣਾਈ ਗਈ। ਅਮਰੀਕਾ ਦੇ ਮਿਸ਼ੀਗਨ ਵਿਚ ਇੱਕ ਪਾਰਸਲ ਘੁਟਾਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਗੁਜਰਾਤੀ ਕੌਸ਼ਲ ਚੌਧਰੀ ਨੂੰ ਅਦਾਲਤ ਨੇ ਪੰਜ ਸਾਲ ਅਤੇ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ। ਕੌਸ਼ਲ ਚੌਧਰੀ ਨੇ ਵੱਖ-ਵੱਖ ਪੀੜਤਾਂ ਤੋਂ ਕੁੱਲ 5,24,947 ਡਾਲਰ ਦਾ ਸਾਮਾਨ ਇਕੱਠਾ ਕੀਤਾ ਅਤੇ ਅਦਾਲਤ ਨੇ ਉਸਨੂੰ ਇਹ ਸਾਰੀ ਰਕਮ ਪੀੜਤਾਂ ਨੂੰ ਅਦਾ ਕਰਨ ਦਾ ਵੀ ਹੁਕਮ ਦਿੱਤਾ ਹੈ।

ਭਾਰਤ ਵਿਚ ਚੱਲ ਰਹੇ ਕਾਲ ਸੈਂਟਰਾਂ ਦੁਆਰਾ ਅਮਰੀਕਾ ਵਿਚ ਧੋਖਾਧੜੀ ਦੇ ਪੀੜਤਾਂ ਤੋਂ ਨਕਦੀ ਜਾਂ ਸੋਨੇ ਨਾਲ ਭਰੇ ਪਾਰਸਲ ਇਕੱਠੇ ਕਰਨ ਦੀ ਕੋਸ਼ਿਸ਼ ਕਰਦੇ ਫੜੇ ਗਏ ਗੁਜਰਾਤੀ ਨੌਜਵਾਨ ਕੌਸ਼ਲ ਚੌਧਰੀ ਨੂੰ ਮਿਸ਼ੀਗਨ ਰਾਜ ਦੀ ਇੱਕ ਅਦਾਲਤ ਨੇ ਵਾਇਰ ਧੋਖਾਧੜੀ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਸਜ਼ਾ ਸੁਣਾਈ। ਗੁਜਰਾਤੀ-ਭਾਰਤੀ ਨੌਜਵਾਨ ਕੌਸ਼ਲ ਚੌਧਰੀ ਦੇ ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਕੌਸ਼ਲ ਚੌਧਰੀ ਨੇ 2023 ਅਤੇ 2024 ਵਿਚਕਾਰ ਵੱਖ-ਵੱਖ ਥਾਵਾਂ ਤੋਂ ਪੀੜਤਾਂ ਤੋਂ ਸੋਨੇ, ਚਾਂਦੀ ਅਤੇ ਨਕਦੀ ਨਾਲ ਭਰੇ ਪਾਰਸਲ ਇਕੱਠੇ ਕੀਤੇ ਸਨ। ਉਸ ਨੂੰ ਪੁਲਿਸ ਨੇ ਉਦੋਂ ਫੜ ਲਿਆ, ਜਦੋਂ ਉਹ ਮਿਸ਼ੀਗਨ ਵਿਚ 70,000 ਹਜ਼ਾਰ ਡਾਲਰ ਦੀਆਂ ਸੋਨੇ ਦੀਆਂ ਛੜਾਂ ਇਕੱਠੀਆਂ ਕਰਨ ਆਇਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਲਗਭਗ 100 ਦੇਸ਼ਾਂ 'ਤੇ 1 ਅਗਸਤ ਨੂੰ ਲਾਗੂ ਹੋਵੇਗਾ ਨਵਾਂ ਟਰੰਪ ਟੈਰਿਫ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੈਸੀਪ੍ਰੋਕਲ ਟੈਰਿਫ 'ਤੇ ਦਿੱਤੀ ਗਈ ਛੋਟ 9 ਜੁਲਾਈ, 2025 ਨੂੰ ਖ਼ਤਮ ਹੋ ਰਹੀ ਹੈ। ਹੁਣ ਖ਼ਬਰ ਆ ਰਹੀ ਹੈ ਕਿ ਅਮਰੀਕਾ 1 ਅਗਸਤ, 2025 ਤੋਂ ਲਗਭਗ 100 ਦੇਸ਼ਾਂ ਦੇ ਆਯਾਤ 'ਤੇ ਨਵਾਂ ਟਰੰਪ ਟੈਰਿਫ ਲਗਾਏਗਾ, ਜੋ 10% ਦਾ ਹੋਵੇਗਾ। ਅਧਿਕਾਰੀ ਇਸਨੂੰ ਵਿਸ਼ਵ ਵਪਾਰ ਨੀਤੀ ਦੇ ਵਿਆਪਕ ਰੀਸੈਟ ਵਜੋਂ ਵੇਖਦੇ ਹਨ। ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਇਸ ਕਦਮ ਦੀ ਪੁਸ਼ਟੀ ਕੀਤੀ, ਇਹ ਸੰਕੇਤ ਦਿੰਦੇ ਹੋਏ ਕਿ ਬੇਸਲਾਈਨ ਟੈਰਿਫ ਵਿਆਪਕ ਤੌਰ 'ਤੇ ਉਨ੍ਹਾਂ ਦੇਸ਼ਾਂ 'ਤੇ ਵੀ ਲਾਗੂ ਹੋਵੇਗਾ, ਜੋ ਇਸ ਸਮੇਂ ਵਾਸ਼ਿੰਗਟਨ ਨਾਲ ਗੱਲਬਾਤ ਕਰ ਰਹੇ ਹਨ। ਖ਼ਾਸ ਗੱਲ ਇਹ ਹੈ ਕਿ ਭਾਰਤ ਵੀ ਇਸ ਟੈਰਿਫ ਨਾਲ ਪ੍ਰਭਾਵਿਤ ਹੋਵੇਗਾ।



ਬੇਸੈਂਟ ਨੇ ਦੱਸਿਆ, "ਅਸੀਂ ਦੇਖਾਂਗੇ ਕਿ ਰਾਸ਼ਟਰਪਤੀ ਟਰੰਪ ਗੱਲਬਾਤ ਕਰਨ ਵਾਲਿਆਂ ਨਾਲ ਕਿਹੋ ਜਿਹਾ ਵਿਵਹਾਰ ਕਰਦੇ ਹਨ, ਕੀ ਉਹ ਗੱਲਬਾਤ ਕਰਨ ਵਾਲੇ ਦੇਸ਼ਾਂ ਤੋਂ ਖੁਸ਼ ਹੁੰਦੇ ਹਨ। ਮੈਨੂੰ ਲੱਗਦਾ ਹੈ ਕਿ ਅਸੀਂ ਲਗਭਗ 100 ਦੇਸ਼ਾਂ ਨੂੰ ਦੇਖਾਂਗੇ, ਜਿਨ੍ਹਾਂ 'ਤੇ ਘੱਟੋ-ਘੱਟ 10% ਪਰਸਪਰ ਟੈਰਿਫ ਲੱਗੇਗਾ ਅਤੇ ਅਸੀਂ ਉੱਥੋਂ ਹੀ ਅੱਗੇ ਵਧਾਂਗੇ"। ਇਸ ਦੌਰਾਨ ਰਾਸ਼ਟਰਪਤੀ ਟਰੰਪ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ 'ਇਸਨੂੰ ਲਓ ਜਾਂ ਛੱਡੋ' ਢਾਂਚੇ ਤਹਿਤ 12 ਦੇਸ਼ਾਂ ਨੂੰ ਨਵੇਂ ਟੈਰਿਫ ਪੱਧਰਾਂ ਦਾ ਵੇਰਵਾ ਦੇਣ ਵਾਲੇ ਪੱਤਰਾਂ 'ਤੇ ਦਸਤਖ਼ਤ ਕੀਤੇ ਹਨ। ਰਸਮੀ ਪ੍ਰਸਤਾਵ ਸੋਮਵਾਰ ਨੂੰ ਭੇਜੇ ਜਾਣ ਦੀ ਉਮੀਦ ਹੈ। ਜਦੋਂ ਕਿ ਉਨ੍ਹਾਂ ਨੇ ਸ਼ਾਮਲ ਦੇਸ਼ਾਂ ਦਾ ਨਾਮ ਲੈਣ ਤੋਂ ਇਨਕਾਰ ਕਰ ਦਿੱਤਾ, ਸੂਚੀ ਵਿਚ ਭਾਰਤ, ਜਾਪਾਨ ਅਤੇ ਯੂਰਪੀਅਨ ਯੂਨੀਅਨ ਦੇ ਮੈਂਬਰ ਸ਼ਾਮਲ ਹਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਟੈਰਿਫ ਅਮਰੀਕੀ ਨਿਰਯਾਤ ਲਈ ਵਧੇਰੇ ਅਨੁਕੂਲ ਵਪਾਰਕ ਸ਼ਰਤਾਂ ਨੂੰ ਅੱਗੇ ਵਧਾਉਣ ਲਈ ਤਿਆਰ ਕੀਤੇ ਗਏ ਹਨ। ਪਰ ਨੀਤੀ ਦੀ ਵਿਆਪਕ ਪਹੁੰਚ - ਦੁਨੀਆਂ ਦੇ ਲਗਭਗ ਅੱਧੇ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦੀ ਹੈ।

ਟਰੰਪ ਦੁਆਰਾ ਲਾਗੂ ਇਸ ਟੈਰਿਫ ਨਾਲ ਭਾਰਤ ਵੀ ਪ੍ਰਭਾਵਿਤ ਹੋਵੇਗਾ। ਭਾਰਤੀ ਵਸਤੂਆਂ 'ਤੇ 26% ਟੈਰਿਫ ਦੀ ਅਸਥਾਈ ਤੌਰ 'ਤੇ ਅਮਰੀਕਾ ਵੱਲੋਂ ਮੁਅੱਤਲੀ 9 ਜੁਲਾਈ ਨੂੰ ਖਤਮ ਹੋ ਰਹੀ ਹੈ। ਜੇਕਰ ਉਦੋਂ ਤੱਕ ਕੋਈ ਅੰਤਰਿਮ ਵਪਾਰ ਸਮਝੌਤਾ ਨਹੀਂ ਹੁੰਦਾ ਹੈ, ਤਾਂ 1 ਅਗਸਤ ਤੋਂ ਭਾਰਤੀ ਨਿਰਯਾਤ ਉੱਚ ਦਰਾਂ ਨਾਲ ਪ੍ਰਭਾਵਿਤ ਹੋ ਸਕਦਾ ਹੈ। ਹਾਲ ਹੀ ਦੇ ਹਫ਼ਤਿਆਂ ਵਿਚ ਗੱਲਬਾਤ ਤੇਜ਼ ਹੋ ਗਈ ਹੈ। ਭਾਰਤੀ ਵਾਰਤਾਕਾਰ ਲੰਬੀ ਚਰਚਾ ਤੋਂ ਬਾਅਦ ਵਾਸ਼ਿੰਗਟਨ ਤੋਂ ਵਾਪਸ ਪਰਤ ਆਏ ਹਨ ਪਰ ਕੋਈ ਸਮਝੌਤਾ ਨਹੀਂ ਹੋਇਆ। ਮੁੱਖ ਮੁੱਦਾ-ਭਾਰਤ 'ਤੇ ਅਮਰੀਕਾ ਦਾ ਦਬਾਅ ਹੈ ਕਿ ਉਹ ਆਪਣੇ ਖੇਤੀਬਾੜੀ ਅਤੇ ਡੇਅਰੀ ਖੇਤਰਾਂ ਨੂੰ ਜੈਨੇਟਿਕ ਤੌਰ 'ਤੇ ਸੋਧੇ ਹੋਏ ਆਯਾਤ ਲਈ ਖੋਲ੍ਹੇ। ਭਾਰਤ ਆਪਣੇ ਹਿੱਸੇ ਲਈ ਆਪਣੇ ਕਿਰਤ-ਆਧਾਰਿਤ ਨਿਰਯਾਤ ਜਿਵੇਂ ਕਿ ਟੈਕਸਟਾਈਲ, ਚਮੜਾ ਅਤੇ ਰਤਨ ਪੱਥਰਾਂ ਲਈ ਵਧੇਰੇ ਪਹੁੰਚ ਦੀ ਮੰਗ ਕਰ ਰਿਹਾ ਹੈ। ਅਮਰੀਕਾ ਨੇ ਹੁਣ ਤੱਕ ਭਾਰਤ ਸਮੇਤ ਕਿਸੇ ਵੀ ਦੇਸ਼ ਨੂੰ ਸਟੀਲ ਟੈਰਿਫ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

# ਅਲਬਰਟਾ 'ਚ 18 ਅਗਸਤ ਨੂੰ ਜਿਮਨੀ ਚੋਣ ਕਰਵਾਉਣ ਦਾ ਐਲਾਨ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਰਨੀ ਵੱਲੋਂ 18 ਅਗਸਤ ਨੂੰ ਅਲਬਰਟਾ ਦੇ ਬੈਟਲ ਰਿਵਰ ਕਰੋਫਟ ਸੰਸਦੀ ਹਲਕੇ ਦੀ ਜਿਮਨੀ ਚੋਣ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਸਾਂਸਦ ਡੇਮੀਅਨ ਕੁਰੇਕ ਵੱਲੋਂ ਇਸ ਮੰਤਵ ਨਾਲ ਆਪਣੀ ਇਸ ਸੀਟ ਤੋਂ ਅਸਤੀਫਾ ਦਿੱਤਾ ਗਿਆ ਸੀ ਕਿ ਇਸ ਸੀਟ ਤੋਂ ਉਸਦੀ ਪਾਰਟੀ ਦੇ ਨੇਤਾ ਪਿਅਰੇ ਪੋਇਲੀਵਰੇ ਨੂੰ ਚੋਣ ਜਿਤਾ ਕੇ ਸੰਸਦ 'ਚ ਭੇਜਿਆ ਜਾ ਸਕੇ ਅਤੇ ਉਹ ਸੰਸਦ 'ਚ ਵਿਰੋਧੀ ਧਿਰ ਦੇ ਨੇਤਾ ਵਜੋਂ ਆਪਣੀ ਸਰਗਰਮ ਭੂਮਿਕਾ ਨਿਭਾ ਸਕਣ।

ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਲਈ ਇਹ ਹਲਕਾ ਕਾਫੀ ਮਜ਼ਬੂਤ ਇਸ ਲਈ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਹਲਕੇ ਤੋਂ ਪਿਛਲੇ ਕੁਝ ਸਾਲਾਂ ਤੋਂ ਕੰਜ਼ਰਵੇਟਿਵ ਪਾਰਟੀ ਦਾ ਕਬਜ਼ਾ ਲਗਾਤਾਰ ਬਰਕਰਾਰ ਬਣਿਆ ਹੋਇਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਰੂਸ-ਯੂਕਰੇਨ ਯੁੱਧ ਦੌਰਾਨ ਅਮਰੀਕਾ ਵੱਲੋਂ ਹਥਿਆਰਾਂ ਦੀ ਸਪਲਾਈ ਬੰਦ ਕਰਨ ਦਾ ਫੈਸਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਬੰਦ ਕਰ ਦਿੱਤੀ ਹੈ। ਸਕੱਤਰ ਪੀਟ ਹੇਗਸੇਥ ਨੇ ਇਹ ਫੈਸਲਾ ਲਿਆ ਹੈ। ਪੁਤਿਨ ਨੇ ਇਸ ਬਾਰੇ ਟਰੰਪ ਨਾਲ ਵੀ ਗੱਲ ਕੀਤੀ ਹੈ। ਇਸ ਤੋਂ ਬਾਅਦ ਅਮਰੀਕਾ ਯੂਕਰੇਨ ਦੀ ਮਦਦ ਕਰਨ ਤੋਂ ਪਿੱਛੇ ਹਟ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਪੁਤਿਨ ਹੁਣ ਕੀਵ ਜਿੱਤਣ ਤੋਂ ਬਾਅਦ ਹੀ ਪਿੱਛੇ ਹਟਣਗੇ। ਅਮਰੀਕਾ ਦੀ ਟਰੰਪ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਯੂਕਰੇਨ ਨੂੰ ਹਥਿਆਰ ਸਪਲਾਈ ਕਰ ਰਹੀ ਸੀ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਵੀ ਅਮਰੀਕਾ ਦੀ ਮਦਦ ਨਾਲ ਰੂਸ ਨਾਲ ਲੜ ਰਹੇ ਸਨ। ਜਿਸ ਕਾਰਨ ਅਜਿਹਾ ਲੱਗ ਰਿਹਾ ਸੀ ਕਿ ਅਮਰੀਕਾ ਯੂਕਰੇਨ ਦੀ ਮਦਦ ਨਾਲ ਸਿੱਧੇ ਤੌਰ 'ਤੇ ਰੂਸ ਨੂੰ ਕੰਟਰੋਲ ਕਰੇਗਾ, ਪਰ ਟਰੰਪ ਦੇ ਇਸ ਫੈਸਲੇ ਤੋਂ ਬਾਅਦ ਸਥਿਤੀ ਬਦਲ ਗਈ ਹੈ। ਹੁਣ ਯੂਕਰੇਨ ਨੂੰ ਇਕੱਲੇ ਰੂਸ ਦਾ ਸਾਹਮਣਾ ਕਰਨਾ ਪਵੇਗਾ। ਦੇਖਿਆ ਜਾਵੇ ਤਾਂ ਯੂਕਰੇਨ ਰੂਸ ਦੇ ਖਿਲਾਫ ਜ਼ਿਆਦਾ ਦੇਰ ਤੱਕ ਖੜ੍ਹਾ ਨਹੀਂ ਹੋ ਸਕੇਗਾ। ਇਸ ਦੇ ਨਾਲ ਹੀ ਪੁਤਿਨ ਦਾ ਮੰਨਣਾ ਹੈ ਕਿ ਇਸ ਯੁੱਧ ਦਾ ਅੰਤਿਮ ਫੈਸਲਾ ਕੀਵ ਜਿੱਤਣ ਤੋਂ ਬਾਅਦ ਹੀ ਲਿਆ ਜਾ ਸਕਦਾ ਹੈ। ਵ੍ਹਾਈਟ ਹਾਊਸ ਦੇ ਸਕੱਤਰ ਪੀਟ ਹੇਗਸੇਥ ਨੇ ਕਿਹਾ ਹੈ ਕਿ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਰੋਕਣ ਦਾ ਫੈਸਲਾ ਕੀਤਾ ਗਿਆ ਹੈ। ਯੂਕਰੇਨ ਨੂੰ ਲੰਬੇ ਸਮੇਂ ਤੋਂ ਹਥਿਆਰ ਸਪਲਾਈ ਕੀਤੇ ਜਾ ਰਹੇ ਸਨ। ਇਸ ਕਾਰਨ ਅਮਰੀਕੀ ਫੌਜੀ ਭੰਡਾਰ ਵਿੱਚ ਹਥਿਆਰ ਤੇਜ਼ੀ ਨਾਲ ਘੱਟ ਰਹੇ ਸਨ। ਟਰੰਪ ਸਰਕਾਰ ਨੇ ਮੀਟਿੰਗ ਤੋਂ ਬਾਅਦ ਇਸ ਪ੍ਰਕਿਰਿਆ ਨੂੰ ਰੋਕਣ ਦਾ ਫੈਸਲਾ ਕੀਤਾ ਹੈ। ਪੀਟ ਹੇਗਸੇਥ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਰਾਸ਼ਟਰੀ ਸੁਰੱਖਿਆ ਹੈ।

ਯੂਕਰੇਨ ਨੂੰ ਵੱਡੀ ਗਿਣਤੀ 'ਚ ਹਥਿਆਰ ਸਪਲਾਈ ਕੀਤੇ ਜਾ ਰਹੇ ਸਨ। ਇਸ ਦੌਰਾਨ ਅਮਰੀਕਾ ਨੇ ਯੂਕਰੇਨ ਨੂੰ ਕਈ ਵੱਡੇ ਹਥਿਆਰ ਦਿੱਤੇ ਸਨ। ਕਿਹਾ ਜਾਂਦਾ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ, ਅਮਰੀਕਾ ਨੇ ਯੂਕਰੇਨ ਨੂੰ ਪੈਟ੍ਰਿਅਟ ਅਤੇ ਸਟਿੰਗਰ ਏਅਰ ਡਿਫੈਂਸ ਮਿਜ਼ਾਈਲਾਂ, 155 ਐੱਮ.ਐੱਮ. ਤੋਪਖਾਨੇ ਦੇ ਗੋਲੇ, ਜੀ.ਐੱਮ.ਐੱਲ.ਆਰ.ਐੱਸ. ਅਤੇ ਹੈਲਫਾਇਰ ਵਰਗੀਆਂ ਮਿਜ਼ਾਈਲਾਂ ਦਿੱਤੀਆਂ ਹਨ। ਇਸ ਨਾਲ ਅਮਰੀਕਾ ਦੀ ਫੌਜੀ ਸ਼ਕਤੀ ਪ੍ਰਭਾਵਿਤ ਹੋਣੀ ਸ਼ੁਰੂ ਹੋ ਜਾਵੇਗੀ।

## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ 'ਚ 'ਵਨ ਬਿੱਗ ਬਿਊਟੀਫੁੱਲ ਬਿੱਲ' ਬਣਿਆ ਕਾਨੂੰਨ

- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਜ਼ਾਦੀ ਦਿਵਸ ਮੌਕੇ ਕੀਤੇ ਦਸਤਖ਼ਤ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਨਵਾਂ ਵੱਡਾ ਆਰਥਿਕ ਕਾਨੂੰਨ 'ਵਨ ਬਿੱਗ ਬਿਊਟੀਫੁੱਲ ਬਿੱਲ' ਪਾਸ ਕੀਤਾ ਹੈ। ਉਨ੍ਹਾਂ ਨੇ 4 ਜੁਲਾਈ ਨੂੰ ਆਜ਼ਾਦੀ ਦਿਵਸ ਦੇ ਮੌਕੇ 'ਤੇ ਵ੍ਹਾਈਟ ਹਾਊਸ ਵਿੱਚ ਇੱਕ ਪਿਕਨਿਕ ਸਮਾਰੋਹ ਦੌਰਾਨ ਇਸ ਬਿੱਲ 'ਤੇ ਦਸਤਖ਼ਤ ਕੀਤੇ। ਹੁਣ ਇਹ ਬਿੱਲ ਕਾਨੂੰਨ ਬਣ ਗਿਆ ਹੈ।

ਇਸ ਕਾਨੂੰਨ ਵਿਚ ਕਈ ਵੱਡੇ ਬਦਲਾਅ ਕੀਤੇ ਗਏ ਹਨ, ਜਿਸ ਵਿਚ ਆਮ ਲੋਕਾਂ ਅਤੇ ਕਾਰੋਬਾਰਾਂ ਲਈ ਟੈਕਸ ਵਿਚ ਕਟੌਤੀ, ਸਰਕਾਰੀ ਖਰਚਿਆਂ ਵਿਚ ਭਾਰੀ ਕਟੌਤੀ, ਫੌਜ ਅਤੇ ਸਰਹੱਦੀ ਸੁਰੱਖਿਆ ਲਈ ਹੋਰ ਬਜਟ, ਸਿਹਤ ਸੇਵਾਵਾਂ ਅਤੇ ਭੋਜਨ ਸਹਾਇਤਾ ਵਰਗੀਆਂ ਯੋਜਨਾਵਾਂ ਵਿਚ ਕਟੌਤੀ, ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਅਤੇ ਦੇਸ਼ ਨਿਕਾਲੇ ਲਈ ਹੋਰ ਖਰਚ ਸ਼ਾਮਲ ਹਨ।

ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਅਮਰੀਕੀ ਅਰਥਵਿਵਸਥਾ ਨੂੰ ਹੁਲਾਰਾ ਮਿਲੇਗਾ, ਮੱਧ ਵਰਗ ਨੂੰ ਲਾਭ ਹੋਵੇਗਾ ਅਤੇ ਛੋਟੇ ਕਾਰੋਬਾਰਾਂ ਨੂੰ ਹੁਲਾਰਾ ਮਿਲੇਗਾ।

ਇਹ ਬਿੱਲ ਸਭ ਤੋਂ ਪਹਿਲਾਂ ਪ੍ਰਤੀਨਿਧੀ ਸਭਾ (ਅਮਰੀਕੀ ਸੰਸਦ ਦੇ ਹੇਠਲੇ ਸਦਨ) ਵਿਚ ਪੇਸ਼ ਕੀਤਾ ਗਿਆ ਸੀ, ਜਿੱਥੇ ਇਸ ਨੂੰ 218-214 ਵੋਟਾਂ ਨਾਲ ਪਾਸ ਕੀਤਾ ਗਿਆ ਸੀ।

ਸਾਰੇ 212 ਡੈਮੋਕਰੇਟਸ ਨੇ ਇਸਦਾ ਵਿਰੋਧ ਕੀਤਾ।

220 ਰਿਪਬਲਿਕਨਾਂ ਵਿਚੋਂ, ਸਿਰਫ਼ 2 ਨੇ ਇਸਦੇ ਵਿਰੁੱਧ ਵੋਟ ਦਿੱਤੀ।

ਬਾਅਦ ਵਿਚ, ਰਾਸ਼ਟਰਪਤੀ ਟਰੰਪ ਨੇ 4 ਜੁਲਾਈ ਨੂੰ ਅਧਿਕਾਰਤ ਤੌਰ 'ਤੇ ਇਸ 'ਤੇ ਦਸਤਖਤ ਕੀਤੇ।

ਵ੍ਹਾਈਟ ਹਾਊਸ ਦੇ ਲਾਅਨ ਵਿਚ ਆਯੋਜਿਤ ਇੱਕ ਪਿਕਨਿਕ ਵਿਚ, ਟਰੰਪ ਨੇ ਕਿਹਾ: "ਇਹ ਕਾਨੂੰਨ ਅਮਰੀਕੀ ਪਰਿਵਾਰਾਂ ਅਤੇ ਕਾਰੋਬਾਰਾਂ ਲਈ ਇੱਕ ਨਵੀਂ ਸ਼ੁਰੂਆਤ ਹੈ। ਟੈਕਸ ਘਟਾਏ ਜਾਣਗੇ, ਖਰਚਿਆਂ ਨੂੰ ਕੰਟਰੋਲ ਕੀਤਾ ਜਾਵੇਗਾ ਅਤੇ ਅਮਰੀਕੀ ਅਰਥਵਿਵਸਥਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋਵੇਗੀ।"

ਉਨ੍ਹਾਂ ਦਾਅਵਾ ਕੀਤਾ ਕਿ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਟੈਕਸ ਕਟੌਤੀ ਹੈ। ਸਰਕਾਰੀ ਖਰਚਾ ਘਟਾ ਦਿੱਤਾ ਗਿਆ ਹੈ। ਅਮਰੀਕੀ ਇਤਿਹਾਸ ਵਿਚ ਸਰਹੱਦੀ ਸੁਰੱਖਿਆ ਵਿਚ ਸਭ ਤੋਂ ਵੱਡਾ ਨਿਵੇਸ਼ ਕੀਤਾ ਗਿਆ ਹੈ।

ਟਰੰਪ ਨੇ ਇਹ ਵੀ ਕਿਹਾ, "ਮੈਂ ਪਹਿਲਾਂ ਕਦੇ ਲੋਕਾਂ ਨੂੰ ਇੰਨਾ ਖੁਸ਼ ਨਹੀਂ ਦੇਖਿਆ। ਸੈਨਿਕਾਂ ਤੋਂ ਲੈ ਕੇ ਆਮ ਨਾਗਰਿਕਾਂ ਤੱਕ ਹਰ ਕੋਈ ਹੁਣ ਵਧੇਰੇ ਸੁਰੱਖਿਆ ਅਤੇ ਸਥਿਰਤਾ ਮਹਿਸੂਸ ਕਰ ਰਿਹਾ ਹੈ।"

ਟਰੰਪ ਨੇ ਇਸ ਬਿੱਲ ਨੂੰ ਪਾਸ ਕਰਨ ਵਿਚ ਮਦਦ ਕਰਨ ਲਈ ਦੋ ਸੀਨੀਅਰ ਨੇਤਾਵਾਂ ਹਾਊਸ ਸਪੀਕਰ ਮਾਈਕ ਜੌਨਸਨ ਅਤੇ ਸੈਨੇਟ ਬਹੁ-ਗਿਣਤੀ ਨੇਤਾ ਜੌਨ ਥਿਊਨ ਦਾ ਧੰਨਵਾਦ ਕੀਤਾ।

ਹਾਲਾਂਕਿ ਟਰੰਪ ਅਤੇ ਉਸਦੇ ਸਹਿਯੋਗੀ ਇਸ ਨੂੰ ਇੱਕ ਵੱਡੀ ਜਿੱਤ ਕਹਿ ਰਹੇ ਹਨ, ਬਹੁਤ ਸਾਰੇ ਮਾਹਰ ਅਤੇ ਵਿਰੋਧੀ ਨੇਤਾ ਇਸ ਕਾਨੂੰਨ 'ਤੇ ਸਵਾਲ ਉਠਾ ਰਹੇ ਹਨ। ਵਿਰੋਧੀ ਧਿਰ ਦੀ ਦਲੀਲ ਹੈ ਕਿ ਇਸ ਕਾਨੂੰਨ ਨਾਲ ਅਮੀਰਾਂ ਨੂੰ ਫਾਇਦਾ ਹੋਵੇਗਾ, ਪਰ ਗਰੀਬਾਂ ਦੀਆਂ ਸਿਹਤ ਸੇਵਾਵਾਂ ਅਤੇ ਭੋਜਨ ਸਹਾਇਤਾ 'ਤੇ ਅਸਰ ਪਵੇਗਾ। ਇਸ ਨਾਲ ਦੇਸ਼ ਦਾ ਕਰਜ਼ਾ 3 ਟ੍ਰਿਲੀਅਨ ਡਾਲਰ ਤੱਕ ਵਧ ਸਕਦਾ ਹੈ। ਇਸ ਵੇਲੇ ਅਮਰੀਕਾ ਦਾ ਕਰਜ਼ਾ ਲਗਭਗ 36.2 ਟ੍ਰਿਲੀਅਨ ਡਾਲਰ ਹੈ।

ਐਲੋਨ ਮਸਕ ਸਮੇਤ ਕਈ ਕਾਰੋਬਾਰੀ ਨੇਤਾਵਾਂ ਅਤੇ ਸਮਾਜਿਕ ਕਾਰਕੁਨਾਂ ਨੇ ਵੀ ਇਸ ਕਾਨੂੰਨ ਦੀ ਆਲੋਚਨਾ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਟਾਰਨੀ ਐਟ ਲਾਅ ਜਸਪ੍ਰੀਤ ਸਿੰਘ 'ਪ੍ਰੋਫੈਸਰ ਆਫ ਇਮੀਨੈਂਸ' ਨਿਯੁਕਤ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਅਮਰੀਕਾ ਦੇ ਪ੍ਰਸਿੱਧ ਇਮੀਗ੍ਰੇਸ਼ਨ ਅਟਾਰਨੀ ਸ. ਜਸਪ੍ਰੀਤ ਸਿੰਘ ਨੂੰ 'ਪ੍ਰੋਫੈਸਰ ਆਫ ਇਮੀਨੈਂਸ' ਦੇ ਰੂਪ ਵਿਚ ਨਿਯੁਕਤ ਕਰਕੇ ਅਕਾਦਮਿਕ ਖੇਤਰ ਵਿਚ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਨਿਯੁਕਤੀ ਨਾਲ ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੇ ਮਾਹਿਰਾਂ ਨਾਲ ਸਿੱਖਣ ਦਾ ਮੌਕਾ ਪ੍ਰਾਪਤ ਹੋਵੇਗਾ।

ਸ. ਜਸਪ੍ਰੀਤ ਸਿੰਘ, ਜੋ ਅਮਰੀਕਾ ਵਿਚ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਕਾਨੂੰਨ ਦੇ ਮਾਹਿਰ ਹਨ, ਨੂੰ ਯੂਨੀਵਰਸਿਟੀ ਦੇ ਕਾਨੂੰਨੀ ਸਿੱਖਿਆ ਅਤੇ ਅੰਤਰਰਾਸ਼ਟਰੀ ਕਾਨੂੰਨ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਚੁਣਿਆ ਗਿਆ ਹੈ। ਉਹ ਨਿਊਯਾਰਕ, ਕੈਲੀਫੋਰਨੀਆ, ਨਿਊਜਰਸੀ ਅਤੇ ਮੈਰੀਲੈਂਡ ਵਿਚ ਆਪਣੀ ਕਾਨੂੰਨੀ ਫਰਮ ਸਫਲਤਾਪੂਰਵਕ ਚਲਾ ਰਹੇ ਹਨ ਅਤੇ ਪਿਛਲੇ ਦੋ ਦਹਾਕਿਆਂ ਵਿਚ 10,000 ਤੋਂ ਵੱਧ ਇਮੀਗ੍ਰੇਸ਼ਨ, ਅਸਾਈਲਮ ਅਤੇ ਡਿਪੋਰਟੇਸ਼ਨ ਮਾਮਲਿਆਂ ਨੂੰ ਸੰਭਾਲ ਚੁੱਕੇ ਹਨ। ਉਨ੍ਹਾਂ ਦੀ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ, ਖਾਸ ਤੌਰ 'ਤੇ ਘੱਟ ਆਮਦਨੀ ਵਾਲੇ ਅਤੇ ਬਜ਼ੁਰਗ ਪ੍ਰਵਾਸੀਆਂ ਲਈ ਮੁਫਤ ਕਾਨੂੰਨੀ ਸਹਾਇਤਾ, ਨੇ ਉਨ੍ਹਾਂ ਨੂੰ ਅਮਰੀਕਾ ਦੇ ਸਿੱਖ ਭਾਈਚਾਰੇ ਵਿਚ ਵਿਸ਼ੇਸ਼ ਸਥਾਨ ਦਿਵਾਇਆ ਹੈ।

ਇਹ ਨਿਯੁਕਤੀ ਯੂਨੀਵਰਸਿਟੀ ਦੀ ਵਿਸ਼ੇਸ਼ ਕਾਨੂੰਨੀ ਮਾਹਿਰਾਂ ਦੀ ਕਮੇਟੀ ਦੀ ਸਿਫਾਰਸ਼ 'ਤੇ ਕੀਤੀ ਗਈ, ਜਿਸ ਵਿਚ ਡਾ. ਭੀਮ ਰਾਓ ਅੰਬੇਡਕਰ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਦਵਿੰਦਰ ਸਿੰਘ, ਜੇ. ਸੀ. ਬੋਸ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਅਜੈ ਰੰਗਾ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਚੇਅਰਮੈਨ ਪ੍ਰੋ. ਰਤਨ ਸਿੰਘ ਸ਼ਾਮਲ ਸਨ। ਕਮੇਟੀ ਦੀ ਬੈਠਕ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸ. ਜਸਪ੍ਰੀਤ ਸਿੰਘ ਦੀ ਵਿਲੱਖਣ ਯੋਗਤਾ ਅਤੇ ਸਮਾਜ ਸੇਵਾ ਨੂੰ ਮੁੱਖ ਅਧਾਰ ਮੰਨਿਆ ਗਿਆ। ਸ. ਜਸਪ੍ਰੀਤ ਸਿੰਘ ਨੇ ਯੂਨੀਵਰਸਿਟੀ ਨਾਲ ਸਮਝੌਤੇ ਅਧੀਨ "ਸਿੱਖ ਸਟੱਡੀਜ਼ ਚੇਅਰ" ਸਥਾਪਤ ਕਰਨ ਲਈ 3.5 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ। ਇਸ ਚੇਅਰ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਸਮਾਨਤਾ ਅਤੇ ਮਨੁੱਖਤਾ ਦੀ ਏਕਤਾ ਨੂੰ ਅਕਾਦਮਿਕ ਖੋਜ ਰਾਹੀਂ ਵਿਸ਼ਵ ਭਰ ਵਿਚ ਪ੍ਰਸਾਰਿਤ ਕਰਨਾ ਹੈ। ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਕਿਹਾ, "ਸ. ਜਸਪ੍ਰੀਤ ਸਿੰਘ ਦੀ ਨਿਯੁਕਤੀ ਸਾਡੇ ਅਦਾਰੇ ਦੀ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰੇਗੀ। ਇਸ ਨਾਲ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਕਾਨੂੰਨੀ ਚੁਣੌਤੀਆਂ ਨੂੰ ਸਮਝਣ ਦਾ ਮੌਕਾ ਮਿਲੇਗਾ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense


Atul Kapoor
C.E.O


Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਟੈਰਿਫ; ਜਾਪਾਨ-ਦੱਖਣੀ ਕੋਰੀਆ ਸਮੇਤ 14 ਦੇਸ਼ਾਂ 'ਤੇ ਲੱਗਾ ਭਾਰੀ ਟੈਕਸ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹੁਣ ਤੱਕ 14 ਦੇਸ਼ਾਂ 'ਤੇ ਇੱਕ ਨਵੀਂ ਟੈਕਸ ਲਹਿਰ ਸ਼ੁਰੂ ਕੀਤੀ ਹੈ, ਜਿਸ ਵਿਚ ਜਾਪਾਨ ਅਤੇ ਦੱਖਣੀ ਕੋਰੀਆ ਸ਼ਾਮਲ ਹਨ। ਇਨ੍ਹਾਂ ਵਿਚੋਂ ਮਿਆਂਮਾਰ ਅਤੇ ਲਾਓਸ ਨੂੰ ਸਭ ਤੋਂ ਵੱਧ 40% ਆਯਾਤ ਡਿਊਟੀ ਅਦਾ ਕਰਨੀ ਪਵੇਗੀ। ਨਵੇਂ ਟੈਰਿਫ 1 ਅਗਸਤ ਤੋਂ ਲਾਗੂ ਹੋਣਗੇ।

ਟਰੰਪ ਨੇ ਇਨ੍ਹਾਂ ਦੇਸ਼ਾਂ ਦੇ ਨੇਤਾਵਾਂ ਨੂੰ ਅਧਿਕਾਰਤ ਪੱਤਰ ਭੇਜੇ, ਜੋ ਉਨ੍ਹਾਂ ਨੇ ਆਪਣੇ ਸੋਸ਼ਲ ਪਲੇਟਫਾਰਮ ਟਰੁਥ ਸੋਸ਼ਲ 'ਤੇ ਜਨਤਕ ਕੀਤੇ। ਪੱਤਰਾਂ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਜੇਕਰ ਕੋਈ ਦੇਸ਼ ਬਦਲੇ ਵਿਚ ਟੈਕਸ ਵਧਾਉਂਦਾ ਹੈ, ਤਾਂ ਅਮਰੀਕਾ ਵੀ ਅਜਿਹਾ ਹੀ ਕਰੇਗਾ।

ਟਰੰਪ ਨੇ ਕਿਹਾ ਕਿ ਇਹ ਜ਼ਰੂਰੀ ਹੈ, ਤਾਂ ਜੋ ਸਾਲਾਂ ਤੋਂ ਚੱਲ ਰਹੇ ਵਪਾਰ ਘਾਟੇ ਅਤੇ ਟੈਰਿਫ ਅਤੇ ਗੈਰ-ਟੈਰਿਫ ਰੁਕਾਵਟਾਂ ਨੂੰ ਠੀਕ ਕੀਤਾ ਜਾ ਸਕੇ। ਉਨ੍ਹਾਂ ਅਨੁਸਾਰ, ਇਹ ਦਰਾਂ ਅਮਰੀਕੀ ਆਰਥਿਕ ਅਤੇ ਰਾਸ਼ਟਰੀ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਹਨ। ਇਸ ਨਵੇਂ ਟੈਰਿਫ ਅਨੁਸਾਰ ਮਿਆਂਮਾਰ 'ਤੇ 40%, ਲਾਓਸ 40%, ਥਾਈਲੈਂਡ 36%, ਕੰਬੋਡੀਆ 36%, ਬੰਗਲਾਦੇਸ਼ 35%, ਬੋਸਨੀਆ-ਹਰਜ਼ੇਗੋਵਿਨਾ 30%, ਦੱਖਣੀ ਅਫਰੀਕਾ 30%, ਕਜ਼ਾਖਸਤਾਨ 25%, ਮਲੇਸ਼ੀਆ 25%, ਟਿਊਨੀਸ਼ੀਆ 25%, ਜਾਪਾਨ 25%, ਦੱਖਣੀ ਕੋਰੀਆ 25% ਅਤੇ ਲਾਓਸ/ਮਿਆਂਮਾਰ 'ਤੇ 40% ਟੈਕਸ ਲੱਗੇਗਾ। ਜਾਪਾਨ ਅਤੇ ਦੱਖਣੀ ਕੋਰੀਆ ਨੂੰ ਸ਼ੁਰੂ ਵਿਚ 25% ਟੈਰਿਫ ਦਾ ਸਾਹਮਣਾ ਕਰਨਾ ਪੈਣਾ ਸੀ। ਮਲੇਸ਼ੀਆ, ਕਜ਼ਾਕਿਸਤਾਨ, ਦੱਖਣੀ ਅਫਰੀਕਾ, ਲਾਓਸ, ਮਿਆਂਮਾਰ ਨੂੰ ਪੱਤਰ ਭੇਜੇ ਗਏ ਸਨ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਅਨੁਸਾਰ, ਕੁੱਲ ਮਿਲਾ ਕੇ ਲਗਭਗ 12 ਦੇਸ਼ਾਂ ਨੂੰ ਪੱਤਰ ਭੇਜੇ ਜਾ ਰਹੇ ਹਨ ਅਤੇ ਹੋਰ ਲਈ ਗੱਲਬਾਤ ਜਾਰੀ ਹੈ। ਟਰੰਪ ਪ੍ਰਸ਼ਾਸਨ ਨੇ ਹੋਰ ਦੇਸ਼ਾਂ ਨਾਲ ਬਿਹਤਰ ਵਪਾਰਕ ਸੌਦਿਆਂ 'ਤੇ ਪਹੁੰਚਣ ਲਈ ਪਿਛਲੀ ਗੱਲਬਾਤ ਦੀ ਆਖਰੀ ਮਿਤੀ (9 ਜੁਲਾਈ) 1 ਅਗਸਤ ਤੱਕ ਵਧਾ ਦਿੱਤੀ ਹੈ।

ਕਾਰੋਬਾਰਾਂ, ਬਾਜ਼ਾਰਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਦਰਾਂ ਵਿਚ ਵਾਰ-ਵਾਰ ਬਦਲਾਅ ਯੋਜਨਾਬੰਦੀ ਨੂੰ ਮੁਸ਼ਕਲ ਬਣਾਉਂਦਾ ਹੈ। ਇਸ ਨਾਲ ਸੰਭਾਵੀ ਤੌਰ 'ਤੇ ਮਹਿੰਗਾਈ, ਨਿਵੇਸ਼ ਦਾ ਨੁਕਸਾਨ ਅਤੇ ਉਦਯੋਗਾਂ ਵਿਚ ਵਿਘਨ ਪੈ ਸਕਦਾ ਹੈ। ਟਰੰਪ ਦਾ ਕਹਿਣਾ ਹੈ ਕਿ ਇਸ ਨਾਲ ਟੈਕਸ ਮਾਲੀਆ ਵਧੇਗਾ ਅਤੇ ਫੈਕਟਰੀਆਂ ਵਿਚ ਅਮਰੀਕੀ ਰੁਜ਼ਗਾਰ ਵਧੇਗਾ, ਪਰ ਆਲੋਚਕਾਂ ਦਾ ਕਹਿਣਾ ਹੈ ਕਿ ਇਸਦਾ ਜੀ.ਡੀ.ਪੀ. 'ਤੇ ਨਕਾਰਾਤਮਕ ਪ੍ਰਭਾਵ ਪਵੇਗਾ।

## ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ 'ਚ 20 ਸਤੰਬਰ ਨੂੰ ਮਨਾਇਆ ਜਾਵੇਗਾ ਮਨੁੱਖੀ ਅਧਿਕਾਰ ਦਿਹਾੜਾ

ਫਰਿਜ਼ਨੋ, (ਮਾਛੀਕੇ/ਪੰਜਾਬ ਮੇਲ)- ਫਰਿਜ਼ਨੋ ਵਿਚਲੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਅਹਿਮ ਮੀਟਿੰਗ ਖਾਲੜਾ ਪਾਰਕ ਵਿਖੇ ਹੋਈ। ਇਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਸਾਲਾਨਾ ਮਨੁੱਖੀ ਅਧਿਕਾਰ ਦਿਹਾੜਾ 20 ਸਤੰਬਰ ਦਿਨ ਸ਼ਨੀਵਾਰ ਨੂੰ ਫਰਿਜ਼ਨੋ ਦੇ ਖਾਲੜਾ ਪਾਰਕ ਵਿਖੇ ਮਨਾਇਆ ਜਾਵੇਗਾ।

ਇਸ ਮੌਕੇ ਬੁੱਧੀਜੀਵੀ, ਚਿੰਤਕ ਅਤੇ ਪ੍ਰਸਿੱਧ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ਇਸ ਮੌਕੇ ਹੋਰ ਜਾਣਕਾਰੀ ਦਿੰਦਿਆਂ ਬਾਬਿਆਂ ਨੇ ਕਿਹਾ ਕਿ ਇਹ ਸਿਰਫ ਸਮਾਗਮ ਨਹੀਂ, ਸਾਡੀ ਪਛਾਣ ਅਤੇ ਹੱਕਾਂ ਦੀ ਸਾਂਝ ਹੈ। ਇਸ ਮੌਕੇ ਤੁਹਾਡੀ ਹਾਜ਼ਰੀ ਸਾਡੇ ਲਈ ਮਾਣ ਵਾਲੀ ਗੱਲ ਹੋਵੇਗੀ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਹਰਦੇਵ ਸਿੰਘ ਰਸੂਲਪੁਰ ਨਾਲ 559-446-7606 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਜ਼ਰਾਈਲੀ ਪ੍ਰਧਾਨ ਮੰਤਰੀ ਵੱਲੋਂ ਡੋਨਾਲਡ ਟਰੰਪ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ

ਵਾਸ਼ਿੰਗਟਨ, (ਪੰਜਾਬ ਮੇਲ)- ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ। ਉਨ੍ਹਾਂ ਨੇ ਵ੍ਹਾਈਟ ਹਾਊਸ ਵਿਖੇ ਉਨ੍ਹਾਂ ਨਾਲ ਰਾਤ ਦੇ ਖਾਣੇ ਦੌਰਾਨ ਟਰੰਪ ਨੂੰ ਇਹ ਨਾਮਜ਼ਦਗੀ ਪੱਤਰ ਸੌਂਪਿਆ।

ਨੇਤਨਯਾਹੂ ਨੇ ਟਰੰਪ ਨੂੰ ਇਹ ਵੀ ਕਿਹਾ: "ਮੈਂ ਇਹ ਪੱਤਰ ਨੋਬਲ ਕਮੇਟੀ ਨੂੰ ਭੇਜਿਆ ਹੈ, ਤੁਸੀਂ ਇਸਦੇ ਹੱਕਦਾਰ ਹੋ।" ਨੇਤਨਯਾਹੂ ਨੇ ਟਰੰਪ ਦੀ ਵਿਦੇਸ਼ ਨੀਤੀ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਮਰੀਕੀ ਨੇਤਾ ਦੀ ਪੂਰੀ ਦੁਨੀਆਂ ਵਿਚ ਪ੍ਰਸ਼ੰਸਾ ਕੀਤੀ ਜਾਂਦੀ ਹੈ।

ਟਰੰਪ ਨੇ ਇਸ ਦੇ ਜਵਾਬ ਵਿਚ ਕਿਹਾ, "ਤੁਹਾਡਾ ਬਹੁਤ ਧੰਨਵਾਦ, ਇਸਦਾ ਮੇਰੇ ਲਈ ਬਹੁਤ ਅਰਥ ਹੈ... ਮੈਂ ਧੰਨਵਾਦੀ ਹਾਂ।"

### ਟਰੰਪ ਦੀਆਂ ਕੂਟਨੀਤਕ ਪ੍ਰਾਪਤੀਆਂ

1. ਗਾਜ਼ਾ 'ਚ ਟਕਰਾਅ ਨੂੰ ਰੋਕਣ ਵਿਚ ਵਿਚੋਲਗੀ।

ਟਰੰਪ ਨੇ ਇਜ਼ਰਾਈਲ ਅਤੇ ਹਮਾਸ (ਕਤਰ ਵਿਚ) ਵਿਚਕਾਰ ਪ੍ਰਸਤਾਵਿਤ 60 ਦਿਨਾਂ ਦਾ ਜੰਗਬੰਦੀ ਸਮਝੌਤਾ ਤਿਆਰ ਕੀਤਾ ਹੈ।

2. ਈਰਾਨ ਨਾਲ ਪ੍ਰਮਾਣੂ ਗੱਲਬਾਤ ਲਈ ਪਹਿਲ

ਟਰੰਪ ਨੇ ਕਿਹਾ ਕਿ ਈਰਾਨ ਨੇ ਗੱਲਬਾਤ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ ਅਤੇ ਪਹਿਲਾਂ ਕੀਤੇ ਗਏ ਅਮਰੀਕੀ ਹਵਾਈ ਹਮਲਿਆਂ ਤੋਂ ਬਾਅਦ ਸ਼ਾਂਤੀ ਦਾ ਰਸਤਾ ਖੁੱਲ੍ਹ ਗਿਆ ਹੈ। ਉਨ੍ਹਾਂ ਕਿਹਾ ਕਿ ਗੱਲਬਾਤ "ਸ਼ਾਇਦ ਇੱਕ ਹਫ਼ਤੇ ਵਿਚ" ਸ਼ੁਰੂ ਹੋ ਸਕਦੀ ਹੈ।

3. ਰੂਸ-ਯੂਕਰੇਨ ਜੰਗ 'ਤੇ ਟਰੰਪ ਦੀ ਰਾਏ

ਟਰੰਪ ਨੇ ਕਿਹਾ ਕਿ ਇਹ "ਭਿਆਨਕ" ਹੈ ਅਤੇ ਉਹ ਚਾਹੁੰਦੇ ਹਨ ਕਿ ਯੁੱਧ ਜਲਦੀ ਖਤਮ ਹੋ ਜਾਵੇ ਕਿਉਂਕਿ "ਲੋਕਾਂ ਨੂੰ ਮਰਦੇ ਦੇਖਣਾ ਦੁਖਦਾਈ ਹੈ"।

ਇਹ ਨੇਤਨਯਾਹੂ ਦਾ ਵਾਸ਼ਿੰਗਟਨ ਦਾ ਤੀਜਾ ਅਧਿਕਾਰਤ ਦੌਰਾ ਹੈ, ਜਿਸ ਵਿਚ ਉਨ੍ਹਾਂ ਨੇ ਗਾਜ਼ਾ ਵਿਚ ਜੰਗਬੰਦੀ ਦੇ ਆਲੇ-ਦੁਆਲੇ ਟਰੰਪ ਨਾਲ ਗੱਲਬਾਤ ਕੀਤੀ। ਟਰੰਪ ਨੇ ਈਰਾਨ ਨਾਲ ਗੱਲਬਾਤ ਸ਼ੁਰੂ ਕਰਨ ਦੀ ਇੱਛਾ ਪ੍ਰਗਟਾਈ, ਹਾਲਾਂਕਿ ਈਰਾਨ ਨੇ ਕਿਹਾ ਹੈ ਕਿ ਤੁਰੰਤ ਗੱਲਬਾਤ ਨਹੀਂ ਹੋਵੇਗੀ।

# ਅਮਰੀਕਾ 'ਚ 2 ਚੀਨੀ ਨਾਗਰਿਕ ਜਾਸੂਸੀ ਦੇ ਦੋਸ਼ ਹੇਠ ਗ੍ਰਿਫ਼ਤਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਦੋ ਚੀਨੀ ਨਾਗਰਿਕਾਂ 'ਤੇ ਚੀਨ ਦੇ ਇਸ਼ਾਰੇ 'ਤੇ ਜਾਸੂਸੀ ਕਰਨ ਦੇ ਦੋਸ਼ ਲਾਏ ਗਏ ਹਨ। ਇਨ੍ਹਾਂ ਚੀਨੀ ਨਾਗਰਿਕਾਂ 'ਤੇ ਜਲ ਸੈਨਾ ਦੇ ਟਿਕਾਣੇ ਦੀਆਂ ਤਸਵੀਰਾਂ ਲੈਣ ਅਤੇ ਫੌਜ ਵਿਚ ਉਨ੍ਹਾਂ ਲੋਕਾਂ ਦੀ ਭਰਤੀ ਕਰਵਾਸੀਆਂ ਲਈ ਕੰਮ ਕਰਨ ਵਾਸਤੇ ਤਿਆਰ ਹੋ ਸਕਦੇ ਹਨ। ਇਹ ਮੁਕੱਦਮਾ ਸਾਨ ਫਰਾਂਸਿਸਕੋ ਦੀ ਸੰਘੀ ਅਦਾਲਤ ਵਿਚ ਦਾਇਰ ਕੀਤਾ ਗਿਆ ਹੈ। ਅਧਿਕਾਰੀਆਂ ਮੁਤਾਬਕ, ਚੀਨੀ ਸਰਕਾਰ ਅਮਰੀਕੀ ਫੌਜ ਸਮਰੱਥਾ ਬਾਰੇ ਗੁਪਤ ਤੌਰ 'ਤੇ ਜਾਣਕਾਰੀ ਇਕੱਤਰ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਚੀਨ ਵੱਲੋਂ ਕਰੀਬ ਦੋ ਸਾਲ ਪਹਿਲਾਂ ਇਕ ਨਿਗਰਾਨੀ ਗੁਬਾਰਾ ਛੱਡੇ ਜਾਣ ਤੋਂ ਬਾਅਦ ਚੀਨੀ ਜਾਸੂਸੀ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ਨੂੰ ਅਮਰੀਕੀ ਅਧਿਕਾਰੀਆਂ ਨੇ ਆਖ਼ਿਰਕਾਰ ਸਾਊਥ ਕੈਰੋਲੀਨਾ ਦੇ ਤੱਟ 'ਤੇ ਡੇਗ ਦਿੱਤਾ ਸੀ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਅਮਰੀਕਾ 'ਚ ਭਾਰਤੀ ਪਰਿਵਾਰ ਦੀ ਸੜਕ ਹਾਦਸੇ 'ਚ ਦੁਖਦਾਈ ਮੌਤ

**■ ਹੈਦਰਾਬਾਦ ਤੋਂ ਛੁੱਟੀਆਂ ਮਨਾਉਣ ਆਏ ਸੀ ਅਮਰੀਕਾ**



ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਭਾਰਤ ਤੋਂ ਅਮਰੀਕਾ 'ਚ ਛੁੱਟੀਆਂ ਮਨਾਉਣ ਆਏ ਹੈਦਰਾਬਾਦ ਦੇ ਇਕ ਪਰਿਵਾਰ ਦੀ ਸੜਕ ਹਾਦਸੇ 'ਚ ਮਾਰੇ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਪਰਿਵਾਰ ਦੇ ਚਾਰ ਜੀਅ, ਜੋ ਆਪਣੇ ਰਿਸ਼ਤੇਦਾਰਾਂ ਦੇ ਘਰ ਇੱਕ ਹਫ਼ਤੇ ਦੀ ਛੁੱਟੀਆਂ ਮਨਾਉਣ ਆਏ ਸਨ। ਰਸਤੇ ਵਿਚ ਇੱਕ ਦਰਦਨਾਕ ਸੜਕ ਹਾਦਸੇ ਦੇ ਸ਼ਿਕਾਰ ਹੋ ਗਏ। ਹੈਦਰਾਬਾਦ ਦੇ ਸੁਚਿਤਰਾ ਦੀ ਰਹਿਣ ਵਾਲੀ ਤੇਜਸਵਿਨੀ ਅਤੇ ਸ੍ਰੀ ਵੈਂਕਟ, ਆਪਣੇ ਦੋ ਬੱਚਿਆਂ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਤੋਂ ਬਾਅਦ ਅਟਲਾਂਟਾ ਤੋਂ ਡੈਲਸ ਵਾਪਸ ਆ ਰਹੇ ਸਨ, ਜਦੋਂ ਸੋਮਵਾਰ ਅੱਧੀ ਰਾਤ ਨੂੰ ਉਨ੍ਹਾਂ ਦੀ ਕਾਰ ਗ੍ਰੀਨ ਕਾਉਂਟੀ ਵਿਚ ਪਹੁੰਚੀ, ਤਾਂ ਉਨ੍ਹਾਂ ਦੀ ਕਾਰ ਨੂੰ ਗਲਤ ਦਿਸ਼ਾ ਤੋਂ ਆ ਰਹੇ ਇੱਕ ਮਿੰਨੀ ਟਰੱਕ ਨੇ ਟੱਕਰ ਮਾਰ ਦਿੱਤੀ। ਟੱਕਰ ਕਾਰਨ ਕਾਰ ਅੱਗ ਦੀ ਲਪੇਟ ਵਿਚ ਆ ਗਈ ਅਤੇ ਉਹ ਸਾਰੇ ਜ਼ਿੰਦਾ ਹੀ ਸੜ ਗਏ।

ਦੱਸਿਆ ਜਾ ਰਿਹਾ ਹੈ ਕਿ ਪਰਿਵਾਰ ਛੁੱਟੀਆਂ 'ਤੇ ਸੀ ਅਤੇ ਹੋਰ ਵੇਰਵਿਆਂ ਦੀ ਉਡੀਕ ਹੈ - ਕੀ ਉਹ ਵਿਜ਼ਿਟਿੰਗ ਵੀਜ਼ੇ 'ਤੇ ਸਨ ਜਾਂ ਹਾਲ ਹੀ ਵਿਚ ਭਾਰਤ ਵਾਪਸ ਆਏ ਸਨ ਅਤੇ ਅਮਰੀਕਾ ਫੇਰੀ ਲਈ ਵਾਪਸ ਆਏ ਸਨ। ਮਾਰੇ ਗਏ ਲੋਕਾਂ 'ਚ ਸ਼੍ਰੀ ਵੈਂਕਟ, ਉਨ੍ਹਾਂ ਦੀ ਪਤਨੀ ਤੇਜਸਵਿਨੀ ਅਤੇ ਉਨ੍ਹਾਂ ਦੇ ਦੋ ਬੱਚੇ ਸ਼ਾਮਲ ਹਨ। ਸ਼੍ਰੀ ਵੈਂਕਟ ਦਾ ਜੱਦੀ ਸ਼ਹਿਰ ਹੈਦਰਾਬਾਦ ਵਿਚ ਕੋਮਪੱਲੀ ਹੈ। ਜਦੋਂ ਇਹ ਹਾਦਸਾ ਵਾਪਰਿਆ ਤਾਂ ਉਹ ਆਪਣੇ ਰਿਸ਼ਤੇਦਾਰਾਂ ਦੇ ਘਰ ਤੋਂ ਵਾਪਸ ਆ ਰਹੇ ਸਨ। ਪਤਾ ਲੱਗਾ ਹੈ ਕਿ ਅਮਰੀਕੀ ਪੁਲਿਸ ਨੇ ਹੈਦਰਾਬਾਦ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰ ਦਿੱਤਾ ਹੈ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਮਿੰਨੀ ਟਰੱਕ ਗਲਤ ਰਸਤੇ 'ਤੇ ਆਇਆ ਸੀ। ਕਿਉਂਕਿ ਕਾਰ ਪੂਰੀ ਤਰ੍ਹਾਂ ਸੜ ਗਈ ਸੀ, ਇਸ ਲਈ ਮ੍ਰਿਤਕਾਂ ਦੀਆਂ ਹੱਡੀਆਂ ਨੂੰ ਫੋਰੈਂਸਿਕ ਟੈਸਟ ਲਈ ਭੇਜਿਆ ਜਾਵੇਗਾ। ਡੀ.ਐੱਨ.ਏ. ਨਮੂਨੇ ਇਕੱਠੇ ਕੀਤੇ ਜਾਣਗੇ ਅਤੇ ਲਾਸ਼ਾਂ ਪਰਿਵਾਰਕ ਮੈਂਬਰਾਂ ਨੂੰ ਸੌਂਪ

## ਅਲਬਰਟਾ ਦੀ ਆਜ਼ਾਦੀ ਹਾਸਲ ਕਰਨ 'ਚ ਅਮਰੀਕੀ ਪ੍ਰਸ਼ਾਸਨ ਕਰੇਗਾ ਸਮਰਥਨ: ਜੈਫਰੀ ਰੈਥ

ਅਲਬਰਟਾ, (ਪੰਜਾਬ ਮੇਲ)- ਕੈਨੇਡਾ ਦੇ ਅਲਬਰਟਾ ਦੇ ਐਰਡਰੀ ਸਥਿਤ ਇਕ ਟਾਊਨ ਹਾਲ ਉਸ ਸਮੇਂ ਤਾੜੀਆਂ ਦੀ ਆਵਾਜ਼ ਨਾਲ ਗੂੰਜ ਉੱਠਿਆ, ਜਦੋਂ ਅਲਬਰਟਾ ਦੀ ਆਜ਼ਾਦੀ ਦੀ ਮੰਗ ਕਰਨ ਵਾਲੇ ਸੰਵਿਧਾਨਕ ਵਕੀਲ ਤੇ ਐਡਵੋਕੇਟ ਜੈਫਰੀ ਰੈਥ ਨੇ ਐਲਾਨ ਕੀਤਾ ਕਿ ਅਲਬਰਟਾ ਦੇ ਆਜ਼ਾਦੀ ਹਾਸਲ ਕਰਨ 'ਚ ਅਮਰੀਕੀ ਪ੍ਰਸ਼ਾਸਨ ਉਨ੍ਹਾਂ ਦਾ ਸਮਰਥਨ ਕਰੇਗਾ।

ਉਨ੍ਹਾਂ ਅੱਗੇ ਕਿਹਾ ਕਿ ਅਮਰੀਕੀ ਸਰਕਾਰ ਉਨ੍ਹਾਂ ਦੀ ਇਸ ਆਜ਼ਾਦੀ ਮੁਹਿੰਮ 'ਚ ਉਨ੍ਹਾਂ ਦਾ ਸਾਥ ਦੇਵੇਗੀ ਤੇ ਅਲਬਰਟਾ ਦੇ ਤੇਲ ਭੰਡਾਰ ਨੂੰ ਓਟਾਵਾ ਦੀ ਸਰਕਾਰ ਵਾਲੇ ਚੀਨੀ ਕਮਿਊਨਿਸਟਾਂ ਤੋਂ ਵੀ ਆਜ਼ਾਦ ਕਰਾਏਗੀ।

ਜ਼ਿਕਰਯੋਗ ਹੈ ਕਿ ਅਲਬਰਟਾ ਕੈਨੇਡਾ ਦਾ ਹੀ ਇਕ ਸੂਬਾ ਹੈ, ਪਰ 20ਵੀਂ ਸਦੀ ਤੋਂ ਹੀ ਕੁਝ ਵੱਖਵਾਦੀ ਆਗੂ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਦੇਸ਼ ਬਣਾਉਣ ਦੀ ਮੰਗ ਕਰ ਰਹੇ ਹਨ। ਉਹ ਜਾਂ ਤਾਂ ਇਸ ਨੂੰ ਵੱਖਰਾ ਦੇਸ਼ ਬਣਾਉਣਾ ਚਾਹੁੰਦੇ ਹਨ, ਜਾਂ ਫ਼ਿਰ ਇਸ ਨੂੰ ਅਮਰੀਕਾ ਦਾ ਸੂਬਾ ਐਲਾਨੇ ਜਾਣ ਦੀ ਮੰਗ ਕਰ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਪੁਲਵਾਮਾ ਹਮਲੇ ਲਈ ਐਮਾਜ਼ੋਨ ਤੋਂ ਖਰੀਦੀ ਗਈ ਸੀ ਧਮਾਕਾਖੇਜ਼ ਸਮੱਗਰੀ !

**■ ਐੱਫ.ਏ.ਟੀ.ਐੱਫ. ਦੀ ਰਿਪੋਰਟ 'ਚ ਖੁਲਾਸਾ**

ਨਵੀਂ ਦਿੱਲੀ, (ਪੰਜਾਬ ਮੇਲ)- ਵਿਸ਼ਵ ਪੱਧਰੀ ਅੱਤਵਾਦ ਵਿੱਤ ਪੋਸ਼ਣ ਨਿਗਰਾਨੀ ਸੰਸਥਾ ਐੱਫ.ਏ.ਟੀ.ਐੱਫ. ਨੇ ਫਰਵਰੀ 2019 'ਚ ਪੁਲਵਾਮਾ ਅੱਤਵਾਦੀ ਹਮਲੇ ਅਤੇ ਗੋਰਖਨਾਥ ਮੰਦਰ 'ਚ ਹੋਈ 2022 ਦੀ ਘਟਨਾ ਦਾ ਹਵਾਲਾ ਦਿੰਦਿਆਂ ਮੰਗਲਵਾਰ ਨੂੰ ਕਿਹਾ ਕਿ ਈ-ਕਾਮਰਸ ਮੰਚ ਅਤੇ ਆਨਲਾਈਨ ਭੁਗਤਾਨ ਸੇਵਾਵਾਂ ਦੀ ਦੁਰਵਰਤੋਂ ਅੱਤਵਾਦ ਦੇ ਵਿੱਤ ਪੋਸ਼ਣ ਲਈ ਕੀਤੀ ਜਾ ਰਹੀ ਹੈ। ਪੁਲਵਾਮਾ ਅੱਤਵਾਦੀ ਹਮਲੇ 'ਚ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ 40 ਜਵਾਨ ਸ਼ਹੀਦ ਹੋ ਗਏ ਸਨ।

ਐੱਫ.ਏ.ਟੀ.ਐੱਫ. ਨੇ ਭਾਰਤ 'ਚ ਅੱਤਵਾਦੀ ਹਮਲੇ ਲਈ ਸਮੱਗਰੀ ਦੀ ਖਰੀਦ ਦੇ ਮਕਸਦ ਲਈ ਈ-ਕਾਮਰਸ ਮੰਚਾਂ ਦੀ ਵਰਤੋਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਹਮਲੇ 'ਚ ਵਰਤੇ ਗਏ 'ਇੰਪਰੂਵਾਈਜ਼ਡ ਐਕਸਪਲੋਸਿਵ ਡਿਵਾਈਸ' (ਆਈ.ਈ.ਡੀ.) ਦੇ ਇਕ ਪ੍ਰਮੁੱਖ ਭਾਈਵਾਲ ਐਲੂਮੀਨੀਅਮ ਪਾਊਡਰ ਨੂੰ ਈ-ਕਾਮਰਸ ਪਲੇਟਫਾਰਮ ਐਮਾਜ਼ੋਨ ਰਾਹੀਂ ਖਰੀਦਿਆ ਗਿਆ ਸੀ। ਇਸ ਸਮੱਗਰੀ ਦੀ ਵਰਤੋਂ ਧਮਾਕੇ ਦੇ ਪ੍ਰਭਾਵ ਨੂੰ ਵਧਾਉਣ ਲਈ ਕੀਤੀ ਗਈ ਸੀ।

ਐੱਫ.ਏ.ਟੀ.ਐੱਫ. ਨੇ "ਅੱਤਵਾਦੀ ਵਿੱਤ ਪੋਸ਼ਣ ਜੋਖਮਾਂ 'ਤੇ ਆਪਣੇ ਵਿਆਪਕ ਅਪਡੇਟ' 'ਚ, 'ਅੱਤਵਾਦ ਨੂੰ ਸਰਕਾਰ ਵੱਲੋਂ ਪ੍ਰਾਯੋਜਿਤ' ਕੀਤੇ ਜਾਣ ਨੂੰ ਵੀ ਪਛਾਣਦੇ ਹੋਏ ਕਿਹਾ ਕਿ ਇਸ ਰਿਪੋਰਟ 'ਚ ਜਨਤਕ ਤੌਰ 'ਤੇ ਮੁਹੱਈਆ ਸੂਚਨਾ ਦੇ ਵੱਖ-ਵੱਖ ਸਰੋਤਾਂ ਅਤੇ ਇਸ ਰਿਪੋਰਟ 'ਚ ਵਫਦਾਂ ਦੇ ਵਿਚਾਰ ਤੋਂ ਇਹ ਸੰਕੇਤ ਮਿਲਦਾ ਹੈ ਕਿ 'ਕੁਝ ਅੱਤਵਾਦੀ ਸੰਗਠਨਾਂ ਨੂੰ ਕਈ ਦੇਸ਼ਾਂ ਦੀਆਂ ਸਰਕਾਰਾਂ ਤੋਂ ਵਿੱਤੀ ਅਤੇ ਹੋਰ ਕਿਸਮ ਦਾ ਸਮਰਥਨ ਪ੍ਰਾਪਤ ਹੁੰਦਾ ਰਿਹਾ ਹੈ, ਜੋ ਅਜੇ ਵੀ ਮਿਲ ਰਿਹਾ ਹੈ।"

ਐੱਫ.ਏ.ਟੀ.ਐੱਫ. ਨੇ ਅਪ੍ਰੈਲ 2025 'ਚ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰਦੇ ਹੋਏ ਜੂਨ 'ਚ ਕਿਹਾ ਸੀ ਕਿ ਵਿੱਤੀ ਸਹਾਇਤਾ ਤੋਂ ਬਿਨਾਂ ਅਜਿਹੇ ਹਮਲੇ ਸੰਭਵ ਨਹੀਂ ਸਨ। ਉਸ ਨੇ ਕਿਹਾ ਕਿ ਇਹ 200 ਅਧਿਕਾਰ ਖੇਤਰਾਂ ਦੇ ਆਪਣੇ ਗਲੋਬਲ ਨੈੱਟਵਰਕ ਦੁਆਰਾ ਮੁਹੱਈਆ ਕੀਤੇ ਗਏ ਮਾਮਲਿਆਂ ਨੂੰ ਇਕੱਠਾ ਕਰਦੇ ਹੋਏ 'ਅੱਤਵਾਦੀ ਵਿੱਤ ਪੋਸ਼ਣ ਦਾ ਵਿਆਪਕ ਵਿਸ਼ਲੇਸ਼ਣ' ਕਰੇਗਾ। ਗੋਰਖਨਾਥ ਮੰਦਰ 'ਚ ਹਮਲਾ ਕਰਨ ਵਾਲੇ ਨੇ 'ਪੇਪਾਲ' ਰਾਹੀਂ ਆਨਲਾਈਨ ਭੁਗਤਾਨ ਸੇਵਾ ਅਤੇ ਵੀ.ਪੀ.ਐੱਨ. ਦੀ ਵਰਤੋਂ ਕੀਤੇ ਜਾਣ ਦੀ ਜਾਣਕਾਰੀ ਦਿੱਤੀ, ਜਿਸ ਵਿਚ ਅੱਤਵਾਦੀ ਕਾਰਿਆਂ ਨੂੰ ਸਿਰਫ਼ ਇਕ ਵਿਅਕਤੀ ਅੰਜਾਮ ਦਿੰਦਾ ਹੈ।




EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਪੰਜਾਬ ਕੈਬਨਿਟ 'ਚੋਂ ਕੁਲਦੀਪ ਧਾਲੀਵਾਲ ਦੀ ਛੁੱਟੀ

**ਚੰਡੀਗੜ੍ਹ, (ਪੰਜਾਬ ਮੇਲ)-** ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਨੂੰ ਪੰਜਾਬ ਵਜ਼ਾਰਤ ਵਿਚ ਨਵੇਂ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ ਹੈ, ਜਦਕਿ ਕੁਲਦੀਪ ਸਿੰਘ ਧਾਲੀਵਾਲ ਦੀ ਪੰਜਾਬ ਕੈਬਨਿਟ 'ਚੋਂ ਛੁੱਟੀ ਕਰ ਦਿੱਤੀ ਗਈ ਹੈ। ਅਰੋੜਾ ਨੇ ਪੰਜਾਬ ਰਾਜ ਭਵਨ ਵਿਚ ਸੰਖੇਪ ਸਮਾਗਮ ਦੌਰਾਨ ਨਵੇਂ ਕੈਬਨਿਟ ਮੰਤਰੀ ਵਜੋਂ ਹਲਫ਼ ਲਿਆ ਹੈ। ਉਨ੍ਹਾਂ ਨੂੰ ਇੰਡਸਟਰੀ ਤੇ ਐੱਨ.ਆਰ.ਆਈ. ਮਾਮਲੇ ਵਿਭਾਗ ਦਿੱਤੇ ਗਏ ਹਨ।

- ਸੰਜੀਵ ਅਰੋੜਾ ਬਣੇ ਮੰਤਰੀ; ਇੰਡਸਟਰੀ ਤੇ ਐੱਨ.ਆਰ.ਆਈ. ਵਿਭਾਗ ਮਿਲੇ
- ਧਾਲੀਵਾਲ ਦੇ ਅਸਤੀਫ਼ੇ ਨਾਲ ਪੰਜਾਬ ਵਜ਼ਾਰਤ 'ਚ ਅਜੇ ਵੀ ਦੋ ਅਹੁਦੇ ਖਾਲੀ




ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਜ਼ਾਰਤ ਵਿਚ ਫੇਰਬਦਲ ਤੋਂ ਪਹਿਲਾਂ ਵੀਰਵਾਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਆਪਣੀ ਰਿਹਾਇਸ਼ 'ਤੇ ਸੱਦ ਕੇ ਅਸਤੀਫਾ ਦੇਣ ਲਈ ਕਿਹਾ ਸੀ। ਧਾਲੀਵਾਲ ਨੇ ਮੌਕੇ 'ਤੇ ਹੀ ਆਪਣੇ ਅਹੁਦੇ ਤੋਂ ਲਿਖਤੀ ਅਸਤੀਫਾ ਮੁੱਖ ਮੰਤਰੀ ਨੂੰ ਸੌਂਪ ਦਿੱਤਾ। ਇਸ ਤੋਂ ਪਹਿਲਾਂ ਧਾਲੀਵਾਲ ਤੋਂ ਖੇਤੀ ਅਤੇ ਪੰਚਾਇਤ ਵਿਭਾਗ ਵੀ ਵਾਪਸ ਲੈ ਲਿਆ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਧਾਲੀਵਾਲ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਜਲਦ ਨਵੀਂ ਜ਼ਿੰਮੇਵਾਰੀ ਸੌਂਪੀ ਜਾਵੇਗੀ।

ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਾਜ ਭਵਨ ਵਿਚ ਰੱਖੇ ਸੰਖੇਪ ਸਮਾਗਮ ਦੌਰਾਨ ਅਰੋੜਾ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਅਰੋੜਾ ਨੂੰ ਪੰਜਾਬ ਕੈਬਨਿਟ ਵਿਚ ਇੰਡਸਟਰੀ ਤੇ ਐੱਨ.ਆਰ.ਆਈ. ਮਾਮਲੇ ਵਿਭਾਗ ਦਿੱਤਾ ਗਿਆ ਹੈ। ਐੱਨ.ਆਰ.ਆਈ. ਵਿਭਾਗ ਪਹਿਲਾਂ ਕੁਲਦੀਪ ਧਾਲੀਵਾਲ ਕੋਲ ਸੀ। ਇਸੇ ਤਰ੍ਹਾਂ ਉਦਯੋਗ ਵਿਭਾਗ ਪਹਿਲਾਂ ਤਰੁਣਪ੍ਰੀਤ ਸਿੰਘ ਸੌਂਦ ਕੋਲ ਸੀ, ਜਿਨ੍ਹਾਂ ਕੋਲ ਪੇਂਡੂ ਵਿਕਾਸ, ਕਿਰਤ ਅਤੇ ਸੈਰ-ਸਪਾਟਾ ਵਿਭਾਗਾਂ ਦਾ ਚਾਰਜ ਜਾਰੀ ਰਹੇਗਾ। ਧਾਲੀਵਾਲ ਦੇ ਅਸਤੀਫੇ ਨਾਲ ਭਗਵੰਤ ਮਾਨ ਕੈਬਨਿਟ ਵਿਚ ਮੰਤਰੀਆਂ ਦੀ ਕੁੱਲ ਗਿਣਤੀ 16 ਰਹਿ ਗਈ ਹੈ। ਕੈਬਨਿਟ ਵਿਚ ਅਜੇ ਵੀ ਦੋ ਅਹੁਦੇ ਖਾਲੀ ਹਨ।

ਹਲਫ਼ਦਾਰੀ ਸਮਾਗਮ ਛੇ ਮਿੰਟ ਦੇ ਕਰੀਬ ਚੱਲਿਆ। ਪਿਛਲੇ ਹਫ਼ਤੇ ਵਿਧਾਇਕ ਚੁਣੇ ਜਾਣ ਤੋਂ ਬਾਅਦ ਹੀ ਉਨ੍ਹਾਂ ਦਾ ਮੰਤਰੀ ਮੰਡਲ ਵਿਚ ਸ਼ਾਮਲ ਹੋਣਾ ਲਗਪਗ ਤੈਅ ਸੀ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜ਼ਿਮਨੀ ਚੋਣਾਂ ਵਿਚ ਪ੍ਰਚਾਰ ਦੌਰਾਨ ਅਰੋੜਾ ਨੂੰ ਮੰਤਰੀ ਬਣਾਉਣ ਦਾ ਐਲਾਨ ਕੀਤਾ ਸੀ ਜਦੋਂ ਕਿ ਪਿਛਲੇ ਹਫ਼ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਹ ਅਰੋੜਾ ਨੂੰ ਆਪਣੀ ਕੈਬਨਿਟ ਵਿਚ ਲਿਆ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮੰਤਰੀ ਮੰਡਲ ਵਿਚ ਸੱਤਵੀਂ ਵਾਰ ਵਿਸਥਾਰ ਕੀਤਾ ਗਿਆ ਹੈ।

ਪੀਲੇ ਰੰਗ ਦਾ ਕੁੜਤਾ-ਪਜ਼ਾਮਾ ਪਹਿਨ ਕੇ ਆਏ ਸੰਜੀਵ ਅਰੋੜਾ ਨੇ ਪੰਜਾਬੀ ਵਿਚ ਸਹੁੰ ਚੁੱਕੀ। ਹਲਫ਼ਦਾਰੀ ਸਮਾਗਮ ਦੀ ਕਾਰਵਾਈ ਮੁੱਖ ਸਕੱਤਰ, ਪੰਜਾਬ, ਕੇ.ਏ.ਪੀ. ਸਿਨਹਾ ਵੱਲੋਂ ਚਲਾਈ ਗਈ। ਸਮਾਗਮ ਕੌਮੀ ਗੀਤ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਰਾਜਪਾਲ ਨੇ ਨਵੇਂ ਮੰਤਰੀ ਨੂੰ ਸਹੁੰ ਚੁਕਾਈ। ਸਮਾਰੋਹ ਕੌਮੀ ਗੀਤ ਦੀ ਪੇਸ਼ਕਾਰੀ ਨਾਲ ਸਮਾਪਤ ਹੋਇਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ, ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਮਾਨ ਅਤੇ ਹੋਰ ਬਹੁਤ ਸਾਰੇ ਮੰਤਰੀ ਅਤੇ ਪਤਵੰਤੇ ਸਹੁੰ ਚੁੱਕ ਸਮਾਗਮ ਵਿਚ ਮੌਜੂਦ ਸਨ।


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐੱਪ ਨੰਬਰ : (706) 206-2516

845

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


# ਪਾਕਿਸਤਾਨ ਨੂੰ ਹਾਲੇ ਤੱਕ ਭਾਰਤ 'ਚ ਏਸ਼ੀਆ ਕੱਪ ਖੇਡਣ ਲਈ ਨਹੀਂ ਮਿਲੀ ਮਨਜ਼ੂਰੀ

**ਕਰਾਚੀ, (ਪੰਜਾਬ ਮੇਲ)-** ਪਾਕਿਸਤਾਨ ਸਪੋਰਟਸ ਬੋਰਡ (ਪੀ.ਐੱਸ.ਬੀ.) ਅਤੇ ਪਾਕਿਸਤਾਨ ਹਾਕੀ ਫੈਡਰੇਸ਼ਨ (ਪੀ.ਐੱਚ.ਐੱਫ.) ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਸਾਲ ਭਾਰਤ ਵਿਚ ਦੋ ਵੱਡੇ ਹਾਕੀ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਸਰਕਾਰ ਤੋਂ ਮਨਜ਼ੂਰੀ ਨਹੀਂ ਮਿਲੀ ਹੈ। ਭਾਰਤੀ ਖੇਡ ਮੰਤਰਾਲੇ ਦੇ ਇਕ ਸੂਤਰ ਨੇ ਕਿਹਾ ਕਿ ਪਾਕਿਸਤਾਨ ਦੀਆਂ ਹਾਕੀ ਟੀਮਾਂ ਨੂੰ ਅਗਲੇ ਮਹੀਨੇ ਹੋਣ ਵਾਲੇ ਏਸ਼ੀਆ ਕੱਪ ਅਤੇ ਭਾਰਤ ਵਿਚ

- ਭਾਰਤ 'ਚ ਏਸ਼ੀਆ ਕੱਪ 27 ਅਗਸਤ ਤੋਂ ਅਤੇ ਜੂਨੀਅਰ ਵਿਸ਼ਵ ਕੱਪ 28 ਨਵੰਬਰ ਤੋਂ ਹੋਵੇਗਾ ਸ਼ੁਰੂ

ਹੋਣ ਵਾਲੇ ਜੂਨੀਅਰ ਵਿਸ਼ਵ ਕੱਪ ਵਿਚ ਹਿੱਸਾ ਲੈਣ ਤੋਂ ਨਹੀਂ ਰੋਕਿਆ ਜਾਵੇਗਾ ਕਿਉਂਕਿ ਉਨ੍ਹਾਂ ਨੂੰ ਬਹੁਪੱਖੀ ਮੁਕਾਬਲਿਆਂ ਤੋਂ ਰੋਕਣ ਦਾ ਕੋਈ ਵੀ ਕਦਮ ਓਲੰਪਿਕ ਚਾਰਟਰ ਦੀ ਉਲੰਘਣਾ ਕਰੇਗਾ। ਏਸ਼ੀਆ ਕੱਪ 27 ਅਗਸਤ ਤੋਂ 7 ਸਤੰਬਰ ਤੱਕ ਬਿਹਾਰ ਦੇ ਰਾਜਗਿਰ ਵਿਚ ਹੋਣਾ ਹੈ, ਜਦੋਂਕਿ ਜੂਨੀਅਰ ਵਿਸ਼ਵ ਕੱਪ 28 ਨਵੰਬਰ ਤੋਂ 10 ਦਸੰਬਰ ਤੱਕ ਚੇਨਈ ਅਤੇ ਮਦੁਰਾਈ ਵਿਚ ਹੋਵੇਗਾ। ਪੀ.ਐੱਚ.ਐੱਫ. ਦੇ ਜਨਰਲ ਸਕੱਤਰ ਰਾਣਾ ਮੁਜਾਹਿਦ ਨੇ ਕਿਹਾ ਕਿ ਉਨ੍ਹਾਂ ਨੇ ਪੀ.ਐੱਸ.ਬੀ. ਨੂੰ ਅਧਿਕਾਰਤ ਤੌਰ 'ਤੇ ਭਾਰਤ ਵਿਚ ਟੀਮਾਂ ਭੇਜਣ ਦੀ ਮਨਜ਼ੂਰੀ ਮੰਗੀ ਹੈ, ਜਿਸ ਦੀ ਹਾਲੇ ਤੱਕ ਸਰਕਾਰੀ ਮਨਜ਼ੂਰੀ ਨਹੀਂ ਮਿਲੀ। ਦੱਸਣਾ ਬਣਦਾ ਹੈ ਕਿ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਦਰਮਿਆਨ ਸਬੰਧ ਵਿਗੜ ਗਏ ਸਨ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲਾਂ 'ਚ ਲਗਾਏ ਮੁਫ਼ਤ ਆਰ.ਓ.





**ਸ਼੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਵੱਡੀ ਗਿਣਤੀ ਵਿਚ ਮੁਫ਼ਤ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਬਾਮ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਟਿੱਬੀ ਸਾਹਿਬ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਵਿਚ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਮੁਫ਼ਤ ਆਰ.ਓ. ਸਿਸਟਮ ਲਗਾਏ ਗਏ ਹਨ, ਜਿਨ੍ਹਾਂ ਨੂੰ ਸਰਬੱਤ ਦਾ ਭਲਾ



ਡਾ. ਐੱਸ.ਪੀ. ਸਿੰਘ ਓਬਰਾਏ।

ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰਾਂ ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਵੱਲੋਂ ਮੌਕੇ 'ਤੇ ਜਾ ਕੇ ਫਿੱਟ ਕਰਵਾਏ ਗਏ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਮਾੜਾ ਹੋਣ ਕਾਰਨ ਲੋਕ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਇਸ ਪਾਣੀ ਦਾ ਖਾਸਕਰ ਬੱਚਿਆਂ ਦੀ ਸਿਹਤ 'ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ ਕਿਉਂਕਿ ਬੱਚੇ ਮਜਬੂਰੀ ਵੱਸ ਇਹ ਮਾੜਾ ਪਾਣੀ ਪੀਣ ਲਈ ਮਜਬੂਰ ਸਨ। ਸਕੂਲ ਸਟਾਫ ਵੱਲੋਂ ਡਾਕਟਰ ਓਬਰਾਏ ਨੂੰ ਸਕੂਲਾਂ ਵਿਚ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਆਰ.ਓ. ਸਿਸਟਮ ਲਗਾਉਣ ਦੀ ਮੰਗ ਕੀਤੀ ਗਈ ਸੀ, ਤਾਂ ਡਾਕਟਰ ਓਬਰਾਏ ਵੱਲੋਂ ਤਰੁੰਤ ਪ੍ਰਵਾਨ ਕਰਕੇ ਸ੍ਰੀ ਮੁਕਤਸਰ ਸਾਹਿਬ ਟੀਮ ਨੂੰ ਆਰ ਲਗਾਉਣ ਲਈ ਕਿਹਾ ਗਿਆ ਸੀ। ਇਸ ਉਪਰੰਤ ਸਕੂਲ ਸਟਾਫ ਵੱਲੋਂ, ਬੱਚਿਆਂ ਵੱਲੋਂ, ਸਕੂਲ ਦੀ ਕਮੇਟੀ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਦਿੱਤੀ ਵਿੱਤੀ ਸਹਾਇਤਾ

**ਸ਼੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਫਹਿਰਿਸਤ ਏਨੀ ਵੱਡੀ ਹੈ ਕਿ ਇਸ ਨੂੰ ਵਰਨਣ ਕਰਨਾ ਵੀ ਨਾ ਮੁਮਕਿਨ ਹੈ। ਮਾਨਵਤਾ ਦੀ ਭਲਾਈ ਲਈ ਹਰ ਖੇਤਰ ਵਿਚ ਬਹੁਤ ਹੀ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਲੜੀ ਨੂੰ ਅੱਗੇ ਤੋਰਦੇ ਹੋਏ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਸ੍ਰੀ ਮੁਕਤਸਰ ਸਾਹਿਬ ਵਿਖੇ 15 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਵੀਹ ਹਜ਼ਾਰ ਦੇ ਕਰੀਬ ਵਿੱਤੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਘਰੇਲੂ ਹਾਲਾਤ ਠੀਕ ਨਾ ਹੋਣ ਕਾਰਨ ਕਈ ਵਾਰ ਡਾਕਟਰ ਦੀ ਲਿਖੀ ਹੋਈ ਦਵਾਈ ਖਰੀਦਣ ਤੋਂ ਅਸਮਰਥ ਲੋਕ ਦਵਾਈਆਂ ਨਾ ਖਰੀਦ ਕੇ ਆਪਣੀ ਸਿਹਤ ਹੋਰ ਵਿਗਾੜ ਲੈਂਦੇ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਅਜਿਹੀ ਸਥਿਤੀ ਵਿਚ ਇਨ੍ਹਾਂ ਲੋਕਾਂ ਦੀਆਂ ਡਾਕਟਰ ਦੀਆਂ ਦਵਾਈ ਦੀਆਂ ਪਰਚੀਆਂ ਡਾਕਟਰ ਓਬਰਾਏ ਕੋਲ ਭੇਜੀਆਂ ਜਾਂਦੀਆਂ ਹਨ, ਤਾਂ ਡਾਕਟਰ



ਓਬਰਾਏ ਵਲੋਂ ਤੁਰੰਤ ਪ੍ਰਵਾਨਗੀ ਦੇਣ ਤੋਂ ਬਾਅਦ ਇਨ੍ਹਾਂ ਨੂੰ ਪੈਸੇ ਭੇਜੇ ਜਾਂਦੇ ਹਨ ਅਤੇ ਸ੍ਰੀ ਮੁਕਤਸਰ ਸਾਹਿਬ ਟੀਮ ਰਹੀ ਇਨ੍ਹਾਂ ਕੋਲ ਪਹੁੰਚਾਏ ਜਾਂਦੇ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਡਾਕਟਰ ਓਬਰਾਏ ਵਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਰਣਧੀਰ ਸਿੰਘ ਸਾਗੂ (ਕੈਨੇਡਾ ਵਾਲੇ), ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਾਹਿਬ, ਗੁਰਜੀਤ ਸਿੰਘ ਜੀਤਾ, ਲਵਲੀਨ ਕੌਰ ਸੰਧੂ ਸਰਹਾਲੀ ਕਲਾਂ, ਸੁਖਬੀਰ ਸਿੰਘ ਜੈਲਦਾਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**







# ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਬਾਦਲ ਤਨਖ਼ਾਹੀਆ ਕਰਾਰ

**■ ਸਪੱਸ਼ਟੀਕਰਨ ਨਾ ਦੇਣ ਤੋਂ ਬਾਅਦ ਲਿਆ ਫੈਸਲਾ**

**ਅੰਮ੍ਰਿਤਸਰ, (ਪੰਜਾਬ ਮੇਲ)-** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਘੋਸ਼ਿਤ ਕਰ ਦਿੱਤਾ ਗਿਆ। ਇਹ ਫੈਸਲਾ 21 ਮਈ 2025 ਨੂੰ ਸ਼ੁਰੂ ਹੋਏ ਉਸ ਘਟਨਾਕ੍ਰਮ ਦੇ ਮੱਦੇਨਜ਼ਰ ਲਿਆ ਗਿਆ, ਜਿਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ ਵੱਲੋਂ ਤਖ਼ਤ ਪਟਨਾ ਸਾਹਿਬ ਦੀ ਮਰਿਆਦਾ, ਸੰਵਿਧਾਨ ਅਤੇ ਉਪ-ਨਿਯਮਾਂ ਨੂੰ ਚੁਣੌਤੀ ਦਿੰਦਿਆਂ ਗੈਰ-ਸੰਵਿਧਾਨਿਕ ਹਸਤਾਖੇਪ ਕੀਤੇ ਗਏ।

ਇਨ੍ਹਾਂ ਆਦੇਸ਼ਾਂ ਅਤੇ ਫੈਸਲਿਆਂ ਵਿਚ ਦਖ਼ਲਅੰਦਾਜ਼ੀ ਕਰਨ ਅਤੇ ਪਟਨਾ ਸਾਹਿਬ ਦੇ ਕਾਨੂੰਨੀ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਨ ਦੀ ਸਾਜ਼ਿਸ਼ ਵਿਚ ਸੁਖਬੀਰ ਸਿੰਘ ਬਾਦਲ ਦੇ ਵੀ ਸ਼ਾਮਲ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ। ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਲਈ ਦੋ ਵਾਰ ਮੌਕਾ ਦਿੱਤਾ ਗਿਆ ਸੀ, ਪਰ ਉਹ ਪੇਸ਼ ਨਹੀਂ ਹੋਏ।

ਤੀਸਰੀ ਵਾਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਬੇਨਤੀ ਕੀਤੀ ਗਈ ਤੇ 20 ਦਿਨ ਦਾ ਹੋਰ ਸਮਾਂ ਦਿੱਤਾ ਗਿਆ, ਪਰ ਫਿਰ ਵੀ ਹਾਜ਼ਰ ਨਾ ਹੋਣ ਕਾਰਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨਾਂ ਅਨੁਸਾਰ, ਇਹ ਸਪੱਸ਼ਟ ਹੋ ਗਿਆ ਕਿ ਉਹ ਘਟਨਾਕ੍ਰਮ ਵਿਚ ਸ਼ਾਮਿਲ ਰਹੇ। ਇਸ ਲਈ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਇਹ ਫੈਸਲਾ ਲਿਆ ਗਿਆ ਕਿ ਸੁਖਬੀਰ ਸਿੰਘ ਬਾਦਲ ਨੇ ਤਖ਼ਤ ਸਾਹਿਬ ਦੇ ਆਦੇਸ਼ ਦੀ ਉਲੰਘਣਾ ਕੀਤੀ ਹੈ ਅਤੇ ਇਸ ਕਰਕੇ ਉਨ੍ਹਾਂ ਨੂੰ ਤਨਖ਼ਾਹੀਆ ਘੋਸ਼ਿਤ ਕੀਤਾ ਜਾਂਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਜਾਰੀ ਹੁਕਮਨਾਮੇ 'ਚ ਕਿਹਾ ਗਿਆ 21 ਮਈ 2025 ਨੂੰ, ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਫੈਸਲਿਆਂ (9 ਅਤੇ 10 ਮਈ 2023 ਦੀ ਮੀਟਿੰਗ ਵਿਚ ਲਏ ਗਏ ਫੈਸਲੇ) ਵਿਰੁੱਧ ਰਾਜਨੀਤੀ ਤੋਂ ਪ੍ਰੇਰਿਤ ਇੱਕ ਗੈਰ-ਸੰਵਿਧਾਨਕ, ਗੈਰ-ਸਿਧਾਂਤਕ ਹੁਕਮ ਜਾਰੀ ਕੀਤਾ, ਜੋ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਭਾਈ ਟੇਕ ਸਿੰਘ ਦੁਆਰਾ ਜਾਰੀ ਕੀਤਾ ਗਿਆ ਸੀ। ਇਸ ਪੂਰੀ ਘਟਨਾ ਵਿਚ ਇੱਕ ਸਾਜ਼ਿਸ਼ ਅਤੇ ਸਾਜ਼ਿਸ਼ਕਰਤਾ ਵਜੋਂ ਤੁਹਾਡੀ ਸ਼ਮੂਲੀਅਤ ਸਾਹਮਣੇ ਆਈ। ਇਸ ਕਾਰਨ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨਾਂ ਦੁਆਰਾ ਜਾਰੀ ਹੁਕਮ ਅਨੁਸਾਰ, ਤੁਹਾਨੂੰ ਆਪਣਾ ਪੱਖ ਪੇਸ਼ ਕਰਨ ਲਈ ਦੋ ਮੌਕੇ ਦਿੱਤੇ ਗਏ ਸਨ ਪਰ ਤੁਸੀਂ ਪੇਸ਼ ਨਹੀਂ ਹੋਏ। ਤੀਜੀ ਵਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਹਰਜਿੰਦਰ ਸਿੰਘ ਧਾਮੀ ਦੀ ਬੇਨਤੀ ਤੇ 20 ਦਿਨ ਹੋਰ ਦਿੱਤੇ ਗਏ ਸਨ, ਪਰ ਫਿਰ ਵੀ ਤੁਸੀਂ ਪੇਸ਼ ਨਹੀਂ ਹੋਏ। ਇਸ ਤੋਂ ਸਪੱਸ਼ਟ ਹੈ ਕਿ ਤੁਸੀਂ ਉਪਰੋਕਤ ਘਟਨਾ ਵਿਚ ਸ਼ਾਮਲ ਹੋ।

# ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦੇਣਾ ਅਧਿਕਾਰਾਂ ਤੋਂ ਬਾਹਰੀ ਕਾਰਵਾਈ : ਧਾਮੀ



**ਅੰਮ੍ਰਿਤਸਰ, (ਪੰਜਾਬ ਮੇਲ)-** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੇ ਫੈਸਲੇ 'ਤੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਥ ਵਿਚ ਦੁਬਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਖਾਲਸਾ ਪੰਥ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਕੌਮ ਦੇ ਮਸਲੇ ਨਜਿੱਠਣ ਲਈ ਹਨ, ਨਾ ਕਿ ਕੌਮੀ ਸੰਕਟ ਪੈਦਾ ਕਰਨ ਲਈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਦਰਕਿਨਾਰ ਕਰਨਾ ਉਚਿਤ ਨਹੀਂ ਹੈ ਅਤੇ ਅਜਿਹੇ ਚਲਣ ਨਾਲ ਕੌਮ ਅੰਦਰ ਆਪਾ ਧਾਪੀ ਵਾਲਾ ਮਾਹੌਲ ਪੈਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਬੇਸ਼ੱਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ, ਪ੍ਰੰਤੂ ਪੰਥਕ ਮਾਮਲਿਆਂ ਨੂੰ ਵਿਚਾਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਵੀ ਪੰਥਕ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਪੰਜ ਸਿੰਘ ਸਾਹਿਬਾਨ ਮਿਲ ਕੇ ਬੈਠਣ ਅਤੇ ਫੈਸਲੇ ਲੈਣ ਦੀ ਲੰਬੀ ਇਤਿਹਾਸਕ ਪ੍ਰੰਪਰਾ ਰਹੀ ਹੈ। ਇਹੀ ਪ੍ਰੰਪਰਾ ਸਿੱਖ ਕੌਮ ਨੂੰ ਦੁਨੀਆਂ ਵਿਚ ਉਭਾਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਦੂਜੇ ਤਖ਼ਤ ਸਾਹਿਬਾਨ ਤੋਂ ਹੀ ਚੁਣੌਤੀ ਦਿੱਤੀ ਜਾਣ ਲੱਗ ਪਈ, ਤਾਂ ਇਹ ਸਿੱਖ ਪ੍ਰੰਪਰਾਵਾਂ ਦੀ ਮੌਲਿਕਤਾ ਅਤੇ ਅਮੀਰੀ ਨੂੰ ਸੱਟ ਮਾਰਨ ਤੋਂ ਘੱਟ ਨਹੀਂ ਮੰਨੀ ਜਾ ਸਕਦੀ। ਉਨ੍ਹਾਂ ਆਖਿਆ ਕਿ ਮੌਜੂਦਾ ਮਾਮਲੇ ਦੇ ਸਬੰਧ ਵਿਚ ਮਿਲ-ਬੈਠ ਕੇ ਹੱਲ ਵੱਲ ਤੁਰਨਾ ਚਾਹੀਦਾ ਹੈ, ਤਾਂ ਜੋ ਕੌਮ ਅੰਦਰ ਦਿਸ ਰਹੇ ਟਕਰਾਅ ਦੀ ਥਾਂ 'ਤੇ ਸਿੱਖ ਸ਼ਕਤੀ ਨੂੰ ਕੌਮੀ ਹਿੱਤਾਂ, ਕੌਮ ਦੀ ਚੜ੍ਹਦੀ ਕਲਾ ਅਤੇ ਸਿੱਖੀ ਪ੍ਰਚਾਰ ਲਈ ਵਰਤਿਆ ਜਾ ਸਕੇ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਜੱਗੂ ਭਗਵਾਨਪੁਰੀਆ ਦੀ ਭਾਬੀ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਲਿਆ ਹਿਰਾਸਤ 'ਚ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸੋਮਵਾਰ ਦੇਰ ਰਾਤ ਨੂੰ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਭਾਬੀ ਲਵਜੀਤ ਕੌਰ ਨੂੰ ਹਿਰਾਸਤ ਵਿਚ ਲਿਆ ਗਿਆ। ਲਵਜੀਤ ਕੌਰ ਆਸਟ੍ਰੇਲੀਆ ਜਾਣ ਲਈ ਹਵਾਈ ਅੱਡੇ 'ਤੇ ਪਹੁੰਚੀ ਸੀ। ਉਸ ਵਿਰੁੱਧ ਜਾਰੀ ਲੁੱਕ ਆਊਟ ਸਰਕੂਲਰ (ਐੱਲ.ਓ.ਸੀ.) ਕਾਰਨ ਉਸ ਨੂੰ ਹਵਾਈ ਅੱਡੇ 'ਤੇ ਹਿਰਾਸਤ ਵਿਚ ਲੈ ਲਿਆ ਗਿਆ।

ਮੁੱਢਲੀ ਜਾਣਕਾਰੀ ਮੁਤਾਬਕ ਲਵਜੀਤ ਕੌਰ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 307 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿਚ ਉਹ ਲੋੜੀਂਦੀ ਸੀ। ਵਿਦੇਸ਼ ਵਿਚ ਰਹਿਣ ਕਾਰਨ ਉਸ ਨੂੰ ਹੁਣ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ। ਉਹ ਹਾਲ ਹੀ ਵਿਚ ਜੱਗੂ ਭਗਵਾਨਪੁਰੀਆ ਦੀ ਮਾਂ ਦੇ ਕਤਲ ਤੋਂ ਬਾਅਦ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਲਈ ਭਾਰਤ ਆਈ ਸੀ। ਪੁਲਿਸ ਨੇ ਰਾਤ ਭਰ ਲਵਜੀਤ ਕੌਰ ਤੋਂ ਪੁੱਛਗਿੱਛ ਕੀਤੀ ਅਤੇ ਫਿਰ ਉਸ ਨੂੰ ਬਟਾਲਾ ਪੁਲਿਸ ਦੇ ਹਵਾਲੇ ਕਰ ਦਿੱਤਾ। ਬਟਾਲਾ ਪੁਲਿਸ ਹੁਣ ਮਾਮਲੇ ਦੀ ਹੋਰ ਜਾਂਚ ਕਰ ਰਹੀ ਹੈ। ਬੰਬੀਹਾ ਗੈਂਗ ਨੇ ਜੱਗੂ ਭਗਵਾਨਪੁਰੀਆ ਦੀ ਮਾਂ ਅਤੇ ਉਸਦੇ ਦੂਜੇ ਸਾਥੀ ਕਰਨਵੀਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਦਿਹਾਤੀ ਐੱਸ.ਐੱਸ.ਪੀ. ਮਨਿੰਦਰ ਸਿੰਘ ਨੇ ਕਿਹਾ ਕਿ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਕਤਲ ਨਿੱਜੀ ਦੁਸ਼ਮਣੀ ਕਾਰਨ ਕੀਤਾ ਗਿਆ ਹੈ।

# ਕਿਸਾਨਾਂ ਦੇ ਵਫ਼ਦ ਵੱਲੋਂ ਭਾਜਪਾ ਆਗੂਆਂ ਸਣੇ ਪੰਜਾਬ ਰਾਜਪਾਲ ਨਾਲ ਮੁਲਾਕਾਤ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ 'ਚ ਲੈਂਡ ਪੂਲਿੰਗ ਨੀਤੀ ਤੋਂ ਪ੍ਰਭਾਵਿਤ ਲੁਧਿਆਣਾ ਜ਼ਿਲ੍ਹੇ ਦੇ ਕਿਸਾਨਾਂ ਦੇ ਵਫ਼ਦ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਭਾਜਪਾ ਦੇ ਕੌਮੀ ਆਗੂ ਤਰੁਣ ਚੁੱਘ ਅਤੇ ਸੂਬਾਈ ਆਗੂ ਵਿਨੀਤ ਜੋਸ਼ੀ ਵੀ ਉਨ੍ਹਾਂ ਦੇ ਨਾਲ ਸਨ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਰਾਜਪਾਲ ਨਾਲ ਮਿਲਣੀ ਮਗਰੋਂ ਕਿਹਾ ਕਿ 'ਆਪ' ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨਾਲ ਕਿਸਾਨਾਂ ਦੀ ਜਬਰੀ ਜ਼ਮੀਨ ਖੋਹਣ ਦੇ ਮਨਸੂਬੇ ਸਫਲ ਨਹੀਂ ਹੋਣ ਦਿੱਤੇ ਜਾਣਗੇ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਫ਼ੈਸਲਾ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਰੱਦ

**■ ਫੈਸਲਾ ਸੁਖਬੀਰ ਬਾਦਲ ਨੂੰ ਬਚਾਉਣ ਲਈ ਸਾਜ਼ਿਸ਼ ਕਰਾਰ**
**■ ਕੁਲਦੀਪ ਗੜ੍ਹਗੱਜ ਹਨ ਪਹਿਲੇ ਹੀ ਤਨਖਾਹੀਆ ਕਰਾਰ, ਫ਼ੈਸਲਾ ਲੈਣ ਦਾ ਹੱਕ ਨਹੀਂ: ਤਖ਼ਤ ਸ੍ਰੀ ਪਟਨਾ ਸਾਹਿਬ**

**ਜਲੰਧਰ, (ਪੰਜਾਬ ਮੇਲ)-** ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਾਲੀ ਇਕੱਤਰਤਾ 'ਚ ਲਏ ਗਏ ਫ਼ੈਸਲੇ ਨੂੰ ਰੱਦ ਕਰ ਦਿੱਤਾ ਹੈ। ਦਰਅਸਲ ਤਖ਼ਤ ਸ੍ਰੀ ਪਟਨਾ ਸਾਹਿਬ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਾਲੀ ਇਕੱਤਰਤਾ 'ਚ ਲਏ ਗਏ ਫ਼ੈਸਲੇ ਨੂੰ ਗੈਰ ਸੰਵਿਧਾਨਿਕ ਦੱਸਦੇ ਹੋਏ, ਇਸ ਹੁਕਮ ਨੂੰ ਸੁਖਬੀਰ ਬਾਦਲ ਨੂੰ ਬਚਾਉਣ ਲਈ ਸਾਜ਼ਿਸ਼ ਕਰਾਰ ਦਿੱਤਾ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਿੰਘ ਸਾਹਿਬਾਨਾਂ ਦਾ ਕਹਿਣਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਪਹਿਲਾਂ ਹੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਤਨਖਾਹੀਆ ਐਲਾਨੇ ਜਾ ਚੁੱਕੇ ਹਨ। ਇਸ ਲਈ ਉਨ੍ਹਾਂ ਤੋਂ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਅਹੁਦੇਦਾਰ ਅਤੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਜੀ ਦੇ ਸੰਬੰਧ ਵਿਚ ਫ਼ੈਸਲੇ ਲੈਣ ਦਾ ਧਾਰਮਿਕ ਅਤੇ ਸੰਵਿਧਾਨਿਕ ਅਧਿਕਾਰ ਨਹੀਂ ਹੈ। ਇਸ ਲਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਗੰਭੀਰ ਵਿਚਾਰ ਕਰਨ ਉਪਰੰਤ ਸਰਬਸੰਮਤੀ ਨਾਲ ਫ਼ੈਸਲੇ ਨੂੰ ਰੱਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ।

ਇਸ ਦੇ ਨਾਲ ਹੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਂ ਨੂੰ ਸਖ਼ਤ ਹਦਾਇਤ ਦਿੱਤੀ ਗਈ ਕਿ ਕੋਈ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਾ ਜਾਵੇ ਅਤੇ ਨਾ ਹੀ ਪੇਸ਼ ਹੋਵੇ। ਜੇਕਰ ਕੋਈ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਪੇਸ਼ ਹੋਵੇਗਾ ਤਾਂ ਉਹ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵੱਲੋਂ ਪੱਕਾ ਤਨਖਾਹੀਆ ਮੰਨਿਆ ਜਾਵੇਗਾ ਅਤੇ ਪੰਥਕ ਰਵਾਇਤ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਭਾਈ ਗੁਰਦਿਆਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਨ, ਮੁੱਖ ਸ਼ਾਜ਼ਿਸਕਰਤਾ ਵਜੋਂ ਵਿਵਾਦ ਪੈਦਾ ਕਰਨ ਲਈ ਤਨਖਾਹੀਆ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਪਾਲ ਸਿੰਘ (ਜੌਹਲ) ਅਤੇ ਡਾ. ਗੁਰਮੀਤ ਸਿੰਘ ਨੂੰ ਪੰਥਕ ਏਕਤਾ ਖ਼ਿਲਾਫ਼ ਕੰਮ ਕਰਨ ਅਤੇ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਲਈ ਤਨਖਾਹੀਆ ਐਲਾਨਿਆ ਗਿਆ ਸੀ।

# ਸ਼੍ਰੋਮਣੀ ਅਕਾਲੀ ਦਲ ਵੱਲੋਂ 33 ਜ਼ਿਲ੍ਹਾ ਪ੍ਰਧਾਨ ਨਿਯੁਕਤ

**■ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਖਿੱਚੀ ਤਿਆਰੀ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਵੀ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਸੰਗਠਨ ਦੇ ਵਿਸਥਾਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜ਼ਿਲ੍ਹਾ ਪ੍ਰਤੀਨਿਧੀਆਂ ਅਤੇ ਨਿਰੀਖਕਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ, ਪਾਰਟੀ ਨੇ 33 ਜ਼ਿਲ੍ਹਾ ਮੁਖੀ ਨਿਯੁਕਤ ਕੀਤੇ ਹਨ। ਇਨ੍ਹਾਂ ਵਿਚ ਸ਼ਹਿਰੀ ਅਤੇ ਪੇਂਡੂ ਦੋਵੇਂ ਦੇ ਮੁਖੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਫੈਸਲਾ ਲਿਆ ਹੈ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਫੈਸਲੇ ਨਾਲ ਪਾਰਟੀ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਟੀਮ ਵਿਚ ਨੌਜਵਾਨ ਤੇ ਤਜ਼ਰਬੇਕਾਰ ਲੋਕਾਂ ਨੂੰ ਮੌਕਾ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਨੇ 33 ਜ਼ਿਲ੍ਹਾ ਪ੍ਰਧਾਨਾਂ (ਸ਼ਹਿਰੀ ਅਤੇ ਪੇਂਡੂ ਦੋਵੇਂ) ਦੀ ਸੂਚੀ ਦਾ ਐਲਾਨ ਕੀਤਾ। ਇਸ ਲਈ ਸਾਰੇ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਪ੍ਰਤੀਨਿਧੀਆਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ, ਜਿਨ੍ਹਾਂ ਦੀ ਪ੍ਰਧਾਨਗੀ ਜ਼ਿਲ੍ਹਾ ਅਬਜ਼ਰਵਰਾਂ ਨੇ ਕੀਤੀ। ਅਬਜ਼ਰਵਰਾਂ ਨੇ ਆਪਣੀ ਰਿਪੋਰਟ ਪਾਰਟੀ ਹੈੱਡਕੁਆਰਟਰ ਨੂੰ ਸੌਂਪ ਦਿੱਤੀ। ਸਬੰਧਤ ਅਬਜ਼ਰਵਰਾਂ ਦੀ ਰਿਪੋਰਟ ਦੇ ਆਧਾਰ 'ਤੇ ਅਤੇ ਹਰੇਕ ਸਬੰਧਤ ਜ਼ਿਲ੍ਹੇ ਦੇ ਹੋਰ ਮਹੱਤਵਪੂਰਨ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਅਕਾਲੀ ਦਲ ਦੇ ਪ੍ਰਧਾਨ ਨੇ ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ਜਾਰੀ ਕੀਤੀ।

ਪਠਾਨਕੋਟ ਜ਼ਿਲ੍ਹੇ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ ਅਤੇ ਇਸ ਜ਼ਿਲ੍ਹੇ ਦੇ ਪੁਨਰਗਠਨ ਦੀ ਪੂਰੀ ਜ਼ਿੰਮੇਵਾਰੀ ਸੀਨੀਅਰ ਆਗੂ ਅਤੇ ਕੋਰ ਕਮੇਟੀ ਮੈਂਬਰ ਗੁਰਬਚਨ ਸਿੰਘ ਬੱਬੇਹਾਲੀ ਨੂੰ ਸੌਂਪੀ ਗਈ ਹੈ। ਭਵਿੱਖ ਦੀ ਰਣਨੀਤੀ ਹੁਣ ਉਹ ਖੁਦ ਤਿਆਰ ਕਰਨਗੇ।

ਸੁਖਬੀਰ ਸਿੰਘ ਬਾਦਲ ਨੇ ਲੁਧਿਆਣਾ ਤੋਂ ਇੱਕ ਪ੍ਰਸਿੱਧ ਵਕੀਲ ਅਤੇ ਸੀਨੀਅਰ ਅਕਾਲੀ ਆਗੂ ਹਰੀਸ਼ ਰਾਏ ਢਾਂਡਾ ਨੂੰ ਪਾਰਟੀ ਦੀ ਕੋਰ ਕਮੇਟੀ ਵਿਚ ਸ਼ਾਮਲ ਕੀਤਾ ਹੈ। ਇਸ ਤੋਂ ਇਲਾਵਾ, ਅਜਨਾਲਾ ਤੋਂ ਐੱਸ. ਜੋਧ ਸਿੰਘ ਸਮਰਾ, ਜੋ ਕਿ ਇੱਕ ਨੌਜਵਾਨ ਅਕਾਲੀ ਆਗੂ ਅਤੇ ਐੱਸ.ਜੀ.ਪੀ.ਸੀ. ਦੇ ਮੈਂਬਰ ਹਨ, ਉਨ੍ਹਾਂ ਨੂੰ ਪਾਰਟੀ ਦੀ ਕੋਰ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ।

# ਪੰਜਾਬ 'ਚ ਕਾਂਗਰਸੀ ਆਗੂ ਨੂੰ 6 ਸਾਲਾਂ ਲਈ ਪਾਰਟੀ 'ਚੋਂ ਕੱਢਿਆ !

**ਜਲੰਧਰ, (ਪੰਜਾਬ ਮੇਲ)-**ਪੰਜਾਬ ਪ੍ਰਦੇਸ਼ ਕਾਂਗਰਸ ਦੀ ਅਨੁਸ਼ਾਸਨਾਤਮਕ ਕਾਰਵਾਈ ਕਮੇਟੀ ਨੇ ਇਕ ਵੱਡੀ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ ਦੇ ਕਰਤਾਰਪੁਰ ਬਲਾਕ ਕਾਂਗਰਸ-2 ਦੇ ਪ੍ਰਧਾਨ ਜ਼ੋਰਾਵਰ ਸਿੰਘ ਸੋਢੀ ਨੂੰ ਪਾਰਟੀ ਵਿਚੋਂ 6 ਸਾਲਾਂ ਲਈ ਕੱਢ ਦਿੱਤਾ ਹੈ। ਇਸ ਸਬੰਧੀ ਅਨੁਸ਼ਾਸਨਾਤਮਕ ਐਕਸ਼ਨ ਕਮੇਟੀ ਦੇ ਚੇਅਰਮੈਨ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਵਤਾਰ ਹੈਨਰੀ ਨੇ ਦੱਸਿਆ ਕਿ ਉਨ੍ਹਾਂ ਨੂੰ 4 ਜੁਲਾਈ 2025 ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਹਲਕਾ ਇੰਚਾਰਜ ਕਰਤਾਰਪੁਰ ਰਾਜਿੰਦਰ ਸਿੰਘ ਵੱਲੋਂ ਭੇਜੀ ਇਕ ਸ਼ਿਕਾਇਤ ਪ੍ਰਾਪਤ ਹੋਈ ਸੀ, ਜਿਸ ਵਿਚ ਦੱਸਿਆ ਗਿਆ ਸੀ ਕਿ ਬਲਾਕ ਕਾਂਗਰਸ ਪ੍ਰਧਾਨ ਜ਼ੋਰਾਵਰ ਸਿੰਘ ਸੋਢੀ ਖ਼ਿਲਾਫ਼ ਡਕੈਤੀ ਵਰਗਾ ਗੰਭੀਰ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਅਤੇ ਪੁਲਿਸ ਨੇ ਉਸ ਨੂੰ ਇਸ ਮਾਮਲੇ ਵਿਚ ਗ੍ਰਿਫ਼ਤਾਰ ਵੀ ਕਰ ਲਿਆ ਹੈ।

ਅਵਤਾਰ ਹੈਨਰੀ ਨੇ ਦੱਸਿਆ ਕਿ ਪਾਰਟੀ ਨੇ ਸ਼ਿਕਾਇਤ ਦੀ ਗੰਭੀਰਤਾ ਨੂੰ ਵੇਖਦੇ ਹੋਏ ਤੁਰੰਤ ਪ੍ਰਭਾਵ ਨਾਲ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਕ ਅਨੁਸ਼ਾਸਿਤ ਅਤੇ ਪਾਰਦਰਸ਼ੀ ਸਿਆਸੀ ਸੰਗਠਨ ਹੈ, ਜੋ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਪ੍ਰਵਿਰਤੀ ਅਤੇ ਗੈਰ-ਸਮਾਜੀ ਸਰਗਰਮੀ ਨੂੰ ਬਰਦਾਸ਼ਤ ਨਹੀਂ ਕਰਦੀ। ਪਾਰਟੀ ਦੇ ਅਕਸ ਨੂੰ ਸਾਫ਼-ਸੁਥਰਾ ਬਣਾਈ ਰੱਖਣਾ ਹਰ ਵਰਕਰ ਦੀ ਜ਼ਿੰਮੇਵਾਰੀ ਹੈ। ਇਸ ਮਾਮਲੇ ਵਿਚ ਜ਼ੋਰਾਵਰ ਸਿੰਘ ਵੱਲੋਂ ਅਪਣਾਇਆ ਗਿਆ ਆਚਰਨ ਪਾਰਟੀ ਦੀਆਂ ਨੀਤੀਆਂ ਖ਼ਿਲਾਫ਼ ਹੈ। ਅਵਤਾਰ ਹੈਨਰੀ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਪਾਰਟੀ ਅਜਿਹੇ ਕਿਸੇ ਵੀ ਆਗੂ ਜਾਂ ਵਰਕਰ ਨੂੰ ਸਮਰਥਨ ਨਹੀਂ ਦਿੰਦੀ, ਜਿਸ ਖ਼ਿਲਾਫ਼ ਗੰਭੀਰ ਅਪਰਾਧਿਕ ਦੋਸ਼ ਲੱਗੇ ਹੋਣ ਜਾਂ ਜਿਨ੍ਹਾਂ ਦੀ ਸਰਗਰਮੀ ਸਮਾਜ ਵਿਚ ਪਾਰਟੀ ਦੇ ਅਕਸ ਨੂੰ ਨੁਕਸਾਨ ਪਹੁੰਚਾਏ। ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਅਨੁਸ਼ਾਸਨਾਤਮਕ ਕਾਰਵਾਈ ਕੀਤੀ ਜਾਂਦੀ ਹੈ ਅਤੇ ਉਸ ਤਹਿਤ ਸੋਢੀ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਹੈ।

# ਅਦਾਲਤ ਨੇ ਬਿਕਰਮ ਮਜੀਠੀਆ ਨੂੰ 14 ਦਿਨਾਂ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ

**■ ਨਿਊ ਨਾਭਾ ਜੇਲ੍ਹ ਵਿਚ 19 ਜੁਲਾਈ ਤੱਕ ਨਜ਼ਰਬੰਦ ਰੱਖਿਆ ਜਾਵੇਗਾ**



**ਮੁਹਾਲੀ, (ਪੰਜਾਬ ਮੇਲ)-** ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁਹਾਲੀ ਅਦਾਲਤ 'ਚ ਪੇਸ਼ੀ ਭੁਗਤੀ। ਮੁਹਾਲੀ ਅਦਾਲਤ ਵੱਲੋਂ ਬਿਕਰਮ ਮਜੀਠੀਆ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ ਗਿਆ ਹੈ। ਅਦਾਲਤ ਨੇ ਅਕਾਲੀ ਆਗੂ ਦਾ 14 ਦਿਨਾ ਰਿਮਾਂਡ ਦੇ ਦਿੱਤਾ ਹੈ। ਮਜੀਠੀਆ ਨੂੰ ਨਿਊ ਨਾਭਾ ਜੇਲ੍ਹ ਭੇਜਿਆ ਗਿਆ ਹੈ। ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਇੱਕ ਮਾਮਲੇ ਵਿਚ ਉਨ੍ਹਾਂ ਦੇ ਅੰਮ੍ਰਿਤਸਰ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਨੂੰ ਅਗਲੇ ਦਿਨ ਮੁਹਾਲੀ ਲਿਆਂਦਾ ਗਿਆ ਸੀ। ਅਦਾਲਤ ਨੇ ਪਹਿਲਾਂ ਉਨ੍ਹਾਂ ਨੂੰ ਸੱਤ ਦਿਨਾਂ ਦੇ ਰਿਮਾਂਡ 'ਤੇ ਭੇਜਿਆ ਸੀ, ਜਿਸ ਨੂੰ ਫਿਰ ਚਾਰ ਦਿਨ ਵਧਾ ਦਿੱਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਮਜੀਠੀਆ ਨੂੰ ਸ਼ਨਿੱਚਰਵਾਰ ਨੂੰ ਸਰਾਇਆ ਇੰਡਸਟਰੀਜ਼ ਨਾਲ ਸਬੰਧਤ ਸਬੂਤ ਇਕੱਠੇ ਕਰਨ ਲਈ ਗੋਰਖਪੁਰ, ਉੱਤਰ ਪ੍ਰਦੇਸ਼ ਲਿਜਾਇਆ ਗਿਆ ਸੀ। ਪੁਲਿਸ ਨੇ ਐਤਵਾਰ ਹੋਣ ਦੇ ਬਾਵਜੂਦ ਭਾਰੀ ਪੁਲਿਸ ਬਲ ਤਾਇਨਾਤ ਕੀਤੇ ਤੇ ਸਵੇਰ ਤੋਂ ਹੀ ਅਦਾਲਤੀ ਕੰਪਲੈਕਸ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ। ਪੁਲਿਸ ਨੇ ਸਵੇਰੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਕਈ ਪ੍ਰਮੁੱਖ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਮੁਹਾਲੀ ਵੱਲ ਆਉਣ ਤੋਂ ਰੋਕਣ ਲਈ ਹਿਰਾਸਤ ਵਿਚ ਵੀ ਲਿਆ।

ਇਸ ਤੋਂ ਪਹਿਲਾਂ ਪੁਲਿਸ ਨੇ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨੂੰ ਅਦਾਲਤ ਵਿਚ ਜਾਣ ਤੋਂ ਰੋਕ ਦਿੱਤਾ। ਇਸ ਮੌਕੇ ਬਿਕਰਮ ਮਜੀਠੀਆ ਦੀ ਪਤਨੀ ਤੇ ਵਿਧਾਇਕਾ ਗਨੀਵ ਕੌਰ ਮਜੀਠੀਆ ਵੀ ਅਦਾਲਤ ਵਿਚ ਮੌਜੂਦ ਰਹੇ। ਦੱਸਣਾ ਬਣਦਾ ਹੈ ਕਿ ਪਿਛਲੀ ਪੇਸ਼ੀ ਦੌਰਾਨ ਵੀ ਅਦਾਲਤ ਦੀ ਮਨਜ਼ੂਰੀ ਨਾਲ ਉਹ ਅਦਾਲਤ ਵਿਚ ਮੌਜੂਦ ਰਹੇ ਸਨ।

# ਅਸ਼ਵਨੀ ਕੁਮਾਰ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਨਿਯੁਕਤ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਵੱਲੋਂ ਵਿਧਾਇਕ ਅਸ਼ਵਨੀ ਕੁਮਾਰ ਸ਼ਰਮਾ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਠਾਨਕੋਟ ਤੋਂ ਮੌਜੂਦਾ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸੁਨੀਲ ਜਾਖੜ ਤੋਂ ਪਹਿਲਾਂ ਅਸ਼ਵਨੀ ਸ਼ਰਮਾ ਪੰਜਾਬ ਭਾਜਪਾ ਦੇ ਪ੍ਰਧਾਨ ਸਨ। ਇਹ ਨਿਯੁਕਤੀ ਭਾਜਪਾ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਕੀਤੀ ਹੈ। ਇਸ ਤੋਂ ਪਹਿਲਾਂ ਸੁਨੀਲ ਜਾਖੜ ਨੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ, ਪਰ ਕੇਂਦਰ ਵੱਲੋਂ ਇਸ ਨੂੰ ਮਨਜ਼ੂਰ ਨਹੀਂ ਕੀਤਾ ਗਿਆ ਸੀ।

ਪੰਜਾਬ ਵਿਚ 2027 ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਅਜਿਹੀ ਸਥਿਤੀ ਵਿਚ, ਭਾਜਪਾ ਵੱਲੋਂ ਸੰਗਠਨ ਨੂੰ ਮਜ਼ਬੂਤ ਕਰਨ ਵੱਲ ਕਦਮ ਚੁੱਕੇ ਗਏ ਹਨ। ਜਿਸ ਤਰ੍ਹਾਂ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਕੀਤੀ ਗਈ ਹੈ, ਉਸ ਤੋਂ ਸਪੱਸ਼ਟ ਹੈ ਕਿ ਜਾਖੜ ਪਹਿਲਾਂ ਵਾਂਗ ਹੀ ਅਹੁਦੇ 'ਤੇ ਬਣੇ ਰਹਿਣਗੇ। ਨਾਲ ਹੀ, ਅਸ਼ਵਨੀ ਸ਼ਰਮਾ ਉਨ੍ਹਾਂ ਦੇ ਸਹਿਯੋਗੀ ਵਜੋਂ ਕੰਮ ਕਰਨਗੇ।

# ਮਜੀਠੀਆ ਨੂੰ ਹਾਈਕੋਰਟ ਤੋਂ ਨਹੀਂ ਮਿਲੀ ਕੋਈ ਰਾਹਤ

**■ ਅਗਲੀ ਸੁਣਵਾਈ 29 ਜੁਲਾਈ ਨੂੰ**

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਮਜੀਠੀਆ ਦੀਆਂ ਮੁਸ਼ਕਲਾ ਵੱਧਦੀਆਂ ਜਾ ਰਹੀਆਂ ਹਨ। ਮਜੀਠੀਆ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਮਜੀਠੀਆ ਨੇ ਆਪਣੀ ਗ੍ਰਿਫ਼ਤਾਰੀ ਨੂੰ ਗੈਰ-ਕਾਨੂੰਨੀ ਦੱਸਦਿਆਂ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਤੇ ਅਦਾਲਤ ਨੇ ਉਨ੍ਹਾਂ ਨੂੰ ਸੁਣਵਾਈ ਦੌਰਾਨ ਕੋਈ ਰਾਹਤ ਨਹੀਂ ਦਿੱਤੀ। ਇਸ ਤਰ੍ਹਾਂ ਮਜੀਠੀਆ ਅਜੇ ਜੇਲ੍ਹ 'ਚ ਹੀ ਰਹਿਣਗੇ।

ਇਸ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਹੋਣੀ ਤੈਅ ਕੀਤੀ ਗਈ ਹੈ। ਇਸ ਤੋਂ ਪਹਿਲਾਂ 6 ਜੁਲਾਈ ਨੂੰ ਵਿਜੀਲੈਂਸ ਨੇ ਮਜੀਠੀਆ ਨੂੰ ਮੋਹਾਲੀ ਦੀ ਅਦਾਲਤ 'ਚ ਪੇਸ਼ ਕੀਤਾ ਸੀ, ਜਿੱਥੇ ਉਨ੍ਹਾਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ 'ਚ ਨਿਊ ਨਾਭਾ ਜੇਲ੍ਹ ਭੇਜ ਦਿੱਤਾ ਗਿਆ ਸੀ।

ਦੱਸਣਯੋਗ ਹੈ ਕਿ ਪੰਜਾਬ ਵਿਜੀਲੈਂਸ ਨੇ ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰ ਤੋਂ ਆਮਦਨ ਤੋਂ ਜਾਇਦਾਦ ਰੱਖਣ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ 'ਤੇ ਆਪਣੀ ਆਮਦਨ 540 ਕਰੋੜ ਰੁਪਏ ਤੋਂ ਵੱਧ ਜਾਇਦਾਦ ਰੱਖਣ ਦਾ ਦੋਸ਼ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸੁਪਰੀਮ ਕੋਰਟ ਵੱਲੋਂ ਸਾਬਕਾ ਜੱਜ ਡੀ.ਵਾਈ. ਚੰਦਰਚੂੜ ਤੋਂ ਸਰਕਾਰੀ ਰਿਹਾਇਸ਼ ਖਾਲੀ ਕਰਵਾਉਣ ਲਈ ਕੇਂਦਰ ਨੂੰ ਪੱਤਰ

**ਨਵੀਂ ਦਿੱਲੀ, (ਪੰਜਾਬ ਮੇਲ)-** ਆਪਣੀ ਤਰ੍ਹਾਂ ਦੇ ਪਹਿਲੇ ਮਾਮਲੇ 'ਚ ਸੁਪਰੀਮ ਕੋਰਟ ਪ੍ਰਸ਼ਾਸਨ ਨੇ ਕੇਂਦਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਕ੍ਰਿਸ਼ਨਾ ਮੈਨਨ ਮਾਰਗ 'ਤੇ ਭਾਰਤ ਦੇ ਚੀਫ਼ ਜਸਟਿਸ ਦੀ ਸਰਕਾਰੀ ਰਿਹਾਇਸ਼ ਨੂੰ ਖਾਲੀ ਕਰਵਾਏ। ਇਸ ਵਿਚ ਮੌਜੂਦਾ ਸਮੇਂ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਮਿਆਦ ਪੁੱਗਣ ਤੋਂ ਬਾਅਦ ਵੀ ਠਹਿਰੇ ਹੋਏ ਹਨ।

ਸੁਪਰੀਮ ਕੋਰਟ ਨੇ ਪਹਿਲੀ ਜੁਲਾਈ ਨੂੰ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੂੰ ਪੱਤਰ ਭੇਜ ਕੇ ਕਿਹਾ ਕਿ ਭਾਰਤ ਦੇ ਮੌਜੂਦਾ ਚੀਫ਼ ਜਸਟਿਸ ਲਈ ਕ੍ਰਿਸ਼ਨਾ ਮੈਨਨ ਮਾਰਗ 'ਤੇ ਬੰਗਲਾ ਨੰਬਰ 5 ਨੂੰ ਖਾਲੀ ਕੀਤਾ ਜਾਵੇ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਦਿੱਤੀ ਗਈ ਇਜਾਜ਼ਤ ਨਾ ਸਿਰਫ਼ 31 ਮਈ, 2025 ਨੂੰ ਖਤਮ ਹੋ ਗਈ ਸੀ, ਸਗੋਂ 2022 ਦੇ ਨਿਯਮਾਂ ਤਹਿਤ ਦਿੱਤੀ ਗਈ ਛੇ ਮਹੀਨਿਆਂ ਦੀ ਮਿਆਦ ਵੀ ਖਤਮ ਹੋ ਗਈ ਹੈ।


ਸੁਪਰੀਮ ਕੋਰਟ ਦੇ ਜੱਜ (ਸੋਧ) ਨਿਯਮ, 2022 ਦੇ ਨਿਯਮ 3ਬੀ ਦੇ ਤਹਿਤ, ਭਾਰਤ ਦਾ ਇੱਕ ਸੇਵਾਮੁਕਤ ਚੀਫ਼ ਜਸਟਿਸ ਸੇਵਾਮੁਕਤੀ ਤੋਂ ਬਾਅਦ ਵੱਧ ਤੋਂ ਵੱਧ ਛੇ ਮਹੀਨਿਆਂ ਲਈ 5, ਕ੍ਰਿਸ਼ਨਾ ਮੈਨਨ ਮਾਰਗ ਬੰਗਲੇ ਤੋਂ ਹੇਠਾਂ ਟਾਈਪ-7 ਬੰਗਲਾ ਰੱਖ ਸਕਦਾ ਹੈ। ਜ਼ਿਕਰਯੋਗ ਹੈ ਕਿ ਚੰਦਰਚੂੜ ਨੇ ਨਵੰਬਰ 2022 ਅਤੇ ਨਵੰਬਰ 2024 ਵਿਚਕਾਰ 50ਵੇਂ ਭਾਰਤ ਦੇ ਮੁੱਖ ਜਸਟਿਸ ਵਜੋਂ ਸੇਵਾਵਾਂ ਨਿਭਾਈਆਂ ਸਨ। ਜਸਟਿਸ ਚੰਦਰਚੂੜ ਤੋਂ ਬਾਅਦ ਚੀਫ਼ ਜਸਟਿਸ ਵਜੋਂ ਸੰਜੀਵ ਖੰਨਾ ਆਏ ਪਰ ਉਨ੍ਹਾਂ ਨੇ ਆਪਣੇ ਛੇ ਮਹੀਨਿਆਂ ਦੇ ਕਾਰਜਕਾਲ ਦੌਰਾਨ ਸਰਕਾਰੀ ਰਿਹਾਇਸ਼ ਵਿਚ ਨਾ ਜਾਣ ਦਾ ਫੈਸਲਾ ਕੀਤਾ। ਇੱਥੋਂ ਤੱਕ ਕਿ ਮੌਜੂਦਾ ਚੀਫ ਜਸਟਿਸ ਬੀ.ਆਰ. ਗਵਈ ਨੇ ਪਹਿਲਾਂ ਤੋਂ ਅਲਾਟ ਕੀਤੇ ਬੰਗਲੇ ਵਿਚ ਰਹਿਣ ਨੂੰ ਤਰਜੀਹ ਦਿੱਤੀ। ਦੱਸਣਾ ਬਣਦਾ ਹੈ ਕਿ ਪਿਛਲੇ ਸਾਲ 18 ਦਸੰਬਰ ਨੂੰ ਜਸਟਿਸ ਚੰਦਰਚੂੜ ਨੇ ਤਤਕਾਲੀ ਸੀ.ਜੇ.ਆਈ. ਖੰਨਾ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਸੀ ਕਿ ਉਹ 30 ਅਪ੍ਰੈਲ, 2025 ਤੱਕ 5, ਕ੍ਰਿਸ਼ਨਾ ਮੈਨਨ ਨਿਵਾਸ ਵਿਚ ਰਹਿਣ ਦੀ ਆਗਿਆ ਦੇਣ ਕਿਉਂਕਿ ਉਨ੍ਹਾਂ ਦੀ ਨਵੀਂ ਰਿਹਾਇਸ਼ 'ਤੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਇਸ ਤੋਂ ਬਾਅਦ ਸੀ.ਜੇ.ਆਈ. ਖੰਨਾ ਨੇ ਮਨਜ਼ੂਰੀ ਦੇ ਦਿੱਤੀ।

# ਭਾਰਤ 'ਚ ਨਿਊਜ਼ ਏਜੰਸੀ ਰਾਇਟਰਜ਼ ਦਾ ਐਕਸ ਖਾਤਾ ਬੰਦ!

**ਚੰਡੀਗੜ੍ਹ, (ਪੰਜਾਬ ਮੇਲ)-** ਕੌਮਾਂਤਰੀ ਨਿਊਜ਼ ਏਜੰਸੀ ਰਾਇਟਰਜ਼ ਦੇ ਅਧਿਕਾਰਤ ਐਕਸ (ਪਹਿਲਾਂ ਟਵਿੱਟਰ) ਖਾਤੇ ਨੂੰ ਭਾਰਤ ਵਿਚ ਰੋਕ ਦਿੱਤਾ ਗਿਆ ਹੈ। ਇਹ ਖਾਤਾ ਇੱਕ ਕਾਨੂੰਨੀ ਮੰਗ ਦੇ ਜਵਾਬ ਵਿਚ ਰੋਕਿਆ ਗਿਆ ਹੈ ਤੇ ਹੁਣ ਤੱਕ ਰਾਇਟਰਜ਼ ਨੇ ਪਾਬੰਦੀ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। ਇਸ ਦੇ ਖਾਤੇ 'ਤੇ ਇਹ ਸੰਦੇਸ਼ ਪ੍ਰਦਰਸ਼ਤ ਹੋ ਰਿਹਾ ਹੈ '@Reuters ਨੂੰ ਇੱਕ ਕਾਨੂੰਨੀ ਮੰਗ ਦੇ ਜਵਾਬ ਵਿਚ ਭਾਰਤ ਵਿਚ ਰੋਕਿਆ ਗਿਆ ਹੈ। ਰਾਇਟਰਜ਼ ਵਰਲਡ ਹੈਂਡਲ ਵੀ ਸ਼ਨਿੱਚਰਵਾਰ ਦੇਰ ਰਾਤ ਤੋਂ ਭਾਰਤ ਵਿਚ ਪਹੁੰਚਯੋਗ ਨਹੀਂ ਪਾਇਆ ਗਿਆ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# '84 ਸਿੱਖ ਵਿਰੋਧੀ ਦੰਗੇ; ਦਿੱਲੀ ਅਦਾਲਤ ਵੱਲੋਂ ਸੱਜਣ ਕੁਮਾਰ ਦੇ ਬਿਆਨ ਦਰਜ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਰਾਜਧਾਨੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ ਵਿਚ ਹੋਈ ਹਿੰਸਾ ਦੇ ਮਾਮਲੇ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੇ ਬਿਆਨ ਦਰਜ ਕੀਤੇ ਹਨ।

ਵਿਸ਼ੇਸ਼ ਜੱਜ ਡੀ.ਆਈ.ਜੀ. ਵਿਨੈ ਸਿੰਘ ਨੇ ਕੁਮਾਰ ਦੇ ਬਿਆਨ ਦਰਜ ਕੀਤੇ। ਇਸ ਮੌਕੇ ਕਾਂਗਰਸੀ ਆਗੂ ਨੇ ਖ਼ੁਦ ਨੂੰ ਬੇਕਸੂਰ ਕਰਾਰ ਦਿੰਦਿਆਂ ਕਿਹਾ ਕਿ ਉਸ ਖ਼ਿਲਾਫ਼ ਕੋਈ ਸਬੂਤ ਨਹੀਂ ਹੈ।

ਮਾਮਲੇ ਦਾ ਮੁਲਜ਼ਮ ਸੱਜਣ ਕੁਮਾਰ ਨਿਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਇਆ, ਜਿਸ ਨੇ ਦਾਅਵਾ ਕੀਤਾ ਕਿ ਮਾਮਲੇ ਦੀ ਨਿਰਪੱਖ ਜਾਂਚ ਨਹੀਂ ਕੀਤੀ ਗਈ ਅਤੇ ਉਸ ਨੂੰ ਬੇਬੁਨਿਆਦ ਦੋਸ਼ਾਂ ਨਾਲ ਫਸਾਇਆ ਜਾ ਰਿਹਾ ਹੈ। ਉਸ ਨੇ ਕਿਹਾ, "ਕਿਸੇ ਵੀ ਗਵਾਹ ਨੇ ਮੇਰਾ ਨਾਮ ਨਹੀਂ ਲਿਆ। ਦਹਾਕਿਆਂ ਬਾਅਦ ਮੇਰਾ ਨਾਮ ਲਿਆ ਗਿਆ। ਮੇਰੇ ਵਿਰੁੱਧ ਕੇਸ ਝੂਠਾ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਹੈ।"

ਇਸ ਪਿੱਛੋਂ ਅਦਾਲਤ ਨੇ ਮਾਮਲੇ ਦੀ ਸੁਣਵਾਈ 29 ਜੁਲਾਈ 'ਤੇ ਪਾ ਦਿੱਤੀ ਹੈ। ਗ਼ੌਰਤਲਬ ਹੈ ਕਿ ਫਰਵਰੀ 2015 ਵਿਚ ਇੱਕ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਹੋਈ ਹਿੰਸਾ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸੱਜਣ ਕੁਮਾਰ ਵਿਰੁੱਧ ਦੋ ਐੱਫ.ਆਈ.ਆਰਜ਼ ਦਰਜ ਕੀਤੀਆਂ ਸਨ।

# ਭਾਜਪਾ ਸੰਸਦ ਮੈਂਬਰ ਨੇ ਆਪ੍ਰੇਸ਼ਨ ਬਲਿਊ ਸਟਾਰ ਦੌਰਾਨ ਬਰਤਾਨਵੀ ਫੌਜ ਤੋਂ ਮਦਦ ਲੈਣ ਦਾ ਲਾਇਆ ਦੋਸ਼

**ਗੁਹਾਟੀ, (ਪੰਜਾਬ ਮੇਲ)-** ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਸੋਮਵਾਰ ਨੂੰ ਕਾਂਗਰਸ ਪਾਰਟੀ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਉਭਾਰ ਲਈ ਜ਼ਿੰਮੇਵਾਰ ਹੋਣ ਦੇ ਨਾਲ ਹੀ 1984 ਵਿਚ ਅਪਰੇਸ਼ਨ ਨੀਲਾ ਤਾਰਾ ਦੌਰਾਨ ਬਰਤਾਨਵੀ ਫੌਜ ਤੋਂ ਮਦਦ ਲੈਣ ਦਾ ਦੋਸ਼ ਲਗਾਇਆ ਹੈ।

ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਕਾਂਗਰਸ ਨੇ ਸਿੱਖ ਭਾਈਚਾਰੇ ਨਾਲ ਕਈ ਬੇਇਨਸਾਫ਼ੀਆਂ ਕੀਤੀਆਂ ਹਨ। ਉਨ੍ਹਾਂ ਇਹ ਦਾਅਵਾ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਇਕ ਪੋਸਟ ਵਿਚ ਕੀਤਾ ਹੈ।

ਦੂਬੇ ਨੇ ਕਿਹਾ, "ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਨੇ 1984 ਵਿਚ ਗ੍ਰਹਿ ਮੰਤਰਾਲੇ ਨੂੰ ਇੱਕ ਪੱਤਰ ਲਿਖਿਆ ਸੀ। ਅਪ੍ਰੇਸ਼ਨ ਬਲਿਊ ਸਟਾਰ ਜੂਨ 1984 ਵਿਚ ਹੋਇਆ ਸੀ, ਇਹ ਪੱਤਰ ਫਰਵਰੀ 1984 ਦਾ ਹੈ। ਉਸ ਵਿਚ ਸਾਫ਼ ਲਿਖਿਆ ਹੈ ਕਿ ਭਾਰਤ ਨੇ (ਅਪਰੇਸ਼ਨ ਬਲਿਊ ਸਟਾਰ ਲਈ) ਤਕਨੀਕੀ ਅਤੇ ਭੌਤਿਕ ਮਦਦ ਮੰਗੀ ਸੀ ਅਤੇ ਸਾਡੇ (ਬਰਤਾਨਵੀ) ਲੋਕ ਉੱਥੇ ਗਏ ਸਨ। ਕਾਂਗਰਸ ਛੇ ਮਹੀਨਿਆਂ ਤੋਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੀ ਸੀ।"

ਉਨ੍ਹਾਂ ਹੋਰ ਦਾਅਵਾ ਕੀਤਾ, "ਇੱਕ ਜਾਂਚ ਦੌਰਾਨ ਪਤਾ ਲੱਗਾ ਕਿ ਭਾਰਤੀ ਫੌਜ ਨੇ ਬਰਤਾਨਵੀ ਫੌਜ ਦੀ ਅਗਵਾਈ ਹੇਠ ਇਹ ਕਾਰਵਾਈ ਕੀਤੀ। ਤੁਸੀਂ (ਕਾਂਗਰਸ) ਭਿੰਡਰਾਂਵਾਲੇ ਨੂੰ ਜਨਮ ਦਿੱਤਾ ਅਤੇ ਫਿਰ ਬਰਤਾਨਵੀ ਫੌਜ ਤੋਂ ਮਦਦ ਲੈ ਕੇ ਸਿੱਖਾਂ ਦੇ ਸਭ ਤੋਂ ਵੱਡੇ ਧਾਰਮਿਕ ਸਥਾਨ 'ਤੇ ਹਮਲਾ ਕੀਤਾ।"

ਦੂਬੇ ਨੇ ਕਿਹਾ ਕਿ ਕਾਂਗਰਸ ਸਿੱਖਾਂ ਵਿਰੁੱਧ ਤਿੰਨ ਵੱਡੀਆਂ ਬੇਇਨਸਾਫ਼ੀਆਂ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਾਂਗਰਸ ਉਤੇ ਦੋਸ਼ ਲਾਇਆ ਕਿ ਉਸ ਨੇ 'ਸਿੱਖਾਂ ਨੂੰ ਕਠਪੁਤਲੀ ਵਜੋਂ' ਵਰਤਿਆ ਹੈ। ਆਪਣੇ ਦਾਅਵਿਆਂ ਦੇ ਸਮਰਥਨ ਵਿਚ ਦੂਬੇ ਨੇ ਯੂ.ਕੇ. ਦੇ ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ ਦੇ ਉਸ ਸਮੇਂ ਦੇ ਨਿੱਜੀ ਸਕੱਤਰ ਬ੍ਰਾਇਨ ਫਾਲ ਨੂੰ ਯੂ.ਕੇ. ਦੇ ਗ੍ਰਹਿ ਸਕੱਤਰ ਦੇ ਉਸ ਸਮੇਂ ਦੇ ਨਿੱਜੀ ਸਕੱਤਰ ਹਿਊ ਟੇਲਰ ਵੱਲੋਂ ਭੇਜਿਆ ਇਕ ਪੱਤਰ ਵੀ ਐਕਸ 'ਤੇ ਸ਼ੇਅਰ ਕੀਤਾ ਹੈ।

# ਅਮਰੀਕਾ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਖ਼ਿਲਾਫ਼ ਕੇਸ ਦਰਜ

**ਜਲੰਧਰ, (ਪੰਜਾਬ ਮੇਲ)-** ਇਥੋਂ ਦੀ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਦੀ ਧੋਖਾਧੜੀ ਦੇ ਸਬੰਧ 'ਚ ਮੁਲਜ਼ਮ ਟਰੈਵਲ ਏਜੰਟ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਗੁਨੀਤ ਚਾਵਲਾ ਵਾਸੀ ਸੰਤ ਨਗਰ, ਜਲੰਧਰ ਵਜੋਂ ਹੋਈ ਹੈ, ਜੋ ਇਸ ਸਮੇਂ ਫਰਾਰ ਹੈ। ਥਾਣਾ ਨੰਬਰ 6 ਦੀ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਮੰਗਾ ਵਾਸੀ ਪਿੰਡ ਹੁਸੈਨਪੁਰ ਕਪੂਰਥਲਾ ਨੇ ਕਿਹਾ ਕਿ ਉਹ ਅਮਰੀਕਾ ਜਾਣਾ ਚਾਹੁੰਦਾ ਸੀ। ਇਸ ਦੌਰਾਨ ਉਸ ਦੀ ਮੁਲਾਕਾਤ ਟਰੈਵਲ ਏਜੰਟ ਗੁਨੀਤ ਚਾਵਲਾ ਨਾਲ ਹੋਈ, ਜਿਸ ਨੇ ਉਸ ਨੂੰ ਅਮਰੀਕਾ ਭੇਜਣ ਦਾ ਭਰੋਸਾ ਦਿੱਤਾ। ਬਦਲੇ 'ਚ ਚਾਵਲਾ ਨੇ 7 ਲੱਖ 50 ਹਜ਼ਾਰ ਰੁਪਏ ਦੀ ਮੰਗ ਕੀਤੀ, ਜੋ ਮੰਗਾ ਨੇ ਉਸ ਨੂੰ ਕਿਸ਼ਤਾਂ 'ਚ ਦੇ ਦਿੱਤੇ। ਕਾਫ਼ੀ ਸਮਾਂ ਬੀਤਣ ਦੇ ਬਾਵਜੂਦ, ਜਦੋਂ ਉਸ ਨੂੰ ਨਾ ਤਾਂ ਵੀਜ਼ਾ ਮਿਲਿਆ ਤੇ ਨਾ ਹੀ ਯਾਤਰਾ ਸਬੰਧੀ ਕੋਈ ਦਸਤਾਵੇਜ਼ ਮਿਲਿਆ, ਤਾਂ ਉਸ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਧੋਖਾ ਹੋਇਆ ਹੈ। ਜਦੋਂ ਮੰਗਾ ਨੇ ਆਪਣੇ ਪੈਸੇ ਵਾਪਸ ਮੰਗਣ ਦੀ ਕੋਸ਼ਿਸ਼ ਕੀਤੀ, ਤਾਂ ਗੁਨੀਤ ਨੇ ਬਹਾਨੇ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਬਾਅਦ 'ਚ ਸੰਪਰਕ ਵੀ ਤੋੜ ਦਿੱਤਾ। ਅੰਤ 'ਚ ਪੀੜਤ ਨੇ ਪੁਲਿਸ ਸਟੇਸ਼ਨ ਡਵੀਜ਼ਨ ਨੰਬਰ 6 'ਚ ਸ਼ਿਕਾਇਤ ਦਰਜ ਕਰਵਾਈ, ਜਿਸ ਦੇ ਆਧਾਰ 'ਤੇ ਪੁਲਿਸ ਨੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਮੁਲਜ਼ਮ ਦੀ ਭਾਲ ਕਰ ਰਹੀ ਹੈ ਤੇ ਉਸ ਨੂੰ ਜਲਦੀ ਹੀ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਗੁਜਰਾਤ ਹਾਈ ਕੋਰਟ ਵੱਲੋਂ ਆਸਾਰਾਮ ਦੀ ਆਰਜ਼ੀ ਜ਼ਮਾਨਤ 'ਚ ਇਕ ਮਹੀਨੇ ਦਾ ਵਾਧਾ

**■ ਇਸ ਤੋਂ ਬਾਅਦ ਜ਼ਮਾਨਤ ਨਹੀਂ ਵਧਾਈ ਜਾਵੇਗੀ: ਅਦਾਲਤ**



**ਅਹਿਮਦਾਬਾਦ, (ਪੰਜਾਬ ਮੇਲ)-** ਗੁਜਰਾਤ ਹਾਈ ਕੋਰਟ ਨੇ ਆਸਾਰਾਮ ਦੀ ਆਰਜ਼ੀ ਜ਼ਮਾਨਤ ਨੂੰ ਇੱਕ ਮਹੀਨਾ ਹੋਰ ਵਧਾ ਦਿੱਤਾ ਹੈ। ਅਦਾਲਤ ਨੇ ਨਾਲ ਹੀ ਸਪੱਸ਼ਟ ਕੀਤਾ ਕਿ ਇਸ ਤੋਂ ਬਾਅਦ ਜ਼ਮਾਨਤ ਵਧਾਈ ਨਹੀਂ ਜਾਵੇਗੀ। 2013 ਦੇ ਜਬਰ ਜਨਾਹ ਦੇ ਇੱਕ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਚੁੱਕੇ ਆਸਾਰਾਮ (86) ਮੈਡੀਕਲ ਆਧਾਰ 'ਤੇ ਜ਼ਮਾਨਤ 'ਤੇ ਹਨ।

ਜਸਟਿਸ ਇਲੇਸ਼ ਵੋਰਾ ਅਤੇ ਪੀ.ਐੱਮ. ਰਾਵਲ ਦੇ ਡਿਵੀਜ਼ਨ ਬੈਂਚ ਨੇ ਆਸਾਰਾਮ ਦੀ ਆਰਜ਼ੀ ਜ਼ਮਾਨਤ ਨੂੰ ਇੱਕ ਮਹੀਨਾ ਹੋਰ ਵਧਾ ਦਿੱਤਾ ਹੈ। ਅਦਾਲਤ ਵੱਲੋਂ 28 ਮਾਰਚ ਨੂੰ ਦਿੱਤੀ ਗਈ ਜ਼ਮਾਨਤ ਦੀ ਮਿਆਦ 30 ਜੂਨ ਨੂੰ ਖਤਮ ਹੋਣ ਤੋਂ ਪਹਿਲਾਂ ਅਦਾਲਤ ਨੇ ਉਸ ਵਿਚ 7 ਜੁਲਾਈ ਤੱਕ ਅੰਤਰਿਮ ਵਾਧਾ ਕੀਤਾ ਸੀ। ਸੁਣਵਾਈ ਦੌਰਾਨ ਆਸਾਰਾਮ ਦੇ ਵਕੀਲ ਨੇ ਜ਼ਮਾਨਤ ਨੂੰ ਤਿੰਨ ਮਹੀਨੇ ਹੋਰ ਵਧਾਉਣ ਦੀ ਮੰਗ ਕੀਤੀ। ਹਾਲਾਂਕਿ, ਹਾਈ ਕੋਰਟ ਨੇ ਕਿਹਾ ਕਿ ਉਹ ਸਿਰਫ ਇੱਕ ਮਹੀਨੇ ਲਈ ਜ਼ਮਾਨਤ ਵਧਾਏਗਾ ਅਤੇ ਇਹ ਅੰਤਿਮ ਵਾਧਾ ਹੋਵੇਗਾ।

ਗਾਂਧੀਨਗਰ ਦੀ ਇੱਕ ਅਦਾਲਤ ਨੇ ਜਨਵਰੀ 2023 ਵਿਚ ਆਸਾਰਾਮ ਨੂੰ ਜਬਰ ਜਨਾਹ ਦੇ ਮਾਮਲੇ ਵਿਚ ਦੋਸ਼ੀ ਠਹਿਰਾਉਂਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਆਸਾਰਾਮ 2013 ਵਿਚ ਰਾਜਸਥਾਨ ਵਿਚ ਆਪਣੇ ਆਸ਼ਰਮ ਵਿਚ ਇੱਕ ਨਾਬਾਲਗ ਲੜਕੀ ਨਾਲ ਜਬਰ ਜਨਾਹ ਕਰਨ ਦੇ ਇੱਕ ਹੋਰ ਮਾਮਲੇ ਵਿਚ ਵੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

# ਅਮਰੀਕਾ 'ਚ ਗ੍ਰਿਫ਼ਤਾਰ ਹੈਪੀ ਪਾਸੀਆ ਨੂੰ ਛੇਤੀ ਹੀ ਲਿਆਂਦਾ ਜਾਵੇਗਾ ਭਾਰਤ

- ਭਾਰਤ ਤੇ ਅਮਰੀਕੀ ਏਜੰਸੀਆਂ ਵਿਚਕਾਰ ਚੱਲ ਰਹੀ ਗੱਲਬਾਤ
- ਪੰਜਾਬ 'ਚ 14 ਗ੍ਰਨੇਡ ਹਮਲਿਆਂ ਦਾ ਦੋਸ਼; 33 ਮਾਮਲੇ ਦਰਜ ਹਨ




ਨਵੀਂ ਦਿੱਲੀ, (ਪੰਜਾਬ ਮੇਲ)- ਬੀਤੇ ਕੁਝ ਮਹੀਨਿਆਂ ਦੌਰਾਨ ਪੰਜਾਬ 'ਚ ਕਈ ਥਾਈਂ ਪੁਲਿਸ ਥਾਣਿਆਂ 'ਚ ਗ੍ਰਨੇਡ ਹਮਲੇ ਕਰਵਾਉਣ ਵਾਲੇ ਅੱਤਵਾਦੀ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ ਨੂੰ ਅਮਰੀਕਾ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਐੱਫ.ਬੀ.ਆਈ. ਦੇ ਡਾਇਰੈਕਟਰ ਕਾਸ਼ ਪਟੇਲ ਨੇ ਦੱਸਿਆ ਸੀ ਕਿ ਉਹ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ ਤੇ ਭਾਰਤ ਦੇ ਨਾਲ ਅਮਰੀਕਾ 'ਚ ਵੀ ਕਈ ਪੁਲਿਸ ਥਾਣਿਆਂ 'ਤੇ ਹਮਲਾ ਕਰਨ ਦੀਆਂ ਯੋਜਨਾਵਾਂ 'ਚ ਸ਼ਾਮਲ ਸੀ।

ਪਾਸੀਆ ਭਾਰਤ 'ਚ ਵੀ ਕਈ ਮਾਮਲਿਆਂ 'ਚ ਵਾਂਟੇਡ ਹੈ, ਜਿਸ ਕਾਰਨ ਭਾਰਤ ਅਮਰੀਕਾ ਤੋਂ ਉਸ ਦੀ ਕਸਟਡੀ ਹਾਸਲ ਕਰਨਾ ਚਾਹੁੰਦਾ ਹੈ। ਇਸ ਮਾਮਲੇ 'ਚ ਹੁਣ ਸੂਤਰਾਂ ਦੇ ਹਵਾਲੇ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਹੈਪੀ ਪਾਸੀਆ ਨੂੰ ਛੇਤੀ ਹੀ ਭਾਰਤ ਲਿਆਂਦਾ ਜਾ ਸਕਦਾ ਹੈ।

ਦੱਸਿਆ ਜਾ ਰਿਹਾ ਹੈ ਕਿ ਹੈਪੀ ਪਾਸੀਆ 'ਤੇ ਪੰਜਾਬ 'ਚ 14 ਗ੍ਰਨੇਡ ਹਮਲਿਆਂ ਦਾ ਦੋਸ਼ ਹੈ ਤੇ ਉਸ ਖ਼ਿਲਾਫ਼ 33 ਮਾਮਲੇ ਦਰਜ ਹਨ। ਉਹ ਅੰਤਰਰਾਸ਼ਟਰੀ ਅੱਤਵਾਦੀ ਗਰੁੱਪਾਂ ਨਾਲ ਜੁੜਿਆ ਹੋਇਆ ਹੈ ਤੇ ਗ਼ੈਰ ਕਾਨੂੰਨੀ ਤਰੀਕੇ ਨਾਲ ਪੰਜਾਬ ਤੋਂ ਅਮਰੀਕਾ ਫਰਾਰ ਹੋ ਗਿਆ ਸੀ।

ਭਾਰਤ ਦੀ ਜਾਂਚ ਏਜੰਸੀ ਐੱਨ.ਆਈ.ਏ. ਵੱਲੋਂ ਉਸ 'ਤੇ 5 ਲੱਖ ਰੁਪਏ ਇਨਾਮ ਦਾ ਵੀ ਐਲਾਨ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਨੂੰ ਭਾਰਤ ਲਿਆਉਣ ਲਈ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਤੇ ਕੇਂਦਰੀ ਜਾਂਚ ਏਜੰਸੀਆਂ ਅਮਰੀਕੀ ਪੁਲਿਸ ਨਾਲ ਸੰਪਰਕ 'ਚ ਹਨ ਤੇ ਉਮੀਦ ਜਤਾਈ ਜਾ ਰਿਹਾ ਹੈ ਕਿ ਭਾਰਤ ਨੂੰ ਉਸ ਦੀ ਕਸਟਡੀ ਮਿਲ ਸਕਦੀ ਹੈ।

# ਬੀਤੇ 10 ਸਾਲਾਂ 'ਚ ਅਪਰਾਧਿਕ ਪਿਛੋਕੜ ਵਾਲੇ 17,600 ਵਿਅਕਤੀ ਕੈਨੇਡਾ ਪੁੱਜੇ

- ਆਵਾਸ ਵਿਭਾਗ ਵੱਲੋਂ ਜਾਰੀ ਅੰਕੜਿਆਂ ਵਿਚ ਹੋਇਆ ਖੁਲਾਸਾ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੇ ਆਵਾਸ ਵਿਭਾਗ ਨੇ ਬੀਤੇ 10 ਸਾਲਾਂ ਦੌਰਾਨ ਅਪਰਾਧਿਕ ਪਿਛੋਕੜ ਵਾਲੇ 17,600 ਵਿਦੇਸ਼ੀਆਂ ਦੀਆਂ ਕੈਨੇਡਾ ਪੁੱਜਣ ਦੀਆਂ ਅਰਜ਼ੀਆਂ ਸਵੀਕਾਰ ਕੀਤੀਆਂ ਤੇ ਉਨ੍ਹਾਂ ਦਾ ਕੈਨੇਡਾ ਪੁੱਜਣ 'ਤੇ ਸਵਾਗਤ ਕੀਤਾ। ਇਸ ਦਹਾਕੇ ਦੌਰਾਨ ਅਪਰਾਧਿਕ ਪਿਛੋਕੜ ਵਾਲੇ 25,350 ਵਿਅਕਤੀਆਂ ਨੇ ਅਰਜ਼ੀਆਂ ਭਰੀਆਂ, ਜਿਨ੍ਹਾਂ 'ਚੋਂ 10 ਫੀਸਦੀ ਨੇ ਤਾਂ ਅਰਜ਼ੀਆਂ ਆਪੇ ਵਾਪਸ ਲੈ ਲਈਆਂ, ਜਦਕਿ 20 ਫੀਸਦੀ ਦੀਆਂ ਅਰਜ਼ੀਆਂ ਅਸਵੀਕਾਰ ਕਰਕੇ ਵੱਖ-ਵੱਖ ਵਰਗ ਦੀਆਂ 70 ਫੀਸਦੀ ਅਰਜ਼ੀਆਂ ਸਵੀਕਾਰ ਕਰ ਲਈਆਂ ਗਈਆਂ। ਅੰਕੜੇ ਜਾਰੀ ਕੀਤੇ ਜਾਣ ਮਗਰੋਂ ਬੀਤੇ 10 ਸਾਲਾਂ ਵਿਚ ਦੇਸ਼ 'ਚ ਹੋਏ ਅਪਰਾਧਿਕ ਵਾਧੇ ਨੂੰ ਵੀ ਇਸੇ ਗੱਲ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਹੈ। ਸੰਪਰਕ ਕਰਨ 'ਤੇ ਆਵਾਸ ਵਿਭਾਗ ਦੇ ਤਰਜਮਾਨ ਰੇਮੀ ਲੈਰੀਵੀਰੇ ਨੇ ਇਹ ਦੱਸਣ ਤੋਂ ਟਾਲਾ ਵੱਟਿਆ ਕਿ ਕੈਨੇਡਾ ਪੁੱਜਣ 'ਤੇ ਇਨ੍ਹਾਂ 'ਚੋਂ ਕਿੰਨਿਆਂ 'ਤੇ ਅਪਰਾਧਿਕ ਮਾਮਲੇ ਦਰਜ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਕਿਹਾ ਕਿ ਆਵਾਸ ਵਿਭਾਗ ਦੀਆਂ 2001 ਤੋਂ ਅਪਣਾਈਆਂ ਜਾ ਰਹੀਆਂ ਨੀਤੀਆਂ ਅਨੁਸਾਰ ਵੀਜ਼ਾ ਅਧਿਕਾਰੀ ਅਰਜ਼ੀਕਰਤਾ ਨੂੰ ਅਪਰਾਧ ਦੇ ਪੰਜ ਸਾਲ ਬਾਅਦ ਮੁੜ ਵਸੇਬੇ ਦਾ ਲਾਭ ਦਿੰਦਿਆਂ ਅਰਜ਼ੀ ਸਵੀਕਾਰ ਕਰ ਸਕਦਾ ਹੈ। ਅਜਿਹੇ ਵਿਅਕਤੀਆਂ ਕੋਲੋਂ ਲਿਖਤੀ ਲਿਆ ਜਾਂਦਾ ਹੈ ਕਿ ਉਹ ਕੈਨੇਡਾ ਪਹੁੰਚ ਕੇ ਕਿਸੇ ਵੀ ਗੈਰਕਨੂੰਨੀ ਗਤੀਵਿਧੀ ਵਿਚ ਸ਼ਾਮਲ ਨਹੀਂ ਹੋਏਗਾ। ਵਿਭਾਗ 'ਚੋਂ ਸੇਵਾਮੁਕਤ ਹੋਏ ਅਧਿਕਾਰੀ ਨੇ ਕਿਹਾ ਕਿ ਇਸ ਅਹਿਦ ਦੇ ਆਧਾਰ 'ਤੇ ਆਵਾਸ ਵਿਭਾਗ ਗੈਰਕਾਨੂੰਨੀ ਕੰਮ ਕਰਨ ਵਾਲੇ ਕਿਸੇ ਵੀ ਵਿਦੇਸ਼ੀ ਨੂੰ ਕਦੇ ਵੀ ਉਸ ਦੇ ਦੇਸ਼ ਵਾਪਸ ਭੇਜ (ਡਿਪੋਰਟ) ਸਕਦਾ ਹੈ, ਚਾਹੇ ਉਹ ਪੀ.ਆਰ. ਵੀ ਕਿਉਂ ਨਾ ਹੋ ਗਿਆ ਹੋਵੇ।

# ਡਾਕਟਰ ਮਾਂ ਵੱਲੋਂ ਬੇਰਹਿਮੀ ਨਾਲ ਕੀਤੀ ਆਪਣੀ ਮਾਸੂਮ ਧੀ ਦੀ ਹੱਤਿਆ; ਗ੍ਰਿਫ਼ਤਾਰ



ਮਿਆਮੀ, (ਪੰਜਾਬ ਮੇਲ)- ਅਮਰੀਕਾ ਦੇ ਦੱਖਣੀ ਫਲੋਰੀਡਾ 'ਚ ਭਾਰਤੀ ਮੂਲ ਦੀ ਡਾਕਟਰ ਨੇਹਾ ਗੁਪਤਾ ਨੂੰ ਆਪਣੀ 4 ਸਾਲਾ ਧੀ ਦੇ ਪਹਿਲੇ ਡਿਗਰੀ ਕਤਲ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਡਾਕਟਰ ਗੁਪਤਾ ਨੇ ਕਥਿਤ ਤੌਰ 'ਤੇ ਧੀ ਦੇ ਕਤਲ ਨੂੰ ਦੁਰਘਟਨਾ 'ਚ ਡੁੱਬਣ ਵਰਗਾ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਦਰਦਨਾਕ ਘਟਨਾ 27 ਜੂਨ ਨੂੰ ਮਿਆਮੀ ਦੇ ਨੇੜੇ ਐਲ ਪੋਰਟਲ ਪਿੰਡ 'ਚ ਵਾਪਰੀ, ਜਿੱਥੇ ਨੇਹਾ ਆਪਣੀ ਧੀ ਆਰੀਆ ਤਲਥੀ ਨਾਲ ਆਪਣੀਆਂ ਛੁੱਟੀਆਂ ਬਿਤਾ ਰਹੀ ਸੀ।

ਮਿਆਮੀ-ਡੇਡ ਸ਼ੈਰਿਫ ਦੇ ਦਫਤਰ ਦੇ ਅਨੁਸਾਰ, ਨੇਹਾ ਨੇ ਸਵੇਰੇ 3:30 ਵਜੇ ਦੇ ਕਰੀਬ 911 'ਤੇ ਫ਼ੋਨ ਕੀਤਾ ਅਤੇ ਦੱਸਿਆ ਕਿ ਉਸਦੀ ਧੀ ਸਵੀਮਿੰਗ ਪੂਲ 'ਚ ਡੁੱਬ ਗਈ ਹੈ। ਬਚਾਅ ਟੀਮ ਮੌਕੇ 'ਤੇ ਪਹੁੰਚੀ ਤੇ ਬੱਚੀ ਨੂੰ ਪਾਣੀ 'ਚੋਂ ਬਾਹਰ ਕੱਢਿਆ ਤੇ ਸੀ.ਪੀ.ਆਰ. ਦਿੱਤਾ, ਪਰ ਹਸਪਤਾਲ ਲਿਜਾਣ ਤੋਂ ਬਾਅਦ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹਾਲਾਂਕਿ, ਦੋ ਦਿਨ ਬਾਅਦ ਕੀਤੇ ਗਏ ਪੋਸਟਮਾਰਟਮ ਵਿਚ, ਨਾ ਤਾਂ ਫੇਫੜਿਆਂ ਵਿਚ ਪਾਣੀ ਮਿਲਿਆ ਅਤੇ ਨਾ ਹੀ ਪੇਟ ਵਿਚ, ਜਿਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਲੜਕੀ ਦੀ ਮੌਤ ਡੁੱਬਣ ਨਾਲ ਨਹੀਂ ਹੋਈ, ਸਗੋਂ ਉਸਦਾ ਕਤਲ ਕੀਤਾ ਗਿਆ ਸੀ।

ਜਾਂਚ ਅਧਿਕਾਰੀਆਂ ਦੇ ਅਨੁਸਾਰ, ਨੇਹਾ ਨੇ ਦੱਸਿਆ ਸੀ ਕਿ ਉਸਨੇ ਅਤੇ ਉਸਦੀ ਧੀ ਨੇ ਰਾਤ 9 ਵਜੇ ਖਾਣਾ ਖਾਧਾ ਅਤੇ ਫਿਰ 12:30 ਵਜੇ ਸੌਂ ਗਏ। ਸਵੇਰੇ 3:20 ਵਜੇ, ਉਹ ਕਿਸੇ ਆਵਾਜ਼ ਕਾਰਨ ਜਾਗ ਪਈ ਅਤੇ ਜਦੋਂ ਉਹ ਬਾਹਰ ਗਈ ਤਾਂ ਉਸਨੇ ਦੇਖਿਆ ਕਿ ਧੀ ਪੂਲ ਵਿਚ ਸੀ। ਉਸਨੇ ਦਾਅਵਾ ਕੀਤਾ ਕਿ ਉਸਨੇ ਖੁਦ 10 ਮਿੰਟ ਤੱਕ ਉਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਫਿਰ 911 'ਤੇ ਕਾਲ ਕੀਤੀ। ਪਰ ਡਾਕਟਰੀ ਜਾਂਚ ਵਿਚ ਇਹ ਕਹਾਣੀ ਝੂਠੀ ਸਾਬਤ ਹੋਈ।

ਅਮਰੀਕੀ ਮੀਡੀਆ ਰਿਪੋਰਟਾਂ ਦੇ ਅਨੁਸਾਰ, ਨੇਹਾ ਗੁਪਤਾ ਅਤੇ ਉਸਦੇ ਸਾਬਕਾ ਪਤੀ ਵਿਚਕਾਰ ਬੱਚੇ ਦੀ ਹਿਰਾਸਤ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਪਿਤਾ ਨੂੰ ਇਹ ਵੀ ਨਹੀਂ ਪਤਾ ਸੀ ਕਿ ਨੇਹਾ ਆਪਣੀ ਧੀ ਨਾਲ ਮਿਆਮੀ ਪਹੁੰਚ ਗਈ ਹੈ ਅਤੇ ਕਿਰਾਏ ਦੇ ਘਰ 'ਚ ਰਹਿ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਹ ਹਿਰਾਸਤ ਵਿਵਾਦ ਇਸ ਹੱਦ ਤੱਕ ਪਹੁੰਚ ਗਿਆ ਕਿ ਲੜਕੀ ਨੇ ਆਪਣੀ ਜਾਨ ਗੁਆ ਦਿੱਤੀ।

ਨੇਹਾ ਗੁਪਤਾ ਨੇ 2012 'ਚ ਮੱਧ ਪ੍ਰਦੇਸ਼ ਦੇ ਨੇਤਾਜੀ ਸੁਭਾਸ਼ ਚੰਦਰ ਬੋਸ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਕੀਤੀ। ਉਹ ਅਮਰੀਕਾ ਦੇ ਓਕਲਾਹੋਮਾ ਸਿਟੀ 'ਚ ਇੱਕ ਬਾਲ ਰੋਗ ਵਿਗਿਆਨੀ ਸੀ ਅਤੇ ਓਕਲਾਹੋਮਾ ਯੂਨੀਵਰਸਿਟੀ ਨਾਲ ਜੁੜੀ ਹੋਈ ਸੀ। ਹਾਲਾਂਕਿ, ਯੂਨੀਵਰਸਿਟੀ ਨੇ ਉਸਨੂੰ 30 ਮਈ ਨੂੰ ਡਿਊਟੀ ਤੋਂ ਹਟਾ ਦਿੱਤਾ।

ਨੇਹਾ ਨੂੰ ਓਕਲਾਹੋਮਾ ਸਿਟੀ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸਨੂੰ ਮਿਆਮੀ-ਡੇਡ ਕਾਉਂਟੀ 'ਚ ਤਬਦੀਲ ਕਰਨ ਦੀ ਪ੍ਰਕਿਰਿਆ ਅਧੀਨ ਹੈ, ਜਿੱਥੇ ਉਸ 'ਤੇ ਫਸਟ ਡਿਗਰੀ ਕਤਲ ਦਾ ਮੁਕੱਦਮਾ ਚਲਾਇਆ ਜਾਵੇਗਾ। ਪੁਲਿਸ ਦਸਤਾਵੇਜ਼ਾਂ ਦੇ ਅਨੁਸਾਰ, ਉਸਨੇ ਕਤਲ ਨੂੰ ਛੁਪਾਉਣ ਲਈ ਇੱਕ ਝੂਠੀ ਡੁੱਬਣ ਦੀ ਕਹਾਣੀ ਘੜਨ ਦੀ ਸਾਜ਼ਿਸ਼ ਰਚੀ ਸੀ।

# ਯਮਨ 'ਚ ਮੌਤ ਦੀ ਸਜ਼ਾ ਦਾ ਸਾਹਮਣੀ ਕਰ ਰਹੀ ਭਾਰਤੀ ਨਾਗਰਿਕ ਨੂੰ ਫਾਂਸੀ ਅਗਲੇ ਹਫ਼ਤੇ

- ਵਿਦੇਸ਼ ਮੰਤਰਾਲੇ ਨੇ ਪੂਰੇ ਮਾਮਲੇ 'ਤੇ ਨੇੜਿਓਂ ਨਜ਼ਰ ਬਣਾਈ
- ਸਜ਼ਾ ਮੁਆਫ਼ੀ ਲਈ ਕੋਸ਼ਿਸ਼ਾਂ ਜਾਰੀ



ਭਾਰਤੀ ਨਰਸ ਪ੍ਰਿਯਾ ਨਿਮਿਸ਼ਾ ਦੀ ਫਾਈਲ ਫੋਟੋ।

ਨਵੀਂ ਦਿੱਲੀ, (ਪੰਜਾਬ ਮੇਲ)- ਯਮਨ ਦੇ ਨਾਗਰਿਕ ਦੇ ਕਤਲ ਲਈ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੀ ਭਾਰਤੀ ਨਾਗਰਿਕ ਨਿਮਿਸ਼ਾ ਪ੍ਰਿਆ ਨੂੰ ਅਗਲੇ ਹਫ਼ਤੇ 16 ਜੁਲਾਈ ਨੂੰ ਫਾਂਸੀ ਦਿੱਤੀ ਜਾਣੀ ਹੈ। ਪ੍ਰਿਆ ਯੂ.ਏ.ਈ. ਵਿਚ ਨਰਸ ਦਾ ਕੰਮ ਕਰਦੀ ਸੀ ਤੇ ਕੇਰਲਾ ਦੀ ਰਹਿਣ ਵਾਲੀ ਹੈ।

ਵਿਦੇਸ਼ ਮੰਤਰਾਲੇ ਵਿਚਲੇ ਸੂਤਰਾਂ ਨੇ ਦੱਸਿਆ ਕਿ ਮੰਤਰਾਲਾ ਇਸ ਮਾਮਲੇ ਦੀ ਬਾਰੀਕੀ ਨਾਲ ਨਿਗਰਾਨੀ ਕਰ ਰਿਹਾ ਹੈ। ਸੂਤਰਾਂ ਨੇ ਕਿਹਾ, "ਅਸੀਂ ਸਥਾਨਕ ਅਧਿਕਾਰੀਆਂ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਨਿਯਮਤ ਸੰਪਰਕ ਵਿਚ ਹਾਂ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਹੈ। ਅਸੀਂ ਇਸ ਮਾਮਲੇ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ।"

ਪ੍ਰਿਆ, ਜੋ ਕੇਰਲਾ ਦੇ ਪਲੱਕੜ ਦੇ ਕੋਲੇਨਗੋਡ ਕਸਬੇ ਦੀ ਰਹਿਣ ਵਾਲੀ ਹੈ, ਦੀ ਮੌਤ ਦੀ ਸਜ਼ਾ ਨੂੰ ਪਿਛਲੇ ਸਾਲ 30 ਦਸੰਬਰ ਨੂੰ ਯਮਨ ਦੇ ਰਾਸ਼ਟਰਪਤੀ ਨੇ ਮਨਜ਼ੂਰੀ ਦਿੱਤੀ ਸੀ। ਪ੍ਰਿਆ ਵਿਆਹੀ ਹੋਈ ਹੈ ਅਤੇ ਇੱਕ ਬੱਚੀ ਦੀ ਮਾਂ ਹੈ। ਉਹ 2011 ਵਿਚ ਯਮਨ ਚਲੀ ਗਈ ਸੀ। ਇਹ ਉਹ ਥਾਂ ਹੈ, ਜਿੱਥੇ ਉਸ ਦੀ ਮੁਲਾਕਾਤ ਯਮਨੀ ਨਾਗਰਿਕ ਤਲਾਲ ਅਬਦੋ ਮਹਿਦੀ ਨਾਲ ਹੋਈ।

ਪ੍ਰਿਆ ਦਾ ਪਤੀ ਅਤੇ ਨਾਬਾਲਗ ਧੀ ਵਿੱਤੀ ਕਾਰਨਾਂ ਕਰਕੇ 2014 ਵਿਚ ਭਾਰਤ ਵਾਪਸ ਆ ਗਏ। ਉਸੇ ਸਾਲ ਯਮਨ ਖਾਨਾਜੰਗੀ ਵਿਚ ਫਸ ਗਿਆ ਸੀ, ਜਿਸ ਕਰਕੇ ਪਿਓ ਧੀ ਵਾਪਸ ਨਹੀਂ ਜਾ ਸਕੇ, ਕਿਉਂਕਿ ਯਮਨ ਨੇ ਨਵੇਂ ਵੀਜ਼ੇ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਸੀ। ਮਗਰੋਂ ਮਹਿਦੀ ਨੇ ਪ੍ਰਿਆ ਨੂੰ ਯਮਨ ਦੀ ਰਾਜਧਾਨੀ ਸਨਾ ਵਿਚ ਕਲੀਨਿਕ ਸਥਾਪਤ ਕਰਨ ਵਿਚ ਮਦਦ ਕੀਤੀ। ਯਮਨ ਦੇ ਕਾਨੂੰਨ ਮੁਤਾਬਕ ਵਿਦੇਸ਼ੀ ਸਿਰਫ਼ ਉਦੋਂ ਹੀ ਦੇਸ਼ ਵਿਚ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹਨ, ਜੇਕਰ ਉਨ੍ਹਾਂ ਕੋਲ ਸਥਾਨਕ ਭਾਈਵਾਲ ਹੋਣ।

ਪ੍ਰਿਆ ਨੂੰ 2017 ਵਿਚ ਮਹਿਦੀ ਦੇ ਕਤਲ ਦਾ ਦੋਸ਼ੀ ਪਾਇਆ ਗਿਆ ਸੀ। ਹਾਲਾਂਕਿ ਪ੍ਰਿਆ ਨੇ ਦਾਅਵਾ ਕੀਤਾ ਸੀ ਕਿ ਇਹ ਸਭ ਕੁਝ ਸਵੈ-ਰੱਖਿਆ ਵਿਚ ਹੋਇਆ ਸੀ। ਪ੍ਰਿਆ ਨੇ ਆਪਣੇ ਬਚਾਅ ਵਿਚ ਦੋਸ਼ ਲਗਾਇਆ ਕਿ ਮਹਿਦੀ ਉਸ ਨੂੰ ਪੈਸੇ ਲਈ ਤੰਗ-ਪ੍ਰੇਸ਼ਾਨ ਕਰ ਰਿਹਾ ਸੀ ਅਤੇ ਉਸ ਦਾ ਪਾਸਪੋਰਟ ਵੀ ਜ਼ਬਤ ਕਰ ਲਿਆ। ਉਸ ਨੇ ਦੋਸ਼ ਲਗਾਇਆ ਕਿ ਮਹਿਦੀ ਨੇ ਉਸ ਦੇ ਜਾਅਲੀ ਦਸਤਾਵੇਜ਼ ਬਣਾਏ ਅਤੇ ਉਸ ਦਾ ਪਤੀ ਹੋਣ ਦਾ ਦਾਅਵਾ ਕੀਤਾ। ਇਹੀ ਨਹੀਂ, ਮਹਿਦੀ ਨੇ ਜਬਰੀ ਉਸ ਦਾ ਸਰੀਰਕ ਅਤੇ ਭਾਵਨਾਤਮਕ ਸ਼ੋਸ਼ਣ ਵੀ ਕੀਤਾ।

ਯਮਨ ਦੀ ਹੇਠਲੀ ਕੋਰਟ ਨੇ 2018 ਵਿਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਦੋਂ ਤੋਂ ਪ੍ਰਿਆ ਦਾ ਪਰਿਵਾਰ ਉਸ ਦੀ ਰਿਹਾਈ ਲਈ ਲੜ ਰਿਹਾ ਹੈ। ਉਨ੍ਹਾਂ ਨੇ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਯਮਨ ਦੀ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ, ਪਰ ਉਨ੍ਹਾਂ ਦੀ ਅਪੀਲ 2023 ਵਿਚ ਰੱਦ ਕਰ ਦਿੱਤੀ ਗਈ। ਯਮਨੀ ਰਾਸ਼ਟਰਪਤੀ ਵੱਲੋਂ ਪ੍ਰਿਆ ਦੀ ਅਪੀਲ ਰੱਦ ਕਰਨ ਮਗਰੋਂ ਹੁਣ ਉਸ ਦੀ ਰਿਹਾਈ ਪੀੜਤ ਪਰਿਵਾਰ ਅਤੇ ਉਨ੍ਹਾਂ ਦੇ ਕਬਾਇਲੀ ਆਗੂਆਂ ਦੀ ਮਾਫ਼ੀ 'ਤੇ ਨਿਰਭਰ ਕਰਦੀ ਹੈ।







# ਟਰੰਪ ਦੀ ਨੂੰਹ ਲਾਰਾ ਉੱਤਰੀ ਕੈਰੋਲੀਨਾ ਤੋਂ ਲੜ ਸਕਦੀ ਹੈ ਉਪ-ਚੋਣ




ਵਾਸ਼ਿੰਗਟਨ, (ਪੰਜਾਬ ਮੇਲ)- ਅਗਲੇ ਸਾਲ ਅਮਰੀਕਾ ਵਿਚ ਉਪ-ਚੋਣਾਂ ਹੋਣ ਜਾ ਰਹੀਆਂ ਹਨ। ਇਸ ਸੂਚੀ ਵਿਚ ਉੱਤਰੀ ਕੈਰੋਲੀਨਾ ਸੀਟ ਦਾ ਨਾਂ ਵੀ ਸ਼ਾਮਲ ਹੈ, ਜਿਸ ਨੂੰ ਸੰਸਦ ਦੀ ਇਕ ਮਹੱਤਵਪੂਰਨ ਸੀਟ ਮੰਨਿਆ ਜਾਂਦਾ ਹੈ। ਉੱਤਰੀ ਕੈਰੋਲੀਨਾ ਨੂੰ ਜਿੱਤਣ ਲਈ ਰਿਪਬਲਿਕਨ ਅਤੇ ਡੈਮੋਕ੍ਰੇਟ ਪਾਰਟੀਆਂ ਵਿਚਕਾਰ ਮੁਕਾਬਲਾ ਹੈ। ਇਸ ਦੇ ਨਾਲ ਹੀ ਡੋਨਾਲਡ ਟਰੰਪ ਦੀ ਨੂੰਹ ਲਾਰਾ ਟਰੰਪ ਆਉਣ ਵਾਲੀਆਂ ਉਪ-ਚੋਣਾਂ ਵਿਚ ਇਥੋਂ ਚੋਣ ਲੜ ਸਕਦੀ ਹੈ। ਟਰੰਪ ਦਾ ਕਹਿਣਾ ਹੈ ਕਿ ਉੱਤਰੀ ਕੈਰੋਲੀਨਾ ਸੀਟ ਤੋਂ ਲਾਰਾ ਉਨ੍ਹਾਂ ਦੀ ਪਹਿਲੀ ਪਸੰਦ ਹੈ।

ਲਾਰਾ ਟਰੰਪ ਦਾ ਅਸਲੀ ਨਾਂ ਲਾਰਾ ਯੂਨਸਕਾ ਹੈ। ਲਾਰਾ ਦਾ ਜਨਮ ਉੱਤਰੀ ਕੈਰੋਲੀਨਾ ਦੇ ਵਿਲਮਿੰਗਟਨ ਵਿਚ ਹੋਇਆ ਸੀ। 2014 ਵਿਚ ਲਾਰਾ ਨੇ ਡੋਨਾਲਡ ਟਰੰਪ ਦੇ ਦੂਜੇ ਪੁੱਤਰ ਏਰਿਕ ਟਰੰਪ ਨਾਲ ਵਿਆਹ ਕੀਤਾ ਅਤੇ ਉਹ ਲਾਰਾ ਯੂਨਸਕਾ ਤੋਂ ਲਾਰਾ ਟਰੰਪ ਬਣ ਗਈ। ਏਰਿਕ ਨਾਲ ਵਿਆਹ ਤੋਂ ਪਹਿਲਾਂ ਸ਼ਾਇਦ ਹੀ ਕੋਈ ਲਾਰਾ ਨੂੰ ਜਾਣਦਾ ਸੀ ਪਰ ਜਿਵੇਂ ਹੀ ਉਹ ਟਰੰਪ ਪਰਿਵਾਰ ਵਿਚ ਸ਼ਾਮਲ ਹੋਈ, ਲਾਰਾ ਦਾ ਨਾਂ ਅਮਰੀਕਾ ਦੀਆਂ ਮਸ਼ਹੂਰ ਸ਼ਖ਼ਸੀਅਤਾਂ ਵਿਚੋਂ ਇਕ ਬਣ ਗਿਆ।

ਹਾਲ ਹੀ ਵਿਚ ਉੱਤਰੀ ਕੈਰੋਲੀਨਾ ਸੀਟ ਲਈ ਲਾਰਾ ਦੇ ਨਾਂ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਲਾਰਾ ਉੱਤਰੀ ਕੈਰੋਲੀਨਾ ਵਿਚ ਵੱਡੀ ਹੋਈ। ਬੇਸ਼ੱਕ ਹੁਣ ਉਹ ਫਲੋਰੀਡਾ ਵਿਚ ਰਹਿੰਦੀ ਹੈ ਪਰ ਉਸ ਦਾ ਅਜੇ ਵੀ ਉੱਤਰੀ ਕੈਰੋਲੀਨਾ ਨਾਲ ਇਕ ਖਾਸ ਸੰਬੰਧ ਹੈ।


2014 ਵਿਚ ਵਿਆਹ ਤੋਂ ਬਾਅਦ ਲਾਰਾ ਨਾ ਸਿਰਫ ਟਰੰਪ ਬ੍ਰਾਂਡ ਦਾ ਹਿੱਸਾ ਬਣੀ, ਸਗੋਂ ਉਸ ਨੇ ਇਸ ਦੀ ਸ਼ਾਨ ਵਿਚ ਵੀ ਵਾਧਾ ਕੀਤਾ। 2016 ਵਿਚ ਜਦੋਂ ਟਰੰਪ ਨੇ ਰਾਸ਼ਟਰਪਤੀ ਚੋਣ ਵਿਚ ਖੜ੍ਹੇ ਹੋਣ ਦਾ ਫੈਸਲਾ ਕੀਤਾ ਤਾਂ ਇਹ ਲਾਰਾ ਸੀ, ਜਿਸ ਨੇ ਟਰੰਪ ਦੇ ਡਿਜੀਟਲ ਵੀਡੀਓ ਬਣਾਏ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਉਨ੍ਹਾਂ ਦਾ ਪ੍ਰਚਾਰ ਕੀਤਾ। ਜਦੋਂ ਲਾਰਾ ਜੋ ਵਿਆਹ ਤੋਂ ਪਹਿਲਾਂ ਇਕ ਟੀ.ਵੀ. ਰਿਪੋਰਟਰ ਸੀ, ਨੇ ਟਰੰਪ ਦੀ ਕਹਾਣੀ ਨੂੰ ਲੋਕਾਂ ਦੇ ਸਾਹਮਣੇ ਇਕ ਖਾਸ ਤਰੀਕੇ ਨਾਲ ਪੇਸ਼ ਕੀਤਾ ਤਾਂ 'ਟਰੰਪ ਫਸਟ' ਦੀ ਲਹਿਰ ਅਮਰੀਕਾ ਵਿਚ ਫੈਲ ਗਈ।

ਜਦੋਂ ਡੋਨਾਲਡ ਟਰੰਪ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਮੈਦਾਨ ਵਿਚ ਉਤਰੇ ਤਾਂ ਲਾਰਾ ਨੇ ਇਕ ਵਾਰ ਫਿਰ ਚੋਣ ਮੁਹਿੰਮ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। ਲਾਰਾ ਰਿਪਬਲਿਕਨ ਨੈਸ਼ਨਲ ਕਮੇਟੀ (ਆਰ.ਐੱਨ.ਸੀ.) ਦੀ ਉਪ-ਪ੍ਰਧਾਨ ਸੀ। ਲਾਰਾ ਨੇ ਫੌਕਸ ਨਿਊਜ਼ ਸ਼ੋਅ ਸ਼ੁਰੂ ਕੀਤਾ, ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ।

ਜੇਕਰ ਲਾਰਾ ਸੱਚਮੁੱਚ ਇਸ ਸੀਟ ਤੋਂ ਸਿਆਸੀ ਪਿੜ ਵਿਚ ਨਿਤਰਦੀ ਹੈ ਤਾਂ ਉਸ ਨੂੰ ਟਰੰਪ ਦੇ ਸਮਰਥਕਾਂ ਦਾ ਪੂਰਾ ਸਮਰਥਨ ਵੀ ਮਿਲ ਸਕਦਾ ਹੈ। ਹਾਲਾਂਕਿ, ਵਿਰੋਧੀ ਪਾਰਟੀਆਂ ਨੇ ਇਸ ਨੂੰ ਭਾਈ-ਭਤੀਜਾਵਾਦ ਕਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਲਾਰਾ ਨੂੰ ਟਿਕਟ ਦੇ ਕੇ ਭਾਈ-ਭਤੀਜਾਵਾਦ ਨੂੰ ਉਤਸ਼ਾਹਿਤ ਕਰ ਰਹੇ ਹਨ।

# ਉਟਾਹ 'ਚ ਰਾਧਾ ਕ੍ਰਿਸ਼ਨਾ ਮੰਦਿਰ 'ਤੇ ਚਲਾਈਆਂ ਗੋਲੀਆਂ

**ਪ੍ਰਬੰਧਕਾਂ ਨੇ ਨਫ਼ਰਤੀ ਅਪਰਾਧ ਤਹਿਤ ਮਾਮਲਾ ਦਰਜ ਕਰਨ ਦੀ ਕੀਤੀ ਮੰਗ**

ਮੰਦਿਰ ਉਪਰ ਵੱਜੀਆਂ ਗੋਲੀਆਂ ਦੇ ਨਿਸ਼ਾਨ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਉਟਾਹ ਰਾਜ 'ਚ ਸਪੈਨਿਸ਼ ਫੋਰਕ ਵਿਖੇ ਸਥਿੱਤ ਸ਼੍ਰੀ ਸ਼੍ਰੀ ਰਾਧਾ ਕ੍ਰਿਸ਼ਨਾ ਮੰਦਿਰ ਉਪਰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਏ ਜਾਣ ਦੀ ਖਬਰ ਹੈ। ਮੰਦਿਰ ਪ੍ਰਬੰਧਕਾਂ ਨੇ ਕਿਹਾ ਹੈ ਕਿ ਇਹ ਨਫ਼ਰਤੀ ਅਪਰਾਧ ਹੈ। ਮੰਦਿਰ ਪ੍ਰਬੰਧਕਾਂ ਨੇ ਨਫ਼ਰਤੀ ਅਪਰਾਧ ਤਹਿਤ ਮਾਮਲਾ ਦਰਜ ਕਰਨ ਦੀ ਮੰਗ ਕਰਦਿਆਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਦੋਸ਼ੀਆਂ ਦੀ ਪਛਾਣ ਕਰਨ ਵਿਚ ਮਦਦ ਕਰਨ। ਇਸ ਮੰਦਿਰ ਨੂੰ ਪਹਿਲਾਂ ਵੀ ਸਮਾਜ ਵਿਰੋਧੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ। ਤਾਜ਼ਾ ਹਮਲੇ ਕਾਰਨ ਹਿੰਦੂ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ। ਨਿਗਰਾਨ ਕੈਮਰਿਆਂ ਤੋਂ ਪਤਾ ਲੱਗਦਾ ਹੈ ਕਿ ਇਕ ਕਾਰ ਗੇਟ ਦੇ ਬਾਹਰ ਆਉਂਦੀ ਹੈ ਤੇ ਉਸ ਵਿਚ ਸਵਾਰ ਲੋਕ ਮੰਦਿਰ ਉਪਰ ਗੋਲੀਆਂ ਚਲਾ ਕੇ ਫਰਾਰ ਹੋ ਜਾਂਦੇ ਹਨ। ਗੋਲੀਬਾਰੀ ਕਰਨ ਮੰਦਿਰ ਨੂੰ ਕਾਫੀ ਨੁਕਸਾਨ ਪੁੱਜਾ ਹੈ। ਮੰਦਿਰ ਦੇ ਸੇਵਿਕ ਪਰੈਸਥਾਇਆ ਦਾਸੀ ਅਨੁਸਾਰ ਉਹ ਗੋਲੀਆਂ ਦੀ ਆਵਾਜ਼ ਸੁਣ ਕੇ ਉਠਿਆ। ਹਮਲਾਵਰਾਂ ਨੇ ਮੰਦਿਰ ਉਪਰ ਅੰਧਾਧੁੰਦ ਗੋਲੀਆਂ ਚਲਾਈਆਂ। ਮੰਦਿਰ ਦੇ ਪ੍ਰਧਾਨ ਵਾਈ ਵਾਰਡਨ ਨੇ ਕਿਹਾ ਹੈ ਕਿ ਮੰਦਿਰ ਉਪਰ 20 ਤੋਂ 30 ਗੋਲੀਆਂ ਚਲਾਈਆਂ ਗਈਆਂ ਹਨ। ਇੱਕ ਗੋਲੀ ਮੰਦਿਰ ਦੇ ਪੂਜਾ ਹਾਲ ਵਿਚ ਵੀ ਵੱਜੀ ਹੈ ਪਰੰਤੂ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

# ਟਰੰਪ ਵੱਲੋਂ ਭਾਰਤੀ-ਅਮਰੀਕੀ ਜ਼ੋਹਰਾਨ ਮਮਦਾਨੀ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ

**ਪਿਛਲੇ ਹਫਤੇ ਮਮਦਾਨੀ ਨੇ ਨਿਊਯਾਰਕ ਸਿਟੀ ਦੀ ਡੈਮੋਕ੍ਰੇਟਿਕ ਮੇਅਰ ਲਈ ਜਿੱਤੀ ਸੀ ਪ੍ਰਾਇਮਰੀ ਚੋਣ**



ਨਿਊਯਾਰਕ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਈ.ਸੀ.ਈ. ਦੇ ਦੇਸ਼ ਨਿਕਾਲੇ ਦੇ ਯਤਨਾਂ ਵਿਚ ਦਖ਼ਲ ਦੇਣ ਲਈ ਭਾਰਤੀ-ਅਮਰੀਕੀ ਜ਼ੋਹਰਾਨ ਮਮਦਾਨੀ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ ਹੈ। ਟਰੰਪ ਨੇ ਮਮਦਾਨੀ ਨੂੰ ਕਮਿਊਨਿਸਟ ਕਿਹਾ ਅਤੇ ਉਸ ਦੀ ਨਾਗਰਿਕਤਾ 'ਤੇ ਸਵਾਲ ਚੁੱਕੇ। ਇਕ ਪ੍ਰੈੱਸ ਕਾਨਫਰੰਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਿਊਯਾਰਕ ਸਿਟੀ ਮੇਅਰ ਦੀ ਚੋਣ ਵਿਚ ਡੈਮੋਕ੍ਰੇਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ। ਟਰੰਪ ਨੇ ਕਿਹਾ ਕਿ ਜੇਕਰ ਮਮਦਾਨੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੀ ਕਾਰਵਾਈ ਵਿਚ ਰੁਕਾਵਟ ਪਾਉਂਦਾ ਹੈ, ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਟਰੰਪ ਨੇ ਮਮਦਾਨੀ ਨੂੰ ਕਮਿਊਨਿਸਟ ਕਿਹਾ ਅਤੇ ਇਹ ਵੀ ਕਿਹਾ ਕਿ ਕੁਝ ਲੋਕ ਕਹਿ ਰਹੇ ਹਨ ਕਿ ਉਹ ਦੇਸ਼ ਵਿਚ ਗੈਰ-ਕਾਨੂੰਨੀ ਤੌਰ 'ਤੇ ਹੈ। ਇਸ ਦੇ ਜਵਾਬ ਦਿੰਦੇ ਹੋਏ ਮਮਦਾਨੀ ਨੇ ਕਿਹਾ ਕਿ ਟਰੰਪ ਦੇ ਬਿਆਨ ਲੋਕਤੰਤਰ 'ਤੇ ਹਮਲਾ ਹਨ। ਟਰੰਪ ਨੇ ਬੀਤੇ ਦਿਨੀਂ ਧਮਕੀ ਦਿੱਤੀ ਕਿ ਜੇਕਰ ਜ਼ੋਹਰਾਨ ਮਮਦਾਨੀ ਦੇਸ਼ ਨਿਕਾਲੇ ਦੀ ਪ੍ਰਕਿਰਿਆ ਵਿਚ ਦਖਲ ਦਿੰਦਾ ਹੈ, ਤਾਂ ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਭਾਰਤੀ-ਅਮਰੀਕੀ ਸਿਆਸਤਦਾਨ ਜ਼ੋਹਰਾਨ ਮਮਦਾਨੀ ਨੇ ਨਿਊਯਾਰਕ ਸਿਟੀ ਦੀ ਡੈਮੋਕ੍ਰੇਟਿਕ ਮੇਅਰ ਪ੍ਰਾਇਮਰੀ ਜਿੱਤੀ ਹੈ। ਮਮਦਾਨੀ ਇਕ 33 ਸਾਲਾ ਡੈਮੋਕ੍ਰੇਟਿਕ ਸਮਾਜਵਾਦੀ ਅਤੇ 2021 ਤੋਂ ਸੂਬਾ ਅਸੈਂਬਲੀ ਦਾ ਮੈਂਬਰ ਹੈ। ਮਮਦਾਨੀ ਦੀ ਜਿੱਤ ਦੀ ਵਿਆਪਕ ਤੌਰ 'ਤੇ ਉਮੀਦ ਕੀਤੀ ਜਾ ਰਹੀ ਸੀ ਕਿਉਂਕਿ ਉਸਨੇ ਇਕ ਹਫ਼ਤਾ ਪਹਿਲਾਂ ਪੋਲ ਬੰਦ ਹੋਣ ਤੋਂ ਬਾਅਦ ਇਕ ਸ਼ਾਨਦਾਰ ਵਾਧਾ ਹਾਸਲ ਕੀਤਾ।

ਯੁਗਾਂਡਾ ਵਿਚ ਭਾਰਤੀ ਮਾਤਾ-ਪਿਤਾ ਦੇ ਘਰ ਪੈਦਾ ਹੋਇਆ ਮਮਦਾਨੀ 7 ਸਾਲ ਦੀ ਉਮਰ ਵਿਚ ਅਮਰੀਕਾ ਆਇਆ ਅਤੇ 2018 ਵਿਚ ਨਾਗਰਿਕ ਬਣਿਆ। ਜੇਕਰ ਚੁਣਿਆ ਜਾਂਦਾ ਹੈ, ਤਾਂ ਉਹ ਸ਼ਹਿਰ ਦਾ ਪਹਿਲਾ ਭਾਰਤੀ ਅਮਰੀਕੀ ਮੂਲ ਦਾ ਪਹਿਲਾ ਮੇਅਰ ਹੋਵੇਗਾ। ਉਹ ਇਸ ਦੇ ਸਭ ਤੋਂ ਛੋਟੇ ਮੇਅਰਾਂ ਵਿਚੋਂ ਇਕ ਵੀ ਹੋਵੇਗਾ।

# ਨਵੀਂ ਪਾਰਟੀ ਬਣਾਉਣ ਤੋਂ ਬਾਅਦ ਵੀ ਮਸਕ ਨਹੀਂ ਬਣ ਸਕਣਗੇ ਰਾਸ਼ਟਰਪਤੀ!



ਨਵੀਂ ਦਿੱਲੀ, (ਪੰਜਾਬ ਮੇਲ)- ਐਲਨ ਮਸਕ ਨੇ ਅਚਾਨਕ ਅਮਰੀਕਾ ਪਾਰਟੀ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਨੇ ਪਹਿਲਾਂ ਸਥਿਤੀ ਦਾ ਜਾਇਜ਼ਾ ਲਿਆ। 4 ਜੁਲਾਈ ਨੂੰ, ਉਨ੍ਹਾਂ ਨੇ ਐਕਸ 'ਤੇ ਇੱਕ ਪੋਲ ਪੋਸਟ ਕੀਤਾ ਅਤੇ ਲਿਖਿਆ, "ਕੀ ਤੁਸੀਂ ਦੋ-ਪਾਰਟੀ (ਕੁਝ ਕਹਿਣਗੇ ਕਿ ਇੱਕ-ਪਾਰਟੀ) ਪ੍ਰਣਾਲੀ ਤੋਂ ਆਜ਼ਾਦੀ ਚਾਹੁੰਦੇ ਹੋ?"

ਇਸ ਪੋਸਟ 'ਤੇ 12 ਲੱਖ ਤੋਂ ਵੱਧ ਲੋਕਾਂ ਨੇ ਜਵਾਬ ਦਿੱਤਾ। ਦੋ-ਤਿਹਾਈ ਬਹੁਮਤ ਨਾਲ, ਉਨ੍ਹਾਂ ਨੇ 'ਹਾਂ' ਕਿਹਾ। ਇਸ ਤੋਂ ਬਾਅਦ, ਮਸਕ ਨੇ ਜਵਾਬ ਦਿੱਤਾ, ਤੁਸੀਂ ਇੱਕ ਨਵੀਂ ਰਾਜਨੀਤਿਕ ਪਾਰਟੀ ਚਾਹੁੰਦੇ ਹੋ ਅਤੇ ਤੁਹਾਨੂੰ ਇਹ ਮਿਲੇਗੀ! ਉਸਨੇ ਆਪਣੀ ਗੱਲ ਦੁਹਰਾਈ ਅਤੇ ਕਿਹਾ, ਅੱਜ ਅਮਰੀਕਾ ਪਾਰਟੀ ਤੁਹਾਨੂੰ ਤੁਹਾਡੀ ਆਜ਼ਾਦੀ ਵਾਪਸ ਦੇਣ ਲਈ ਬਣਾਈ ਗਈ ਹੈ।

ਉਸਨੇ ਇੱਕ ਮੀਮ ਵੀ ਸਾਂਝਾ ਕੀਤਾ, ਇੱਕ ਦੋ-ਸਿਰ ਵਾਲਾ ਸੱਪ। ਇਸ ਦੇ ਨਾਲ ਉਸਨੇ ਲਿਖਿਆ, "ਇੱਕ-ਪਾਰਟੀ ਪ੍ਰਣਾਲੀ ਨੂੰ ਖਤਮ ਕਰੋ"। ਮਸਕ ਦੇ ਬਹੁਤ ਸਾਰੇ ਸਮਰਥਕਾਂ ਨੇ ਸੋਚਿਆ ਕਿ ਕੀ ਉਹ ਅਜਿਹਾ ਇਸ ਲਈ ਕਰ ਰਿਹਾ ਹੈ, ਤਾਂ ਜੋ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਸਕੇ? ਜਵਾਬ ਨਹੀਂ ਹੈ, ਕਾਨੂੰਨੀ ਤੌਰ 'ਤੇ ਨਹੀਂ।

ਅਮਰੀਕੀ ਸੰਵਿਧਾਨ ਸਪੱਸ਼ਟ ਹੈ। ਧਾਰਾ 2, ਧਾਰਾ 1 ਕਹਿੰਦੀ ਹੈ ਕਿ ਰਾਸ਼ਟਰਪਤੀ ਦੇ ਅਹੁਦੇ ਲਈ ਸਿਰਫ਼ ਇੱਕ ਕੁਦਰਤੀ ਤੌਰ 'ਤੇ ਜਨਮਿਆ ਨਾਗਰਿਕ ਹੀ ਚੋਣ ਲੜ ਸਕਦਾ ਹੈ। ਮਸਕ ਦਾ ਜਨਮ ਦੱਖਣੀ ਅਫਰੀਕਾ ਵਿਚ ਹੋਇਆ ਸੀ। ਉਸਨੇ ਸਪੱਸ਼ਟ ਤੌਰ 'ਤੇ ਕਿਹਾ ਹੈ, "ਮੈਂ ਆਪਣੇ ਅਫਰੀਕੀ ਜਨਮ ਕਾਰਨ ਰਾਸ਼ਟਰਪਤੀ ਨਹੀਂ ਬਣ ਸਕਦਾ"।

ਹਾਲਾਂਕਿ, ਉਹ ਇਸ ਬਾਰੇ ਬਿਲਕੁਲ ਵੀ ਉਦਾਸ ਨਹੀਂ ਜਾਪਦਾ ਸੀ। ਜਦੋਂ ਉਹ 2024 ਵਿਚ ਟਰੰਪ ਦੇ ਹੱਕ ਵਿਚ ਸੀ, ਤਾਂ ਉਸਨੇ ਇੱਕ ਰੈਲੀ ਵਿਚ ਕਿਹਾ ਸੀ ਕਿ ਮੈਂ ਅਸਲ ਵਿਚ ਰਾਸ਼ਟਰਪਤੀ ਨਹੀਂ ਬਣਨਾ ਚਾਹੁੰਦਾ। ਮੈਂ ਰਾਕੇਟ ਅਤੇ ਕਾਰਾਂ ਬਣਾਉਣਾ ਚਾਹੁੰਦਾ ਹਾਂ। ਫਿਰ ਵੀ, ਉਸਨੇ ਸਰਕਾਰ ਚਲਾਉਣ ਵਿਚ ਮਦਦ ਕਰਨ ਦਾ ਸੰਕੇਤ ਦਿੱਤਾ। ਉਸਨੇ ਫਿਰ ਕਿਹਾ- ਮੈਨੂੰ ਉਮੀਦ ਹੈ ਕਿ ਅਸੀਂ ਟਰੰਪ ਨੂੰ ਚੁਣਾਂਗੇ ਅਤੇ ਫਿਰ ਮੈਂ ਸਰਕਾਰੀ ਕੁਸ਼ਲਤਾ ਵਿਭਾਗ 'ਤੇ ਸਖ਼ਤ ਮਿਹਨਤ ਕਰਾਂਗਾ। ਮਸਕ ਅਚਾਨਕ ਟਰੰਪ ਦੇ ਸਹਿਯੋਗੀ ਤੋਂ ਟਰੰਪ ਦਾ ਵਿਰੋਧੀ ਨਹੀਂ ਬਣਿਆ। ਜਦੋਂ ਟਰੰਪ ਨੇ ਬਿੱਗ ਬਿਊਟੀਫੁੱਲ ਬਿੱਲ ਲਿਆਂਦਾ, ਤਾਂ ਮਸਕ ਨੇ ਇਸਦੀ ਆਲੋਚਨਾ ਕੀਤੀ। ਮਸਕ ਨੂੰ ਇਸ ਬਿੱਲ ਤੋਂ ਨਫ਼ਰਤ ਸੀ। ਇਸਨੇ ਇਲੈਕਟ੍ਰਿਕ ਵਾਹਨਾਂ ਲਈ ਪ੍ਰਸਿੱਧ $7,500 ਟੈਕਸ ਕ੍ਰੈਡਿਟ ਨੂੰ ਖਤਮ ਕਰ ਦਿੱਤਾ।

ਇਸ ਨਾਲ ਅਮਰੀਕਾ ਵਿਚ ਈ.ਵੀਜ਼ ਲਈ ਖਪਤਕਾਰਾਂ ਦੀ ਮੰਗ ਘੱਟ ਸਕਦੀ ਹੈ। ਇਸਦਾ ਸਿੱਧਾ ਅਸਰ ਟੇਸਲਾ ਦੀ ਜੇਬ 'ਤੇ ਪਵੇਗਾ। ਮਸਕ ਨੇ ਐਕਸ 'ਤੇ ਧਮਕੀ ਦਿੱਤੀ- ਜੇਕਰ ਇਹ ਪਾਗਲ ਬਿੱਲ ਪਾਸ ਹੋ ਜਾਂਦਾ ਹੈ, ਤਾਂ ਅਗਲੇ ਦਿਨ ਅਮਰੀਕਨ ਇੱਕ ਪਾਰਟੀ ਬਣ ਜਾਵੇਗਾ। ਆਪਣੀ ਗੱਲ 'ਤੇ ਖਰਾ ਉਤਰਦੇ ਹੋਏ, ਮਸਕ ਨੇ ਟਰੰਪ ਦੇ ਬਿੱਲ 'ਤੇ ਦਸਤਖ਼ਤ ਕਰਦੇ ਹੀ ਇੱਕ ਪਾਰਟੀ ਬਣਾਉਣ ਦਾ ਕਦਮ ਚੁੱਕਿਆ।

ਅਮਰੀਕਨ ਪਾਰਟੀ ਦੇ ਆਗੂਆਂ ਦੀ ਅਧਿਕਾਰਤ ਸੂਚੀ ਇਸ ਵੇਲੇ ਮਸਕ ਤੋਂ ਸ਼ੁਰੂ ਹੁੰਦੀ ਹੈ ਅਤੇ ਖ਼ਤਮ ਹੁੰਦੀ ਹੈ। ਪਰ ਗੱਪਾਂ ਜਾਰੀ ਹਨ। ਕੁਝ ਕਾਂਗਰਸੀ ਥਾਮਸ ਮੈਸੀ ਵੱਲ ਇਸ਼ਾਰਾ ਕਰਦੇ ਹਨ, ਜਿਨ੍ਹਾਂ ਨੇ ਬਿਗ ਬਿਊਟੀਫੁੱਲ ਬਿੱਲ ਦੇ ਵਿਰੁੱਧ ਵੋਟ ਦਿੱਤੀ ਸੀ।

ਫਾਰਵਰਡ ਪਾਰਟੀ ਦੇ ਸਹਿ-ਸੰਸਥਾਪਕ ਐਂਡਰਿਊ ਯਾਂਗ ਨੇ ਕਿਹਾ ਹੈ ਕਿ ਉਹ ਇਕੱਠੇ ਕੰਮ ਕਰਨ ਲਈ ਖੁੱਲ੍ਹੇ ਹਨ, ਕਿਉਂਕਿ ਉਨ੍ਹਾਂ ਦੀ ਸਥਿਤੀ ਪ੍ਰਤੀ ਆਪਸੀ ਨਫ਼ਰਤ ਹੈ। ਟਰੰਪ ਦੇ ਸਹਿਯੋਗੀ ਲਾਰਾ ਲੂਮਰ ਦਾਅਵਾ ਕਰਦੇ ਹਨ ਕਿ ਟਕਰ ਕਾਰਲਸਨ ਅਤੇ ਥਾਮਸ ਮੈਸੀ ਸਾਰੇ ਸੰਭਾਵੀ ਨੇਤਾ ਹਨ। ਰੋਨ ਡੀਸੈਂਟਿਸ ਦਾ ਨਾਮ ਵੀ ਖ਼ਬਰਾਂ ਵਿਚ ਹੈ। ਪਰ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਉਹ ਦਿਲਚਸਪੀ ਰੱਖਦਾ ਹੈ।

ਦੋ-ਪਾਰਟੀ ਪ੍ਰਣਾਲੀ ਦਾ ਮਸਕ ਦਾ ਵਿਰੋਧ ਨਵਾਂ ਨਹੀਂ ਹੈ। ਉਸਨੇ ਲੰਬੇ ਸਮੇਂ ਤੋਂ ਇੱਕ ਵਿਰੋਧੀ ਸ਼ਕਤੀ ਦੇ ਵਿਚਾਰ ਨੂੰ ਅੱਗੇ ਵਧਾਇਆ ਹੈ। ਅਮਰੀਕਾ ਪਾਰਟੀ ਉਸਦੀ ਤਾਜ਼ਾ ਬਾਜ਼ੀ ਹੈ ਕਿ ਉਹ ਅਮਰੀਕੀ ਰਾਜਨੀਤੀ ਨੂੰ ਉਸੇ ਤਰ੍ਹਾਂ ਬਦਲ ਸਕਦਾ ਹੈ, ਜਿਵੇਂ ਉਸਨੇ ਕਾਰ ਅਤੇ ਪੁਲਾੜ ਉਦਯੋਗਾਂ ਨੂੰ ਬਦਲਿਆ ਸੀ। ਕੀ ਇਹ ਤਬਦੀਲੀ ਲਈ ਇੱਕ ਸੱਚਾ ਯਤਨ ਹੈ ਜਾਂ ਸਿਰਫ਼ ਇੱਕ ਬਹੁਤ ਹੀ ਸਖ਼ਤ ਵਿਰੋਧ, ਸਿਰਫ ਸਮਾਂ ਅਤੇ ਕੁਝ ਅਰਬ ਡਾਲਰ ਦਾ ਖਰਚ ਹੀ ਦੱਸੇਗਾ।

ਜਦੋਂ ਫੰਡਿੰਗ ਦੀ ਗੱਲ ਆਉਂਦੀ ਹੈ, ਤਾਂ ਮਸਕ ਕੋਲ ਇਸ ਪ੍ਰੋਜੈਕਟ ਨੂੰ ਆਪਣੇ ਬਲਬੂਤੇ ਚਲਾਉਣ ਲਈ ਕਾਫ਼ੀ ਪੈਸਾ ਹੈ। ਫੋਰਬਸ ਨੇ ਉਸਦੀ ਦੌਲਤ ਦਾ ਅੰਦਾਜ਼ਾ $405 ਬਿਲੀਅਨ ਲਗਾਇਆ ਹੈ। ਉਹ ਪਹਿਲਾਂ ਹੀ ਟਰੰਪ ਦੇ ਚੋਣ ਪ੍ਰਚਾਰ 'ਤੇ ਬਹੁਤ ਖਰਚ ਕਰ ਚੁੱਕਾ ਹੈ। ਹੁਣ ਇਹ ਪੈਸਾ ਅਮਰੀਕੀ ਪਾਰਟੀ ਵੱਲ ਜਾ ਸਕਦਾ ਹੈ।

# ਟਰੰਪ ਵੱਲੋਂ ਮਸਕ ਦੀ ਨਵੀਂ ਪਾਰਟੀ ਬਣਾਉਣ 'ਤੇ ਆਲੋਚਨਾ

ਨਿਊਯਾਰਕ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੀਂ ਸਿਆਸੀ ਪਾਰਟੀ ਬਣਾਉਣ ਲਈ ਐਲਨ ਮਸਕ ਦੀ ਆਲੋਚਨਾ ਕਰਦਿਆਂ ਉਸ ਦੇ ਇਸ ਕਦਮ ਨੂੰ 'ਮੂਰਖਤਾਪੂਰਨ' ਕਰਾਰ ਦਿੱਤਾ ਅਤੇ ਕਿਹਾ ਕਿ ਮਸਕ ਪੂਰੀ ਤਰ੍ਹਾਂ ਕਾਬੂ ਤੋਂ ਬਾਹਰ ਹੋ ਗਏ ਹਨ। ਕਦੇ ਟਰੰਪ ਦੇ ਸਹਿਯੋਗੀ ਮੰਨੇ ਜਾਣ ਵਾਲੇ ਅਮਰੀਕੀ ਅਰਬਪਤੀ ਮਸਕ ਨੇ ਸ਼ਨਿਚਰਵਾਰ ਨੂੰ 'ਐਕਸ' 'ਤੇ ਪੋਸਟ 'ਚ ਕਿਹਾ ਸੀ ਕਿ ਉਨ੍ਹਾਂ ਮੁਲਕ 'ਚ ਰਿਪਬਲਿਕਨ ਅਤੇ ਡੈਮੋਕਰੈਟਿਕ ਪਾਰਟੀਆਂ ਨੂੰ ਚੁਣੌਤੀ ਦੇਣ ਲਈ 'ਅਮਰੀਕਨ ਪਾਰਟੀ' ਦਾ ਗਠਨ ਕੀਤਾ ਹੈ। ਐਤਵਾਰ ਨੂੰ ਏਅਰ ਫੋਰਸ ਵਨ 'ਚ ਸਵਾਰ ਹੋਣ ਤੋਂ ਪਹਿਲਾਂ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, "ਮੈਨੂੰ ਲੱਗਦਾ ਹੈ ਕਿ ਤੀਜੀ ਪਾਰਟੀ ਸ਼ੁਰੂ ਕਰਨਾ ਮੂਰਖਤਾ ਹੈ। ਹਮੇਸ਼ਾ ਦੋ ਪਾਰਟੀ ਪ੍ਰਣਾਲੀ ਰਹੀ ਹੈ ਅਤੇ ਤੀਜੀ ਪਾਰਟੀ ਬਣਾਉਣ ਨਾਲ ਸਿਰਫ਼ ਭਰਮ ਫੈਲੇਗਾ।" ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਟਰੰਪ ਨੇ ਲਿਖਿਆ ਕਿ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਐਲਨ ਮਸਕ ਪੂਰੀ ਤਰ੍ਹਾਂ ਕਾਬੂ ਤੋਂ ਬਾਹਰ ਹੋ ਗਏ ਹਨ। ਉਨ੍ਹਾਂ ਕਿਹਾ, "ਅਮਰੀਕਾ 'ਚ ਤੀਜੀ ਪਾਰਟੀ ਦਾ ਇਕ ਹੀ ਕੰਮ ਪੂਰੀ ਤਰ੍ਹਾਂ ਨਾਲ ਭੰਬਲਭੂਸਾ ਅਤੇ ਬਦਅਮਨੀ ਪੈਦਾ ਕਰਨਾ ਹੁੰਦਾ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਟੈਸਲਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਸਕ ਦੀ ਸਿਆਸੀ ਪਹਿਲ ਇਲੈਕਟ੍ਰਿਕ ਵਾਹਨਾਂ ਦੀ ਖ਼ਰੀਦ ਨੂੰ ਹੱਲਾਸ਼ੇਰੀ ਦੇਣ ਵਾਲੀ ਸਬਸਿਡੀ ਖ਼ਤਮ ਕਰਨ ਦੀ ਯੋਜਨਾ ਤੋਂ ਨਾਰਾਜ਼ ਹੋ ਕੇ ਸ਼ੁਰੂ ਹੋਈ ਹੈ।

# ਕੈਨੇਡਾ 'ਚ ਪੰਜਾਬੀ ਜੋੜੇ ਖ਼ਿਲਾਫ਼ ਮਨੁੱਖੀ ਤਸਕਰੀ ਦਾ ਮਾਮਲਾ ਦਰਜ

ਵਿਨੀਪੈਗ, (ਪੰਜਾਬ ਮੇਲ)- ਵਿਨੀਪੈਗ ਤੋਂ ਥੋੜ੍ਹੀ ਦੂਰੀ 'ਤੇ ਸਥਿਤ ਇਕ ਕਸਬੇ ਵਿਚ ਹੋਟਲ ਚਲਾ ਰਹੇ ਇਕ ਪੰਜਾਬੀ ਜੋੜੇ ਖ਼ਿਲਾਫ਼ ਵਿਦੇਸ਼ੀ ਕਾਮਿਆਂ ਨਾਲ ਕੀਤੇ ਗਏ ਅਣਮਨੁੱਖੀ ਵਿਹਾਰ ਦੇ ਮਾਮਲੇ ਦੀ ਕਈ ਮਹੀਨਿਆਂ ਤੋਂ ਚੱਲ ਰਹੀ ਜਾਂਚ ਤੋਂ ਬਾਅਦ ਮਨੁੱਖੀ ਤਸਕਰੀ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਕਸਬਾ ਪੋਰਟੇਜ ਲਾਪ੍ਰੇਰੀ ਵਿਖੇ ਹੋਟਲ ਚਲਾ ਰਹੇ ਜੈਇੰਦਰ ਸੰਧੂ ਅਤੇ ਸਤਬੀਰ ਸੰਧੂ ਵੱਲੋਂ ਵਰਕ ਪਰਮਿਟ ਰਾਹੀਂ ਚਾਰ ਵਿਦੇਸ਼ੀ ਨਾਗਰਿਕਾਂ ਨੂੰ ਆਪਣੇ ਹੋਟਲ ਵਿਚ ਕੰਮ ਉਪਰ ਰੱਖਿਆ ਗਿਆ ਸੀ। ਹੋਟਲ ਦੇ ਮਾਲਕ ਵੱਲੋਂ ਇਨ੍ਹਾਂ ਕਾਮਿਆਂ ਤੋਂ 15 ਘੰਟੇ ਲਗਾਤਾਰ ਕੰਮ ਕਰਵਾਇਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਮਿਹਨਤਾਨਾ ਵੀ ਬਹੁਤ ਘੱਟ ਦਿੱਤਾ ਜਾ ਰਿਹਾ ਸੀ।

# ਭਗੌੜੇ ਨੀਰਵ ਮੋਦੀ ਦਾ ਭਰਾ ਭਾਰਤ ਦੀ ਹਵਾਲਗੀ ਬੇਨਤੀ 'ਤੇ ਅਮਰੀਕਾ 'ਚ ਗ੍ਰਿਫ਼ਤਾਰ

ਨਵੀਂ ਦਿੱਲੀ, (ਪੰਜਾਬ ਮੇਲ)- ਅਧਿਕਾਰੀਆਂ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅਤੇ ਸੀ.ਬੀ.ਆਈ. ਦੀਆਂ ਹਵਾਲਗੀ ਬੇਨਤੀਆਂ ਦੇ ਆਧਾਰ 'ਤੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੇ ਛੋਟੇ ਭਰਾ ਨਿਹਾਲ ਮੋਦੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅਮਰੀਕੀ ਅਧਿਕਾਰੀਆਂ ਨੇ ਇਸ ਬਾਰੇ ਭਾਰਤ ਨੂੰ ਸੂਚਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨਿਹਾਲ ਮੋਦੀ ਨੂੰ ਸ਼ੁੱਕਰਵਾਰ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਇਸ ਮਾਮਲੇ ਵਿਚ ਸੁਣਵਾਈ ਦੀ ਅਗਲੀ ਤਰੀਕ 17 ਜੁਲਾਈ ਹੈ, ਜਦੋਂ ਨਿਹਾਲ ਜ਼ਮਾਨਤ ਦੀ ਮੰਗ ਕਰ ਸਕਦਾ ਹੈ, ਪਰ ਅਮਰੀਕੀ ਵਕੀਲ ਇਸ ਦਾ ਵਿਰੋਧ ਕਰਨਗੇ।



ਇਹ ਕਦਮ ਈ.ਡੀ. ਅਤੇ ਸੀ.ਬੀ.ਆਈ. ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤੀ ਗਈ ਹਵਾਲਗੀ ਬੇਨਤੀ 'ਤੇ ਆਇਆ ਹੈ। ਅਮਰੀਕੀ ਵਕੀਲਾਂ ਦੀ ਅਗਵਾਈ ਹੇਠ ਹਵਾਲਗੀ ਦੀ ਕਾਰਵਾਈ ਦੋ ਦੋਸ਼ਾਂ 'ਤੇ ਕੀਤੀ ਗਈ ਸੀ - ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ.ਐੱਮ.ਐੱਲ.ਏ.), 2002 ਦੀ ਧਾਰਾ 3 ਦੇ ਤਹਿਤ ਮਨੀ ਲਾਂਡਰਿੰਗ ਦਾ ਇੱਕ ਦੋਸ਼ ਅਤੇ ਭਾਰਤੀ ਦੰਡ ਵਿਧਾਨ ਦੀ ਧਾਰਾ 120-ਬੀ (ਮੁਜਰਮਾਨਾ ਸਾਜ਼ਿਸ਼) ਅਤੇ 201 (ਲਾਪਤਾ) ਦੇ ਤਹਿਤ ਅਪਰਾਧਿਕ ਸਾਜ਼ਿਸ਼ ਦਾ ਇੱਕ ਦੋਸ਼।

ਗੌਰਤਲਬ ਹੈ ਕਿ 46 ਸਾਲਾ ਨਿਹਾਲ, ਪੰਜਾਬ ਨੈਸ਼ਨਲ ਬੈਂਕ ਨਾਲ ਜੁੜੇ 13,000 ਕਰੋੜ ਰੁਪਏ ਦੇ ਕਥਿਤ ਧੋਖਾਧੜੀ ਦੇ ਮਾਮਲੇ, ਜਿਹੜਾ ਆਪਣੇ ਆਪ ਵਿਚ ਅਜਿਹਾ ਇਕ ਸਭ ਤੋਂ ਵੱਡਾ ਧੋਖਾਧੜੀ ਮਾਮਲਾ ਹੈ, ਦਾ ਦੋਸ਼ੀ ਹੈ। ਇਹ ਦੋਸ਼ ਲਗਾਇਆ ਗਿਆ ਹੈ ਕਿ ਇਹ ਧੋਖਾਧੜੀ ਦੋਵਾਂ ਭਰਾਵਾਂ ਅਤੇ ਉਨ੍ਹਾਂ ਦੇ ਚਾਚਾ ਮੇਹੁਲ ਚੋਕਸੀ ਦੁਆਰਾ ਕੀਤੀ ਗਈ ਸੀ।

## ਮਨੀ ਲਾਂਡਰਿੰਗ ਮਾਮਲੇ 'ਚ ਦਿੱਲੀ ਹਾਈ ਕੋਰਟ ਵੱਲੋਂ ਜੈਕੁਲਿਨ ਫਰਨਾਂਡੇਜ਼ ਦੀ ਐੱਫ.ਆਈ.ਆਰ. ਰੱਦ ਕਰਨ ਦੀ ਪਟੀਸ਼ਨ ਖਾਰਜ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਹਾਈ ਕੋਰਟ ਨੇ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਵਿਚ ਅਦਾਕਾਰਾ ਜੈਕੁਲਿਨ ਫਰਨਾਂਡੇਜ਼ ਦੀ ਐੱਫ.ਆਈ.ਆਰ. ਨੂੰ



ਰੱਦ ਕਰਨ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਅਦਾਕਾਰਾ ਕੋਲੋਂ ਪਹਿਲਾਂ 7.27 ਕਰੋੜ ਰੁਪਏ ਕੁਰਕ ਕੀਤੇ ਸਨ। ਇਸ ਤੋਂ ਪਹਿਲਾਂ ਵੀ ਅਦਾਕਾਰਾ ਕੋਲੋਂ ਇਸ ਮਾਮਲੇ ਸਬੰਧੀ ਕਈ ਵਾਰ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ। ਇਹ ਮਾਮਲਾ ਸੁਕੇਸ਼ ਚੰਦਰਸ਼ੇਖਰ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਜੈਕੁਲਿਨ ਦਾ ਨਾਂ ਵੀ ਸਾਹਮਣੇ ਆਇਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਪਾਕਿਸਤਾਨ ਨੂੰ ਅਫ਼ਗਾਨ ਤਾਲਿਬਾਨ ਸਰਕਾਰ ਨੂੰ ਮਾਨਤਾ ਦੀ ਕੋਈ ਕਾਹਲੀ ਨਹੀਂ

**■ ਅਧਿਕਾਰੀਆਂ ਨੇ ਕਿਹਾ; ਪਾਕ ਦੇਸ਼ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਲਵੇਗਾ ਫ਼ੈਸਲਾ**

ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਨੂੰ ਅਫ਼ਗਾਨ ਤਾਲਿਬਾਨ ਸਰਕਾਰ ਨੂੰ ਮਾਨਤਾ ਦੀ ਕੋਈ ਕਾਹਲੀ ਨਹੀਂ ਹੈ ਅਤੇ ਕੋਈ ਵੀ ਫ਼ੈਸਲਾ ਦੇਸ਼ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਲਿਆ ਜਾਵੇਗਾ। ਇੱਥੇ ਅਧਿਕਾਰੀਆਂ ਨੇ ਇਹ ਗੱਲ ਆਖੀ।

ਇਹ ਬਿਆਨ ਰੂਸ ਵੱਲੋਂ ਤਾਲਿਬਾਨ ਸ਼ਾਸਨ ਨੂੰ ਮਾਨਤਾ ਦਿੱਤੇ ਜਾਣ ਤੋਂ ਕੁਝ ਦਿਨਾਂ ਬਾਅਦ ਆਇਆ ਹੈ। ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਰੂਸ ਦਾ ਫ਼ੈਸਲਾ ਖੇਤਰ ਦੇ ਹੋਰ ਮੁਲਕਾਂ ਨੂੰ ਤਾਲਿਬਾਨ ਨੂੰ ਪ੍ਰਵਾਨ ਕਰਨ ਲਈ ਧਾਰਨਾ ਬਣ ਸਕਦਾ ਹੈ।

ਹਾਲਾਂਕਿ, ਪਾਕਿਸਤਾਨ 'ਚ ਅਧਿਕਾਰੀਆਂ ਨੇ ਅਖ਼ਬਾਰ 'ਦਿ ਐਕਸਪ੍ਰੈੱਸ ਟ੍ਰਿਬਿਊਨ' ਨੂੰ ਕਿਹਾ ਕਿ ਰੂਸ ਦਾ ਫ਼ੈਸਲਾ ਹੈਰਾਨੀਜਨਕ ਨਹੀਂ ਹੈ ਕਿਉਂਕਿ ਮਾਸਕੋ ਨੇ ਕੁਝ ਸਮੇਂ ਲਈ ਸੰਕੇਤ ਦਿੱਤਾ ਸੀ ਕਿ ਉਹ ਇਸ ਤੱਥ ਨੂੰ ਮੰਨ ਲਵੇਗਾ ਕਿ ਹੁਣ ਤਾਲਿਬਾਨ ਦੇ ਹੱਥ ਕਮਾਨ ਹੈ ਤੇ ਉਨ੍ਹਾਂ ਦੇ ਸ਼ਾਸਨ ਨੂੰ ਸਵੀਕਾਰ ਕਰਨ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਸੀ। ਪਾਕਿਸਤਾਨ ਦੇ ਇੱਕ ਅਧਿਕਾਰੀ ਨੇ ਇਹ ਪੁੱਛੇ ਜਾਣ 'ਤੇ ਕਿ ਕੀ ਇਸਲਾਮਾਬਾਦ ਵੀ ਤਾਲਿਬਾਨ ਸ਼ਾਸਨ ਨੂੰ ਮਾਨਤਾ ਦੇਵੇਗਾ, ਦੇ ਜਵਾਬ 'ਚ ਕਿਹਾ, "ਅਸੀਂ ਯਕੀਨੀ ਤੌਰ 'ਤੇ ਆਪਣੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਫ਼ੈਸਲਾ ਲਵਾਂਗੇ। ਮੈਂ, ਤੁਹਾਨੂੰ ਕਹਿ ਸਕਦਾ ਹਾਂ ਕਿ ਕੋਈ ਕਾਹਲੀ ਨਹੀਂ ਹੈ।" ਇੱਕ ਸੂਤਰ ਨੇ ਹਾਲਾਂਕਿ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਕਿ ਜੇਕਰ ਖੇਤਰ ਦੇ ਹੋਰ ਮੁਲਕ ਰੂਸ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹਨ, ਤਾਂ ਪਾਕਿਸਤਾਨ ਹੋਰ ਵੀ ਜ਼ਿਆਦਾ ਵਿਹਾਰਕ ਪਹੁੰਚ ਅਪਣਾਏਗਾ।

# ਦਲਾਈ ਲਾਮਾ ਨੂੰ ਭਾਰਤ ਰਤਨ ਦੇਣ ਦੀ ਤਿਆਰੀ !

**■ 80 ਸੰਸਦ ਮੈਂਬਰਾਂ ਨੇ ਪ੍ਰਸਤਾਵ 'ਤੇ ਕੀਤੇ ਦਸਤਖ਼ਤ**

ਨਵੀਂ ਦਿੱਲੀ, (ਪੰਜਾਬ ਮੇਲ)- ਤਿੱਬਤੀ ਧਾਰਮਿਕ ਆਗੂ ਦਲਾਈ ਲਾਮਾ ਇਨ੍ਹੀਂ ਦਿਨੀਂ ਲਗਾਤਾਰ



ਚਰਚਾ ਵਿਚ ਹਨ। ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿਚ ਆਪਣਾ 90ਵਾਂ ਜਨਮਦਿਨ ਮਨਾਉਂਦੇ ਹੋਏ, ਦਲਾਈ ਲਾਮਾ ਨੇ ਆਪਣੇ ਉੱਤਰਾਧਿਕਾਰੀ ਬਾਰੇ ਇੱਕ ਵੱਡਾ ਐਲਾਨ ਕੀਤਾ, ਜਿਸ ਤੋਂ ਬਾਅਦ ਚੀਨ ਵੱਲੋਂ ਤਿੱਖੀ ਪ੍ਰਤੀਕਿਰਿਆ ਸੁਭਾਵਿਕ ਸੀ। ਇਸ ਦੇ ਨਾਲ ਹੀ ਹੁਣ ਦਲਾਈ ਲਾਮਾ ਨੂੰ ਦੇਸ਼ ਦਾ ਸਭ ਤੋਂ ਵੱਡਾ ਸਨਮਾਨ ਭਾਰਤ ਰਤਨ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਰਿਪੋਰਟ ਅਨੁਸਾਰ, ਆਲ ਪਾਰਟੀ ਫੋਰਮ ਆਫ਼ ਇੰਡੀਅਨ ਐੱਮ.ਪੀਜ਼ ਨੇ ਦਲਾਈ ਲਾਮਾ ਨੂੰ ਭਾਰਤ ਰਤਨ ਦੇਣ ਦਾ ਸੁਝਾਅ ਦਿੱਤਾ ਹੈ। ਇੰਨਾ ਹੀ ਨਹੀਂ, 80 ਸੰਸਦ ਮੈਂਬਰਾਂ ਨੇ ਵੀ ਇਸ ਪ੍ਰਸਤਾਵ 'ਤੇ ਦਸਤਖ਼ਤ ਕੀਤੇ ਹਨ। ਇਸ ਨੂੰ ਜਲਦੀ ਹੀ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨੂੰ ਭੇਜਿਆ ਜਾ ਸਕਦਾ ਹੈ।

ਤਿੱਬਤ 'ਤੇ ਆਲ ਪਾਰਟੀ ਇੰਡੀਅਨ ਪਾਰਲੀਮੈਂਟਰੀ ਫੋਰਮ ਕਈ ਵਾਰ ਕਨਵੀਨਰ ਭਰਤਰੁਹਰੀ ਮਹਿਤਾਬ ਦੀ ਅਗਵਾਈ ਵਿਚ ਕੇਂਦਰੀ ਤਿੱਬਤੀ ਪ੍ਰਸ਼ਾਸਨ (ਸੀ.ਟੀ.ਏ.) ਨਾਲ ਮੁਲਾਕਾਤ ਕਰ ਚੁੱਕਾ ਹੈ। ਇਸ ਦੇ ਨਾਲ ਹੀ ਰਾਜ ਸਭਾ ਮੈਂਬਰ ਸੁਜੀਤ ਕੁਮਾਰ ਵੀ ਇਸ ਪਹਿਲਕਦਮੀ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਸੁਜੀਤ ਕੁਮਾਰ ਨੇ ਕਿਹਾ, "80 ਸੰਸਦ ਮੈਂਬਰਾਂ ਨੇ ਇੱਕ ਪ੍ਰਸਤਾਵ 'ਤੇ ਦਸਤਖ਼ਤ ਕੀਤੇ ਹਨ। 20 ਹੋਰ ਸੰਸਦ ਮੈਂਬਰਾਂ ਦੇ ਦਸਤਖ਼ਤ ਅਜੇ ਪ੍ਰਾਪਤ ਨਹੀਂ ਹੋਏ ਹਨ। ਇਹ ਪ੍ਰਸਤਾਵ 100 ਸੰਸਦ ਮੈਂਬਰਾਂ ਦੇ ਦਸਤਖ਼ਤ ਪ੍ਰਾਪਤ ਹੋਣ ਤੋਂ ਬਾਅਦ ਪੇਸ਼ ਕੀਤਾ ਜਾਵੇਗਾ।

ਦਲਾਈ ਲਾਮਾ ਦੇ ਉੱਤਰਾਧਿਕਾਰੀ 'ਤੇ ਚੀਨ ਦੀ ਟਿੱਪਣੀ ਦਾ ਜਵਾਬ ਦਿੰਦੇ ਹੋਏ, ਸੁਜੀਤ ਕੁਮਾਰ ਨੇ ਕਿਹਾ ਕਿ ਚੀਨ ਨੂੰ ਦਲਾਈ ਲਾਮਾ ਦਾ ਉੱਤਰਾਧਿਕਾਰੀ ਚੁਣਨ ਦਾ ਕੋਈ ਅਧਿਕਾਰ ਨਹੀਂ ਹੈ। ਫੋਰਮ ਨੇ ਤਿੱਬਤ ਦੇ ਮੁੱਦੇ ਨੂੰ ਵੱਖ-ਵੱਖ ਪਲੇਟਫਾਰਮਾਂ 'ਤੇ ਚੁੱਕਣ ਦਾ ਫ਼ੈਸਲਾ ਕੀਤਾ ਹੈ। ਇਸ 'ਤੇ ਸੰਸਦ ਵਿਚ ਵੀ ਚਰਚਾ ਕੀਤੀ ਜਾਵੇਗੀ।

ਤੁਹਾਨੂੰ ਦੱਸ ਦੇਈਏ ਕਿ 2 ਜੁਲਾਈ ਨੂੰ ਦਲਾਈ ਲਾਮਾ ਨੇ ਆਪਣੇ ਉੱਤਰਾਧਿਕਾਰੀ ਦਾ ਐਲਾਨ ਕਰਦੇ ਹੋਏ, ਇਹ ਅਧਿਕਾਰ ਗਡੇਨ ਫੋਡਰਾਂਗ ਟਰੱਸਟ ਨੂੰ ਸੌਂਪ ਦਿੱਤਾ, ਜਿਸ ਦੀ ਸਥਾਪਨਾ ਖੁਦ ਦਲਾਈ ਲਾਮਾ ਨੇ ਕੀਤੀ ਸੀ ਪਰ ਚੀਨ ਨੇ ਉਨ੍ਹਾਂ ਦੇ ਫੈਸਲੇ 'ਤੇ ਇਤਰਾਜ਼ ਜਤਾਇਆ ਅਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਚੀਨ ਦਾ ਕਹਿਣਾ ਹੈ ਕਿ ਦਲਾਈ ਲਾਮਾ ਦਾ ਉੱਤਰਾਧਿਕਾਰੀ ਚੁਣਨਾ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੈ ਅਤੇ ਇਹ ਫੈਸਲਾ ਚੀਨੀ ਸਰਕਾਰ ਲਵੇਗੀ।

ਸਫਾ 1 ਦਾ ਬਾਕੀ

## ਟੈਕਸਾਸ 'ਚ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਨਾਲ 150 ਲੋਕਾਂ...

ਹਾਲਾਂਕਿ, ਟਰੰਪ ਦੇ ਦੌਰੇ ਬਾਰੇ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ।

ਕੇਰ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ, ਬੁਰੀ ਤਰ੍ਹਾਂ ਪ੍ਰਭਾਵਿਤ ਕੇਰ ਕਾਊਂਟੀ ਵਿਚ ਜਿੱਥੇ ਕੈਂਪ ਮਿਸਟਿਕ ਅਤੇ ਕਈ ਹੋਰ ਗਰਮੀਆਂ ਦੇ ਕੈਂਪ ਸਥਿਤ ਹਨ, ਖੋਜਕਰਤਾਵਾਂ ਨੂੰ 28 ਬੱਚਿਆਂ ਸਮੇਤ 84 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਇਸ ਦੇ ਨਾਲ ਹੀ ਕੇਂਦਰੀ ਟੈਕਸਾਸ ਵਿਚ ਮਰਨ ਵਾਲਿਆਂ ਦੀ ਗਿਣਤੀ ਹੁਣ ਤੱਕ ਘੱਟੋ-ਘੱਟ 150 ਹੋ ਗਈ ਹੈ।

ਰਿਪੋਰਟ ਅਨੁਸਾਰ, ਐਮਰਜੈਂਸੀ ਟੀਮਾਂ ਕਈ ਕਾਊਂਟੀਆਂ ਵਿਚ ਲਾਪਤਾ ਲੋਕਾਂ ਨੂੰ ਲੱਭਣ ਅਤੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ। ਅਧਿਕਾਰੀਆਂ ਨੇ ਸੋਮਵਾਰ ਨੂੰ ਚਿਤਾਵਨੀ ਦਿੱਤੀ ਕਿ ਜਿਵੇਂ-ਜਿਵੇਂ ਹੋਰ ਖੇਤਰਾਂ ਵਿਚ ਪਹੁੰਚਿਆ ਜਾਂਦਾ ਹੈ ਅਤੇ ਖੋਜ ਕਾਰਜ ਜਾਰੀ ਰਹਿੰਦਾ ਹੈ, ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਕਿਹਾ ਕਿ ਸਥਾਨਕ ਅਤੇ ਸੰਘੀ ਮੌਸਮ ਸੇਵਾਵਾਂ ਨੇ ਹੜ੍ਹ ਤੋਂ ਪਹਿਲਾਂ ਕੇਰ ਕਾਊਂਟੀ ਭਾਈਚਾਰੇ ਨੂੰ ਲੋੜੀਂਦੀ ਚਿਤਾਵਨੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਹਫ਼ਤੇ ਦੇ ਅੰਤ ਵਿਚ ਟੈਕਸਾਸ ਵਿਚ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਸ਼ੁੱਕਰਵਾਰ ਨੂੰ ਦੌਰੇ 'ਤੇ ਜਾ ਸਕਦੇ ਹਨ, ਪਰ ਇਸ ਸਬੰਧ ਵਿਚ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਕੁਦਰਤੀ ਵਰਤਾਰਾ ਹੈ। ਇਹ ਪ੍ਰਸ਼ਾਸਨ ਦੀ ਗਲਤੀ ਨਹੀਂ ਹੈ ਕਿ ਉਸ ਸਮੇਂ ਹੜ੍ਹ ਆਇਆ, ਪਰ ਲਗਾਤਾਰ ਚਿਤਾਵਨੀਆਂ ਪਹਿਲਾਂ ਹੀ ਦਿੱਤੀਆਂ ਗਈਆਂ ਸਨ ਅਤੇ ਫਿਰ ਰਾਸ਼ਟਰੀ ਮੌਸਮ ਸੇਵਾ ਨੇ ਆਪਣਾ ਕੰਮ ਕੀਤਾ।

ਉਨ੍ਹਾਂ ਦੱਸਿਆ ਕਿ 3 ਜੁਲਾਈ ਨੂੰ ਆਸਟਿਨ-ਸੈਨ ਐਂਟੋਨੀਓ ਵਿਚ ਐੱਨ.ਡਬਲਯੂ.ਐੱਸ. ਦਫਤਰ ਨੇ ਸਥਾਨਕ ਅਧਿਕਾਰੀਆਂ ਲਈ ਇੱਕ ਬ੍ਰੀਫਿੰਗ ਦਾ ਆਯੋਜਨ ਕੀਤਾ ਅਤੇ ਦੁਪਹਿਰ ਨੂੰ ਹੜ੍ਹ ਦੀ ਚਿਤਾਵਨੀ ਜਾਰੀ ਕੀਤੀ। ਇਸ ਤੋਂ ਬਾਅਦ 3 ਜੁਲਾਈ ਦੀ ਰਾਤ ਅਤੇ 4 ਜੁਲਾਈ ਦੀ ਸਵੇਰ ਨੂੰ ਕਈ ਵਾਰ ਹੜ੍ਹ ਦੀ ਚਿਤਾਵਨੀ ਦਿੱਤੀ ਗਈ, ਜੋ ਹੜ੍ਹ ਤੋਂ ਤਿੰਨ ਘੰਟੇ ਪਹਿਲਾਂ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਸ਼ੁੱਕਰਵਾਰ ਸਵੇਰੇ ਭਾਰੀ ਮੀਂਹ ਕਾਰਨ ਗੁਆਡਾਲੁਪ ਨਦੀ ਦਾ ਪਾਣੀ ਦਾ ਪੱਧਰ ਸਿਰਫ਼ 45 ਮਿੰਟਾਂ ਵਿਚ 26 ਫੁੱਟ (ਲਗਭਗ 8 ਮੀਟਰ) ਵੱਧ ਗਿਆ, ਜਿਸ ਨਾਲ ਟੈਕਸਾਸ ਹਿੱਲ ਕੰਟਰੀ ਖੇਤਰ ਵਿਚ ਭਾਰੀ ਤਬਾਹੀ ਮਚੀ। ਸਥਾਨਕ ਅਧਿਕਾਰੀਆਂ ਅਨੁਸਾਰ, ਕਾਰ ਕਾਊਂਟੀ ਵਿਚ ਘੱਟੋ-ਘੱਟ 84 ਲੋਕ ਮਾਰੇ ਗਏ, ਜਿਨ੍ਹਾਂ ਵਿਚ 28 ਬੱਚੇ ਸ਼ਾਮਲ ਹਨ। ਟ੍ਰੈਵਿਸ, ਬਰਨੇਟ, ਕੇਂਡਲ, ਵਿਲੀਅਮਸਨ ਅਤੇ ਟੋਮ ਗ੍ਰੀਨ ਵਰਗੀਆਂ ਹੋਰ ਕਾਊਂਟੀਆਂ ਵਿਚ ਵੀ ਮੌਤਾਂ ਦਰਜ ਕੀਤੀਆਂ ਗਈਆਂ, ਜਿਸ ਨਾਲ ਕੁੱਲ ਮੌਤਾਂ ਦੀ ਗਿਣਤੀ 150 ਤੋਂ ਵੱਧ ਹੋ ਗਈ।

ਸਫਾ 1 ਦਾ ਬਾਕੀ

## ਅਮਰੀਕੀ ਹਵਾਈ ਅੱਡਿਆਂ 'ਤੇ ਹੁਣ ਯਾਤਰੀਆਂ ਦੀ ਬੂਟ...

ਪੋਰਟਲੈਂਡ ਇੰਟਰਨੈਸ਼ਨਲ ਏਅਰਪੋਰਟ, ਫਿਲਾਡੇਲਫੀਆ ਇੰਟਰਨੈਸ਼ਨਲ ਏਅਰਪੋਰਟ ਅਤੇ ਨੌਰਥ ਕੈਰੋਲੀਨਾ ਦੇ ਪੀਡਮੌਂਟ ਟ੍ਰਾਈਐਡ ਇੰਟਰਨੈਸ਼ਨਲ ਏਅਰਪੋਰਟ ਮੁਸਾਫ਼ਰਾਂ ਨੂੰ ਬਗੈਰ ਬੂਟੇ ਉਤਾਰੇ ਜਹਾਜ਼ 'ਤੇ ਚੜ੍ਹਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਇੱਕ ਰਿਪੋਰਟ ਮੁਤਾਬਕ ਲਾਸ ਏਂਜਲਸ ਇੰਟਰਨੈਸ਼ਨਲ ਏਅਰਪੋਰਟ ਅਤੇ ਨਿਊਯਾਰਕ ਸ਼ਹਿਰ ਦੇ ਕੌਮਾਂਤਰੀ ਹਵਾਈ ਅੱਡੇ ਨੂੰ ਸੋਮਵਾਰ ਰਾਤ ਹਦਾਇਤਾਂ ਮਿਲ ਗਈਆਂ ਕਿ ਹੁਣ ਮੁਸਾਫ਼ਰਾਂ ਦੇ ਬੂਟ ਲੁਹਾ ਕੇ ਤਲਾਸ਼ੀ ਨਾ ਲਈ ਜਾਵੇ। ਨਵੇਂ ਨਿਯਮਾਂ ਦਾ ਜਿੱਥੇ ਇਕ ਪਾਸੇ ਸਵਾਗਤ ਕੀਤਾ ਜਾ ਰਿਹਾ ਹੈ, ਉਥੇ ਹੀ ਹਵਾਈ ਸੁਰੱਖਿਆ ਦੇ ਮੁੱਦੇ 'ਤੇ ਨਵਾਂ ਵਿਵਾਦ ਪੈਦਾ ਹੋ ਗਿਆ ਹੈ। ਹਵਾਈ ਸਫ਼ਰ ਦੀ ਸੁਰੱਖਿਆ ਬਾਰੇ ਚਿੰਤਤ ਲੋਕਾਂ ਦਾ ਕਹਿਣਾ ਹੈ ਕਿ ਹਵਾਈ ਜਹਾਜ਼ਾਂ ਵਿਚ ਖ਼ੌਫ਼ ਦੀਆਂ ਵਾਰਦਾਤਾਂ ਨਿਤ ਸਾਹਮਣੇ ਆ ਰਹੀਆਂ ਹਨ ਅਤੇ ਹੁਣ ਸੁਰੱਖਿਆ ਜਾਂਚ ਵਿਚ ਛੋਟ ਮਗਰੋਂ ਹਾਲਾਤ ਹੋਰ ਵਿਗੜ ਸਕਦੇ ਹਨ। ਇਸ ਦੇ ਉਲਟ ਰਿਆਇਤ ਤੋਂ ਖੁਸ਼ ਮੁਸਾਫ਼ਰਾਂ ਦਾ ਕਹਿਣਾ ਹੈ ਕਿ ਹਵਾਈ ਅੱਡਿਆਂ 'ਤੇ ਲੋਕਾਂ ਨੂੰ ਬੂਟ ਉਤਾਰਨ ਲਈ ਮਜਬੂਰ ਕਰਨਾ ਸਰਾਸਰ ਗੈਰਜ਼ਰੂਰੀ ਕਦਮ ਸੀ। ਹਵਾਈ ਯਾਤਰੀ ਹੁਣ ਰਾਹਤ ਮਹਿਸੂਸ ਕਰ ਰਹੇ ਹਨ।

ਸਫਾ 1 ਦਾ ਬਾਕੀ

## ਐੱਸ.ਵਾਈ.ਐੱਲ. ਮੁੱਦੇ 'ਤੇ ਪੰਜਾਬ-ਹਰਿਆਣਾ ਵਿਚਕਾਰ...

ਦੱਸ ਦੇਈਏ ਕਿ ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਵਿਚਕਾਰ ਚੱਲ ਰਹੇ ਐੱਸ.ਵਾਈ.ਐੱਲ. ਮੁੱਦੇ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੁਪਰੀਮ ਕੋਰਟ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ ਇਸ ਮੁੱਦੇ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਹੀ ਜਲ ਸ਼ਕਤੀ ਮੰਤਰੀ ਨੇ ਇਹ ਮੀਟਿੰਗ ਸੱਦੀ ਹੈ।

ਹਾਲਾਂਕਿ, ਐੱਸ.ਵਾਈ.ਐੱਲ. ਮੁੱਦੇ 'ਤੇ ਪਹਿਲੇ ਵੀ ਕਈ ਵਾਰ ਮੀਟਿੰਗ ਦਾ ਦੌਰ ਚੱਲ ਚੁੱਕਿਆ ਹੈ, ਪਰ ਇਸ 'ਤੇ ਕੋਈ ਵੀ ਸਿੱਟਾ ਨਹੀਂ ਨਿਕਲ ਸਕਿਆ। ਇਸ ਮੁੱਦੇ 'ਤੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਪਹਿਲੀ ਮੀਟਿੰਗ 18 ਅਗਸਤ 2020 ਨੂੰ ਹੋਈ ਸੀ, ਜਦੋਂ ਕਿ ਦੂਜੀ ਮੀਟਿੰਗ 14 ਅਕਤੂਬਰ 2022 ਨੂੰ ਹੋਈ ਸੀ ਅਤੇ ਤੀਜੀ ਮੀਟਿੰਗ 4 ਜਨਵਰੀ 2023 ਨੂੰ ਹੋਈ ਸੀ ਪਰ ਪਰ ਉਸ ਵੇਲੇ ਵੀ ਕੋਈ ਹੱਲ ਨਹੀਂ ਨਿਕਲ ਸਕਿਆ ਸੀ। ਸੀ.ਐੱਮ. ਮਾਨ ਦਾ ਕਹਿਣਾ ਸੀ ਕਿ ਪੰਜਾਬ 'ਚ ਪਾਣੀ ਦਾ ਸੰਕਟ ਚੱਲ ਰਿਹਾ ਹੈ ਤੇ ਪੰਜਾਬ ਹਰਿਆਣਾ ਨੂੰ ਪਾਣੀ ਨਹੀਂ ਦੇਵੇਗਾ।

ਇਸ ਮਾਮਲੇ ਵਿਚ ਪੰਜਾਬ ਦਾ ਸਟੈਂਡ ਬਹੁਤ ਸਪੱਸ਼ਟ ਹੈ ਕਿ ਸਾਡੇ ਕੋਲ ਪਾਣੀ ਬਿਲਕੁਲ ਨਹੀਂ ਹੈ। ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਅਸੀਂ ਆਪਣਾ ਪਾਣੀ ਕਿਸੇ ਨੂੰ ਨਹੀਂ ਦੇਵਾਂਗੇ। ਮੀਟਿੰਗ ਵਿਚ ਯਮੁਨਾ-ਸਤਲੁਜ ਲਿੰਕ ਦਾ ਮੁੱਦਾ ਉਠਾਇਆ ਜਾ ਸਕਦਾ ਹੈ, ਨਾਲ ਹੀ ਪੰਜਾਬ ਇਸ ਵਿਚ ਆਪਣਾ ਹਿੱਸਾ ਮੰਗ ਸਕਦਾ ਹੈ।

ਦੱਸ ਦੇਈਏ ਕਿ ਐੱਸ.ਵਾਈ.ਐੱਲ. ਮੁੱਦਾ 1981 ਦਾ ਹੈ, ਜਦੋਂ ਦੋਹਾਂ ਸੂਬਿਆਂ 'ਚ ਪਾਣੀ ਦੀ ਵੰਡ ਨੂੰ ਲੈ ਕੇ ਸਮਝੌਤਾ ਹੋਇਆ ਸੀ ਤੇ ਨਹਿਰ ਬਣਾਉਣ ਦਾ ਫੈਸਲਾ ਲਿਆ ਗਿਆ ਸੀ। ਇਸ ਤਹਿਤ 214 ਕਿਲੋਮੀਟਰ ਲੰਬੀ ਨਹਿਰ ਬਣਾਉਣ ਦੀ ਯੋਜਨਾ ਤਿਆਰ ਕੀਤੀ ਗਈ। ਇਸ 'ਚ 112 ਕਿਲੋਮੀਟਰ ਲੰਬੀ ਨਹਿਰ ਪੰਜਾਬ 'ਚ ਬਣਾਉਣ ਦਾ ਫੈਸਲਾ ਕੀਤਾ ਗਿਆ ਤੇ 92 ਕਿਲੋਮੀਟਰ ਲੰਬੀ ਨਹਿਰ ਹਰਿਆਣਾ 'ਚ ਬਣਾਈ ਜਾਣੀ ਸੀ। ਹਾਲਾਂਕਿ ਹਰਿਆਣਾ ਆਪਣੇ ਹਿੱਸੇ ਦੀ ਨਹਿਰ ਦਾ ਨਿਰਮਾਣ ਕਰ ਚੁੱਕਾ ਹੈ, ਜਦੋਂਕਿ ਪੰਜਾਬ ਵਿਚ ਇਹ ਅਧੂਰੀ ਹੈ।

ਦੱਸ ਦੇਈਏ ਕਿ ਐੱਸ.ਵਾਈ.ਐੱਲ. ਦੀ ਉਸਾਰੀ ਨੂੰ ਵੱਡਾ ਝਟਕਾ 14 ਮਾਰਚ 2016 ਨੂੰ ਲੱਗਿਆ ਸੀ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਸਬੰਧੀ ਐਕਵਾਇਰ ਕੀਤੀ ਗਈ ਜ਼ਮੀਨ ਕਿਸਾਨਾਂ ਨੂੰ ਵਾਪਸ ਕਰਨ ਦਾ ਬਿੱਲ ਪਾਸ ਕਰ ਦਿੱਤਾ ਸੀ। ਕਿਸਾਨਾਂ ਨੇ ਤੁਰੰਤ ਹੀ ਨਹਿਰ ਵਿਚ ਮਿੱਟੀ ਭਰ ਕੇ ਜ਼ਮੀਨ 'ਤੇ ਕਬਜ਼ਾ ਵੀ ਕਰ ਲਿਆ ਸੀ।

ਸਫਾ 1 ਦਾ ਬਾਕੀ

## ਬ੍ਰਿਕਸ ਦੇਸ਼ਾਂ ਨੂੰ ਦੇਣਾ ਹੋਵੇਗਾ 10% ਵਾਧੂ ਟੈਰਿਫ : ਟਰੰਪ...

ਅਮਰੀਕਾ ਭਾਰਤ ਦੇ ਸਭ ਤੋਂ ਵੱਡੇ ਨਿਰਯਾਤ ਬਾਜ਼ਾਰਾਂ ਵਿਚੋਂ ਇੱਕ ਹੈ, ਖਾਸ ਕਰਕੇ ਫਾਰਮਾ, ਟੈਕਸਟਾਈਲ, ਇੰਜੀਨੀਅਰਿੰਗ ਸਾਮਾਨ ਅਤੇ ਆਈ.ਟੀ. ਸੇਵਾਵਾਂ ਦੇ ਖੇਤਰ ਵਿਚ। ਜੇਕਰ ਇਹ 10% ਵਾਧੂ ਟੈਰਿਫ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਭਾਰਤੀ ਨਿਰਯਾਤਕਾਂ 'ਤੇ ਦਬਾਅ ਵਧਾ ਸਕਦਾ ਹੈ ਅਤੇ ਵਪਾਰ ਘਾਟਾ ਡੂੰਘਾ ਕਰ ਸਕਦਾ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਟਰੰਪ ਦਾ ਇਹ ਬਿਆਨ ਅਮਰੀਕਾ ਫਸਟ ਨੀਤੀ ਤਹਿਤ ਚੋਣ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ। ਟਰੰਪ ਨੇ 2024 ਵਿਚ ਦੁਬਾਰਾ ਰਾਸ਼ਟਰਪਤੀ ਅਹੁਦਾ ਸੰਭਾਲਿਆ ਹੈ ਅਤੇ ਹੁਣ ਉਹ ਵਿਸ਼ਵ ਪੱਧਰ 'ਤੇ ਅਮਰੀਕਾ ਦੀ ਸ਼ਕਤੀ ਨੂੰ ਦੁਬਾਰਾ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਬਿਆਨ ਇਹ ਵੀ ਦਰਸਾਉਂਦਾ ਹੈ ਕਿ ਟਰੰਪ ਪ੍ਰਸ਼ਾਸਨ ਬ੍ਰਿਕਸ ਦੇ ਵਧਦੇ ਕੱਦ ਬਾਰੇ ਚਿੰਤਤ ਹੈ, ਖਾਸ ਕਰਕੇ ਜਦੋਂ ਇਹ ਸਮੂਹ ਡਾਲਰ ਦੇ ਮੁਕਾਬਲੇ ਇੱਕ ਨਵੀਂ ਭੁਗਤਾਨ ਪ੍ਰਣਾਲੀ ਜਾਂ ਇੱਕ ਨਵੀਂ ਮੁਦਰਾ ਪ੍ਰਣਾਲੀ ਵੱਲ ਕੰਮ ਕਰ ਰਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

**24 Hours 7 Days**

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com




*Gold #2867, Gem #375, TV Zon #6888, Glow TV #1828, Tashan #131, Real TV etc.*

*For any Information & Advertisement Call at*

**+1-916-320-9444**

# ਖ਼ਬਰਦਾਰ ਖ਼ਬਰਦਾਰ ਪੰਜਾਬੀਓ : ਬਰਸਾਤੀ ਮੌਸਮ ਆ ਗਿਆ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਬਰਸਾਤੀ ਮੌਸਮ ਪੰਜਾਬ ਦੇ ਕਿਸਾਨਾਂ, ਪੰਜਾਬ ਸਰਕਾਰ ਅਤੇ ਖਾਸ ਤੌਰ 'ਤੇ ਪੰਜਾਬ ਰਾਜ ਬਿਜਲੀ ਬੋਰਡ ਲਈ ਸ਼ੁਭ ਸ਼ਗਨ ਹੁੰਦਾ ਹੈ। ਕਿਸਾਨਾਂ ਦੀ ਜ਼ੀਰੀ ਦੀ ਫ਼ਸਲ ਵਾਸਤੇ ਲੋੜੀਂਦਾ ਪਾਣੀ ਮਿਲ ਜਾਂਦਾ ਹੈ, ਬਿਜਲੀ ਬੋਰਡ ਲਈ ਬਿਜਲੀ ਦੀ ਖ਼ਪਤ ਘੱਟ ਜਾਂਦੀ ਹੈ। ਪਾਣੀ ਜ਼ਮੀਨ ਵਿਚ ਸਿੰਮਣ ਕਰਕੇ ਜ਼ਮੀਨਦੋਜ਼ ਪਾਣੀ ਦੀ ਸਤਹ ਵੱਧ ਜਾਂਦੀ ਹੈ, ਜਿਸ ਨਾਲ ਪੰਜਾਬੀਆਂ ਨੂੰ ਸੁੱਖ ਦਾ ਸਾਹ ਆਉਂਦਾ ਹੈ। ਖ਼ਬਰਦਾਰ ਹੋ ਜਾਓ ਪੰਜਾਬੀਓ ਬਰਸਾਤਾਂ ਆ ਗਈਆਂ। ਹਰ ਸਾਲ ਬਰਸਾਤਾਂ ਪੰਜਾਬੀਆਂ ਲਈ ਖ਼ਤਰੇ ਦੀ ਚੇਤਾਵਨੀ ਅਤੇ ਖ਼ੁਸ਼ੀ ਲੈ ਕੇ ਆਉਂਦੀਆਂ ਹਨ, ਕਿਉਂਕਿ ਵਧੇਰੇ ਮੀਂਹ ਪੈਣ ਨਾਲ ਹੜ੍ਹਾਂ ਦਾ ਖ਼ਤਰਾ ਬਣਿਆਂ ਰਹਿੰਦਾ ਹੈ ਅਤੇ ਮੌਸਮ ਸੁਹਾਵਣਾ ਵੀ ਹੋ ਜਾਂਦਾ ਹੈ। ਮੀਂਹ ਪਹਾੜਾਂ ਵਿਚ ਪੈਣ ਲੱਗਦਾ ਹੈ ਪ੍ਰੰਤੂ ਹੌਲ਼ ਮੈਦਾਨੀ ਇਲਾਕਿਆਂ ਵਾਲੇ ਪੰਜਾਬੀਆਂ ਨੂੰ ਪੈਣ ਲੱਗ ਜਾਂਦਾ ਹੈ। ਹਾਲਾਂਕਿ ਪੰਜਾਬ ਵਿਚ ਵਧੇਰੇ ਮੀਂਹ ਜੀਰੀ ਦੀ ਫਸਲ ਲਈ ਵਰਦਾਨ ਸਾਬਤ ਹੋ ਸਕਦਾ ਹੈ, ਪ੍ਰੰਤੂ ਪੰਜਾਬ ਸਰਕਾਰ ਦੇ ਸਿੰਜਾਈ, ਡਰੇਨੇਜ ਜੋ ਹੁਣ ਜਲਸ੍ਰੋਤ ਵਿਭਾਗ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ, ਉਸ ਵਿਭਾਗ ਨੇ ਪਿਛਲੇ 50 ਸਾਲਾਂ ਤੋਂ ਆਪਣੀ ਬਰਸਾਤੀ ਨਾਲਿਆਂ, ਚੋਅ, ਰਜਵਾਹਿਆਂ ਅਤੇ ਦਰਿਆਵਾਂ ਦੀ ਬਰਸਾਤਾਂ ਤੋਂ ਪਹਿਲਾਂ ਸਾਫ਼ ਸਫ਼ਾਈ ਦੀ ਨੀਤੀ ਵਿਚ ਤਬਦੀਲੀ ਨਹੀਂ ਕੀਤੀ। 'ਆਈ ਜੰਨ ਵਿੰਨ੍ਹੋ ਕੁੜੀ ਦੇ ਕੰਨ' ਦੀ ਕਹਾਵਤ ਵਾਲੀ ਨੀਤੀ ਜਲ ਸ੍ਰੋਤ ਵਿਭਾਗ ਦੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੇ ਅਪਣਾਈ ਹੋਈ ਹੈ। ਵੈਸੇ ਤਾਂ ਸਾਫ਼ ਸਫਾਈ ਲਈ ਫ਼ੰਡ ਦੇਰੀ ਨਾਲ ਜ਼ਾਰੀ ਕੀਤੇ ਜਾਂਦੇ ਹਨ, ਪ੍ਰੰਤੂ ਜੇਕਰ ਬਦਕਿਸਮਤੀ ਨਾਲ ਸਰਕਾਰਾਂ ਦੀ ਚੰਗੀ ਨੀਤ ਕਰਕੇ ਸਹੀ ਸਮੇਂ 'ਤੇ ਫ਼ੰਡ ਜਾਰੀ ਹੋ ਜਾਣ, ਤਾਂ ਖੇਤਰੀ ਅਮਲਾ ਜਾਣਬੁੱਝ ਕੇ ਟੈਂਡਰ ਲਗਾਉਣ ਵਿਚ ਦੇਰੀ ਕਰ ਦਿੰਦਾ ਹੈ। ਟੈਂਡਰ ਲਗਾਉਣ ਵਿਚ ਦੇਰੀ ਸ਼ਾਇਦ ਇਸ ਕਰਕੇ ਕੀਤੀ ਜਾਂਦੀ ਹੈ ਕਿ ਬਰਸਾਤਾਂ ਸ਼ੁਰੂ ਹੋ ਜਾਣ, ਫਿਰ ਇਹ ਫ਼ੰਡ ਤੁਰਤ-ਫੁਰਤ ਖ਼ਰਚ ਕਰਨ ਵਿਚ ਕੋਈ ਔਖ ਨਾ ਹੋਵੇ। ਪਾਰਦਰਸ਼ੀ ਪ੍ਰਬੰਧਾਂ ਨਾਲ ਜਲਦਬਾਜ਼ੀ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਜ਼ੋਰ ਦਿੰਦਾ ਹੈ, ਕਿਉਂਕਿ ਉਸਦੀ ਜ਼ਿੰਮੇਵਾਰੀ ਲੋਕ ਹਿਤਾਂ 'ਤੇ ਪਹਿਰਾ ਦੇਣ ਦੀ ਹੁੰਦੀ ਹੈ। ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਉਹ ਲੋਕਾਂ ਨੂੰ ਜਵਾਬਦੇਹ ਹੁੰਦੇ ਹਨ। ਹੋ ਰਹੀ ਬਰਸਾਤ ਸਮੇਂ ਜਲਦਬਾਜ਼ੀ ਵਿਚ ਕੀਤਾ ਗਿਆ ਕੰਮ ਪਾਣੀ ਦੇ ਵਹਾਅ ਦੇ ਨਾਲ ਹੀ ਰੁੜ੍ਹ ਜਾਂਦਾ ਹੈ। ਭਾਵ ਪੈਸਾ ਪਾਣੀ ਨਾਲ ਰੁੜ੍ਹ ਜਾਂਦਾ ਹੈ। ਅਧਿਕਾਰੀਆਂ ਦੀ ਜਵਾਬਦੇਹੀ ਨਿਸ਼ਚਿਤ ਨਹੀਂ ਹੋ ਸਕਦੀ, ਕਿਉਂਕਿ ਉਹ ਕਹਿ ਦੇਣਗੇ ਕਿ ਹੜ੍ਹ ਦਾ ਪਾਣੀ ਰੋੜ੍ਹਕੇ ਲੈ ਗਿਆ ਹੈ। ਇਹ ਪ੍ਰਣਾਲੀ ਕਿਸੇ ਇੱਕ ਸਰਕਾਰ ਦੇ ਸਮੇਂ ਦੀ ਨਹੀਂ ਹੈ, ਸਗੋਂ ਜਿਹੜੀ ਵੀ ਪਾਰਟੀ ਦੀ ਸਰਕਾਰ ਹੁੰਦੀ ਹੈ, ਇੰਝ ਹੀ ਕਰਦੀ ਆ ਰਹੀ ਹੈ। ਟੈਂਡਰ ਲਗਾਉਣ ਵਿਚ ਦੇਰੀ ਕਿਉਂ ਹੁੰਦੀ ਹੈ? ਇਹ ਦੱਸਣ ਦੀ ਲੋੜ ਨਹੀਂ, ਸਮਝਣ ਤੇ ਮਹਿਸੂਸ ਕਰਨ ਦੀ ਹੈ, ਵੈਸੇ ਹੁਣ ਤੱਕ ਤੁਸੀਂ ਸਮਝ ਗਏ ਹੋਵੋਗੇ।

ਮੈਂ ਪਿਛਲੇ 33 ਸਾਲ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਨੌਕਰੀ ਕੀਤੀ ਹੈ, ਜਿਸ ਵਿਚੋਂ 28 ਸਾਲ ਜ਼ਿਲ੍ਹਿਆਂ ਵਿਚ ਨੌਕਰੀ ਕਰਦਾ ਰਿਹਾ ਹਾਂ, ਬਰਸਾਤਾਂ ਦੇ ਮੌਸਮ ਸਮੇਂ ਪੰਜਾਬ ਦੇ ਲੋਕਾਂ ਦੀ ਤ੍ਰਾਸਦੀ ਆਪਣੀ ਅੱਖੀਂ ਵੇਖਦਾ ਰਿਹਾ ਹਾਂ। ਲੋਕਾਂ ਦੇ ਘਰ ਢਹਿ ਢੇਰੀ ਹੋ ਜਾਂਦੇ ਹਨ, ਫ਼ਸਲਾਂ ਤਬਾਹ ਹੋ ਜਾਂਦੀਆਂ ਹਨ, ਜਾਨ-ਮਾਲ ਦਾ ਨੁਕਸਾਨ ਹੁੰਦਾ ਹੈ। ਸੰਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ ਹੋਰ ਮਾਲ ਅਧਿਕਾਰੀ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਹੀ ਬਰਸਾਤੀ ਨਾਲਿਆਂ ਅਤੇ ਦਰਿਆਵਾਂ ਦੀ ਸਾਫ਼ ਸਫ਼ਾਈ ਲਈ ਮੌਕਾ ਵੇਖਣ ਜਾਂਦੇ



ਹਨ। ਜਲ ਸ੍ਰੋਤ ਵਿਭਾਗ ਦੇ ਅਧਿਕਾਰੀ, ਮਾਲ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਹੁੰਦੇ ਹਨ। ਉਹ ਤਸਵੀਰਾਂ ਖਿਚਵਾ ਲੈਂਦੇ ਹਨ, ਅਗਲੇ ਦਿਨ ਅਖ਼ਬਾਰਾਂ ਵਿਚ ਖ਼ਬਰਾਂ ਲੱਗ ਜਾਂਦੀਆਂ ਹਨ ਕਿ ਹੜ੍ਹਾਂ ਦੇ ਬਚਾਓ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਚਿੰਤਤ ਹੈ ਤੇ ਯੋਗ ਕਾਰਵਾਈ ਕਰ ਰਿਹਾ ਹੈ। ਲੋਕਾਂ ਨੂੰ ਥੋੜ੍ਹੀ ਤਸੱਲੀ ਹੋ ਜਾਂਦੀ ਹੈ। ਅਮਲੀ ਤੌਰ 'ਤੇ ਜਲ ਸ੍ਰੋਤ ਵਿਭਾਗ ਦੇ ਅਧਿਕਾਰੀ ਕਛੂਆ ਦੀ ਚਾਲ ਚਲਦੇ ਰਹਿੰਦੇ ਹਨ। ਜਲ ਸ੍ਰੋਤ ਵਿਭਾਗ ਦੇ ਅਧਿਕਾਰੀ ਇਕੋ ਗੱਲ ਕਹਿੰਦੇ, ਮੈਂ ਨੌਕਰੀ ਸਮੇਂ 28 ਸਾਲ ਸੁਣਦਾ ਰਿਹਾ ਹਾਂ ਕਿ ਜਲਦੀ ਹੀ ਮੁੱਖ ਦਫ਼ਤਰ ਤੋਂ ਫ਼ੰਡਾਂ ਦੀ ਤਜ਼ਵੀਜ ਭੇਜਕੇ ਮੰਗ ਕੀਤੀ ਜਾਵੇਗੀ, ਜਦੋਂ ਫੰਡ ਆ ਗਏ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਕਦੇ ਵੀ ਸਮੇਂ ਸਿਰ ਕੰਮ ਸ਼ੁਰੂ ਨਹੀਂ ਹੋਇਆ। ਪੰਜਾਬ ਵਿਚ ਸਤਲੁਜ, ਰਾਵੀ ਤੇ ਬਿਆਸ ਦਰਿਆ, ਘੱਗਰ ਤੇ ਟਾਂਗਰੀ ਸਭ ਤੋਂ ਵੱਧ ਨੁਕਸਾਨ ਕਰਦੇ ਹਨ। ਪੰਜਾਬ ਵਿਚ 850 ਤੋਂ ਉਪਰ ਚੋਅ, ਨਾਲੇ ਅਤੇ ਰਜਵਾਹੇ ਹਨ, ਜਿਨ੍ਹਾਂ ਦੀ ਲੰਬਾਈ 8136.76 ਕਿਲੋਮੀਟਰ ਹੈ। ਉਨ੍ਹਾਂ ਦੀ ਸਫ਼ਾਈ ਕਦੀਂ ਵੀ ਸਮੇਂ ਸਿਰ ਨਹੀਂ ਹੁੰਦੀ। ਉਹ ਪਾਣੀ ਦੇ ਵਹਾਅ ਵਿਚ ਰੁਕਾਵਟ ਪਾਉਂਦੇ ਹਨ ਤੇ ਹੜ੍ਹ ਦੀ ਸਥਿਤੀ ਬਣ ਜਾਂਦੀ ਹੈ। ਐਸਟੀਮੇਟ ਸਾਰਿਆਂ ਦੀ ਸਫ਼ਾਈ ਦਾ ਬਣਦਾ ਹੈ। ਹਰ ਸਾਲ ਧੂਸੀ ਬੰਧ ਟੁੱਟਦਾ ਹੈ ਤੇ ਮੁਰੰਮਤ ਕੀਤੀ ਜਾਂਦੀ ਹੈ, ਕੋਈ ਪੱਕਾ ਇਲਾਜ ਨਹੀਂ। ਮਾਲਵੇ ਵਿਚ ਘੱਗਰ ਅਤੇ ਟਾਂਗਰੀ ਸਭ ਤੋਂ ਵੱਧ ਨੁਕਸਾਨ ਕਰਦੇ ਹਨ। ਘੱਗਰ ਫ਼ਤਿਹਗੜ੍ਹ, ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਹਰ ਸਾਲ ਕਹਿਰ ਮਚਾਉਂਦਾ ਹੈ। ਸਰਕਾਰਾਂ ਦੀ ਅਣਗਹਿਲੀ ਕਰਕੇ ਇਨ੍ਹਾਂ ਜ਼ਿਲ੍ਹਿਆਂ ਦੇ ਲੋਕ ਨੁਕਸਾਨ ਉਠਾਉਂਦੇ ਹਨ।

ਚੋਣਾਂ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਦੇ ਸਿਆਸਤਦਾਨ ਲੰਬੇ ਸਮੇਂ ਤੋਂ ਮੈਂ ਇਹ ਕਹਿੰਦੇ ਸੁਣਦਾ ਆ ਰਿਹਾ ਹਾਂ ਕਿ ਤੁਸੀਂ ਵੋਟਾਂ ਸਾਨੂੰ ਪਾ ਦਿਓ, ਅਸੀਂ ਘੱਗਰ ਚੁੱਕ ਦਿਆਂਗੇ। ਇਹ ਬਿਆਨ ਸਾਰੀਆਂ ਪਾਰਟੀਆਂ ਨੇ ਦਿੱਤੇ ਹਨ ਤੇ ਸਾਰੇ ਹੀ ਖੋਖਲੇ ਸਾਬਤ ਹੋਏ ਹਨ, ਪ੍ਰਨਾਲਾ ਉਥੇ ਦਾ ਉਥੇ ਹੀ ਹੈ। ਨਾ ਘੱਗਰ ਚੁੱਕਿਆ ਗਿਆ ਹੈ ਅਤੇ ਨਾ ਹੀ ਹੜ੍ਹ ਆਉਣ ਤੋਂ ਬੰਦ ਹੋਏ ਹਨ। ਇਸ ਵਿਚ ਇਕੱਲੀ ਸਰਕਾਰ ਹੀ ਜ਼ਿੰਮੇਵਾਰ ਨਹੀਂ ਘੱਗਰ, ਨਾਲਿਆਂ, ਰਜਵਾਹਿਆਂ ਅਤੇ ਚੋਆਂ ਦੇ ਆਲੇ-ਦੁਆਲੇ ਖੇਤਾਂ ਵਾਲੇ ਕਿਸਾਨ ਵੀ ਜ਼ਿੰਮੇਵਾਰ ਹਨ, ਕਿਉਂਕਿ ਉਨ੍ਹਾਂ ਨੇ ਇਨ੍ਹਾਂ ਵਿਚ ਕਬਜ਼ੇ ਕੀਤੇ ਹੋਏ ਹਨ। ਕੋਈ ਵੀ ਸਰਕਾਰ ਵੋਟਾਂ ਦੇ ਲਾਲਚ ਕਰਕੇ ਇਹ ਕਬਜ਼ੇ ਖਾਲੀ ਨਹੀਂ ਕਰਵਾਉਂਦੀ। ਹਾਲਾਂਕਿ ਉਨ੍ਹਾਂ ਕਿਸਾਨਾਂ ਨੂੰ ਵੀ ਪਤਾ ਹੁੰਦਾ ਹੈ ਕਿ ਇਨਕਰੋਚਮੈਂਟ ਦਾ ਨੁਕਸਾਨ ਉਨ੍ਹਾਂ ਦੇ ਘਰਾਂ ਅਤੇ ਫ਼ਸਲਾਂ ਨੂੰ ਵੀ ਹੋਵੇਗਾ, ਪ੍ਰੰਤੂ ਉਹ ਕਬਜ਼ੇ ਨਹੀਂ ਹਟਾਉਂਦੇ। ਇੱਕ ਕਿਸਮ ਨਾਲ ਸਾਰੀਆਂ ਸਰਕਾਰਾਂ ਦੀ ਅਣਗਹਿਲੀ ਦਾ ਨਤੀਜਾ ਪੰਜਾਬੀਆਂ ਨੂੰ ਭੁਗਤਣਾ ਪੈਂਦਾ ਹੈ।

ਸਤਲੁਜ ਯਮੁਨਾ ਲਿੰਕ ਨਹਿਰ ਦਾ ਪ੍ਰਾਜੈਕਟ ਜਿਸ ਦਿਨ ਦਾ ਬਣਿਆਂ ਹੈ, ਉਸ ਦਿਨ ਤੋਂ ਹੀ ਪੰਜਾਬੀਆਂ ਲਈ ਸੰਤਾਪ ਦਾ ਮੁੱਖ ਕਾਰਨ ਬਣਿਆਂ ਹੋਇਆ ਹੈ। ਇਹ ਨਹਿਰ ਰੋਪੜ, ਫਤਿਹਗੜ੍ਹ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਇਲਾਕਿਆਂ ਵਿਚ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਦਾ ਕੰਮ ਕਰ ਰਹੀ ਹੈ, ਜਿਸ ਕਰਕੇ ਹੜ੍ਹਾਂ ਦੀ ਸਥਿਤੀ ਹੋਰ ਗੰਭੀਰ ਹੋ ਜਾਂਦੀ ਹੈ, ਕਿਉਂਕਿ ਇਸ ਵਿਚ ਵੀ ਬਹੁਤ ਸਾਰਾ ਘਾਹ, ਬੂਟੀ ਅਤੇ ਦਰਖਤਾਂ ਦੇ ਝੁੰਡ ਹੋ ਗਏ ਹਨ। ਕਈ ਕਿਸਾਨਾਂ ਨੇ ਇਸਨੂੰ ਵਾਹ ਲਿਆ ਹੈ। ਇਹ ਮਰਿਆ ਹੋਇਆ ਸੱਪ ਪੰਜਾਬੀਆਂ ਦੇ ਗਲ ਅਜਿਹਾ ਪਿਆ, ਜਿਸਦੇ ਲੱਥਣ ਦੀ ਕੋਈ ਆਸ ਨਹੀਂ ਲੱਗਦੀ। ਲੋਕਾਂ ਦੀ ਬਰਬਾਦੀ ਦਾ ਕਰਨ ਬਣ ਰਹੀ ਹੈ। 'ਪਟਿਆਲਾ ਕੀ ਰਾਓ' ਵਰਤਮਾਨ ਮੋਹਾਲੀ ਜ਼ਿਲ੍ਹੇ ਦੇ ਪਿੰਡ ਪੜ੍ਹਛ ਕੋਲੋਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਨਿਕਲਦੀ ਹੈ। ਇਹ ਚੋਅ ਨਵਾਂ ਗਾਉਂ ਮੋਹਾਲੀ ਵੇਰਕਾ ਚੌਕ, ਚਪੜਚਿੜੀ, ਲਾਂਡਰਾਂ, ਝੰਜੇੜੀ, ਮਛਲੀ ਕਲਾਂ, ਝਾਮਪੁਰ, ਬਰਾਸ, ਚੋਲਟੀ ਖੇੜੀ, ਪਤਾਰਸੀ, ਮੀਆਂਪੁਰ, ਬਹਿਲੋਲਪੁਰ ਜੱਟਾਂ, ਨੰਦਪੁਰ ਕੇਸ਼ੋ ਪੰਜੋਲਾ, ਪੰਜੋਲੀ ਖੁਰਦ, ਪੰਜੋਲੀ ਕਲਾਂ ਹੁੰਦੀ ਹੋਈ ਪਟਿਆਲਾ ਜ਼ਿਲ੍ਹੇ ਦੇ ਦੌਲਤਪੁਰ ਪਿੰਡ ਕੋਲ ਪਹੁੰਚਕੇ 'ਪਟਿਆਲਾ ਨਦੀ' ਕਹਾਉਣ ਲੱਗ ਜਾਂਦੀ ਹੈ। ਇਸ ਤੋਂ ਪਹਿਲਾਂ ਇਹ ਦਰਿਆ ਦਾ ਰੂਪ ਹੀ ਹੁੰਦੀ ਹੈ, ਲਗਪਗ ਇੱਕ ਕਿਲੋਮੀਟਰ ਚੌੜੀ ਹੈ, ਇਸਦੇ ਆਲੇ-ਦੁਆਲੇ ਕੋਈ ਬੰਧ ਨਹੀਂ ਹੈ। ਖੇਤਾਂ ਵਿਚ ਪਾਣੀ ਵਹਿੰਦਾ ਹੈ ਤੇ ਕਿਸਾਨਾਂ ਦੀ ਫਸਲ ਨੂੰ ਤਬਾਹ ਕਰਦਾ ਹੈ। ਦੌਲਤਪੁਰ ਕੋਲ ਆ ਕੇ ਨਦੀ ਬਣ ਜਾਂਦੀ ਹੈ। ਇਹ ਨਦੀ ਪਟਿਆਲਾ ਸ਼ਹਿਰ ਦੇ ਪੂਰਬੀ ਪਾਸੇ ਵੱਲੋਂ ਲੰਘਦੀ ਹੈ। ਹੁਣ ਇਸਦੇ ਦੋਹੀਂ ਪਾਸੀਂ ਕਾਲੋਨੀਆਂ ਬਣ ਗਈਆਂ। ਜਦੋਂ ਇਹ ਮੀਂਹ ਦਾ ਪਾਣੀ ਨਹੀਂ ਸਹਾਰਦੀ, ਤਾਂ ਟੁੱਟ ਜਾਂਦੀ ਹੈ ਤੇ ਪਟਿਆਲਾ ਸ਼ਹਿਰ ਅਤੇ ਆਲੇ-ਦੁਆਲੇ ਦੀਆਂ ਕਾਲੋਨੀਆਂ ਦੇ ਘਰ-ਬਾਰ ਤਬਾਹ ਕਰ ਦਿੰਦੀ ਹੈ। ਇਸ ਨਦੀ ਦੀ ਸਫਾਈ ਦਾ ਕੰਮ ਜਲਸ੍ਰੋਤ ਵਿਭਾਗ ਕੋਲ ਹੈ, ਪ੍ਰੰਤੂ ਇਹ ਵਿਭਾਗ ਕਦੀ ਵੀ ਸੰਜੀਦਗੀ ਨਾਲ ਸਫਾਈ ਨਹੀਂ ਕਰਦਾ, ਜਿਸ ਕਰਕੇ ਪਟਿਆਲਵੀ ਹੜ੍ਹਾਂ ਦੌਰਾਨ ਘਰੋਂ ਬੇਘਰ ਹੋ ਜਾਂਦੇ ਹਨ। ਲੋਕ ਵੀ ਇਸ ਵਿਚ ਫਾਲਤੂ ਸਾਮਾਨ ਸੁੱਟ ਦਿੰਦੇ ਹਨ।

1993 ਅਤੇ 2023 ਵਿਚ ਪਟਿਆਲਾ ਨਦੀ ਦੇ ਪ੍ਰਕੋਪ ਕਰਕੇ ਪਟਿਆਲਵੀਆਂ ਨੂੰ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। 1993 ਵਿਚ ਤਾਂ ਜਾਨੀ ਅਤੇ ਪਸ਼ੂਆਂ ਦਾ ਕਾਫ਼ੀ ਨੁਕਸਾਨ ਹੋਇਆ ਸੀ। ਇਸ ਵਾਰ ਵੀ ਲੋਕ ਡਰੇ ਹੋਏ ਹਨ, ਹਾਲਾਂਕਿ ਹੜ੍ਹ ਦੇ ਆਸਾਰ ਨਹੀਂ ਹਨ। ਇੱਕ ਪਾਸੇ ਪਿੰਡਾਂ ਦੇ ਲੋਕ ਘੱਗਰ ਅਤੇ ਹੋਰ ਚੋਆਂ ਦੀ ਸਫ਼ਾਈ ਨਾ ਹੋਣ ਕਰਕੇ ਡਰ ਦੇ ਮਾਹੌਲ ਵਿਚੋਂ ਗੁਜਰ ਰਹੇ ਹਨ। ਸਰਕਾਰਾਂ ਪਿਛਲੇ ਤਜ਼ਰਬਿਆਂ ਤੋਂ ਵੀ ਸਬਕ ਨਹੀਂ ਸਿੱਖਦੀਆਂ। ਪਟਿਆਲਾ ਨਦੀ ਵਿਚ ਬੂਟੀ ਵੱਡੀ ਮਾਤਰਾ ਵਿਚ ਖੜ੍ਹੀ ਹੈ। ਬੀੜ ਮੋਤੀ ਬਾਗ ਕੋਲ ਜਿਹੜਾ ਜੂ ਹੈ, ਉਥੇ ਨਦੀ 'ਤੇ ਛੋਟਾ ਪੁਲ ਹੋਣ ਕਰਕੇ ਪਾਣੀ ਰੁੱਕ ਜਾਂਦਾ ਹੈ, ਜਿਸ ਕਰਕੇ ਨਦੀ ਕਈ ਥਾਵਾਂ ਤੋਂ ਟੁੱਟਣ ਦਾ ਡਰ ਬਣ ਜਾਂਦਾ ਹੈ। ਕੁਝ ਦਰੱਖਤ ਖੜ੍ਹੇ ਹਨ, ਜਿਹੜੇ ਪਾਣੀ ਦੇ ਵਹਾਅ ਨੂੰ ਰੋਕਦੇ ਹਨ। ਇਹ ਦਰੱਖਤ ਕੱਟਣ ਅਤੇ ਪੁਲ ਚੌੜਾ ਕਰਨ ਲਈ ਭਾਰਤ ਸਰਕਾਰ ਦੇ ਜੰਗਲਾਤ ਵਿਭਾਗ ਦੀ ਜ਼ਰੂਰਤ ਸੀ। ਦੋ ਸਾਲ ਲੰਘ ਗਏ, ਅਜੇ ਤੱਕ ਪ੍ਰਵਾਨਗੀ ਦੀ ਕੋਈ ਉੱਘ-ਸੁੱਘ ਨਹੀਂ ਹੈ। ਚਲੋ ਇਹ ਤਾਂ ਵੱਖਰੀ ਗੱਲ ਹੈ ਪ੍ਰੰਤੂ ਪੁਲ ਦੇ ਮੂਹਰੇ ਮਿੱਟੀ ਜੰਮੀ ਹੋਈ ਹੈ, ਉਹ ਤਾਂ ਸਾਫ ਹੋ ਸਕਦੀ ਹੈ। ਉਸਦੀ ਵੀ ਸਫ਼ਾਈ ਨਹੀਂ ਹੋਈ, ਲੋਕਾਂ ਦਾ ਡਰ ਤਾਂ ਸਹੀ ਹੈ, ਪ੍ਰੰਤੂ ਇਹ ਵੀ ਹੋ ਸਕਦਾ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਹੜ੍ਹ ਨਾ ਆਉਣ। ਪਰ ਸਰਕਾਰ ਨੂੰ ਤਾਂ ਕੋਈ ਉਦਮ ਕਰਨਾ ਚਾਹੀਦਾ ਹੈ। ਇਸ ਵਾਰ ਇਹ ਪਤਾ ਲੱਗਾ ਹੈ ਕਿ ਜਲ ਸ੍ਰੋਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਦੀ ਦੀ ਸਫ਼ਾਈ ਲਈ ਟੈਂਡਰ ਲਗਾਉਣ ਵਿਚ ਦੇਰੀ ਕਰਨ ਕਰਕੇ ਜਲ ਸ੍ਰੋਤ ਵਿਭਾਗ ਨਦੀ ਦੀ ਸਫ਼ਾਈ ਐੱਨ.ਡੀ.ਆਰ.ਐੱਫ. ਤੋਂ ਕਰਵਾਉਣ ਲਈ ਸੋਚ ਰਿਹਾ ਹੈ, ਜੋ ਲੋਕਾਂ ਲਈ ਸੁੱਖ ਦਾ ਸਾਹ ਸਾਬਤ ਹੋਵੇਗਾ। ਜਲ ਸ੍ਰੋਤ ਵਿਭਾਗ ਦੇ ਅਧਿਕਾਰੀ ਹੱਥ ਮਲਦੇ ਰਹਿ ਜਾਣਗੇ, ਕਿਉਂਕਿ ਉਨ੍ਹਾਂ ਦੇ ਗੀਜੇ ਖਾਲੀ ਰਹਿ ਜਾਣਗੇ। ਹੁਣ ਜਲ ਸ੍ਰੋਤ ਵਿਭਾਗ ਨੇ ਪਟਿਆਲਵੀਆਂ ਦਾ ਮੂੰਹ ਮੁਲਾਹਜ਼ਾ ਰੱਖਣ ਲਈ ਪਟਿਆਲਾ ਨਦੀ ਦੀ ਥੋੜ੍ਹੀ ਬਹੁਤੀ ਸਫ਼ਾਈ ਸ਼ੁਰੂ ਕੀਤੀ ਹੈ। ਅਜਿਹੇ ਹਾਲਾਤ ਵਿਚ ਗ਼ੈਰ ਸੰਜੀਦਾ ਲੋਕ ਅਫ਼ਵਾਹਾਂ ਫ਼ੈਲਾਉਂਦੇ ਹਨ ਪ੍ਰੰਤੂ ਲੋਕਾਂ ਨੂੰ ਅਫ਼ਵਾਹਾਂ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ, ਸਗੋਂ ਹੌਂਸਲਾ ਰੱਖਕੇ ਚੇਤੰਨ ਰਹਿਣਾ ਚਾਹੀਦਾ ਹੈ।



# ਕੈਨੇਡਾ ਦਾ ਨਾਟੋ ਪੱਖੀ ਬਜਟ, ਨਵੇਂ ਸਵਾਲ ਛੱਡ ਗਿਆ

-ਜਗਦੀਸ਼ ਸਿੰਘ ਚੋਹਕਾ
ਹੁਸ਼ਿਆਰਪੁਰ
91-92179-97445
001-403-285-4208
ਪੰਜਾਬ ਮੇਲ USA



ਅੱਜ ਸੰਸਾਰ ਅੰਦਰ ਪ੍ਰਣਾਲੀਗਤ ਸੰਕਟ ਦੇ ਸਿੱਟੇ ਵਜੋਂ ਦੁਨੀਆਂ ਦੀ ਅਰਥਵਿਵਸਥਾ ਦੀ ਵਿਕਾਸ ਦਰ ਸੁਸਤ ਦਿੱਸ ਰਹੀ ਹੈ, ਜਿਸ ਕਰਕੇ ਆਰਥਿਕ-ਅਸਮਾਨਤਾਵਾਂ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਕੁਪੋਸ਼ਣ ਵੱਧ ਰਿਹਾ ਹੈ। ਸੱਜੇ ਪੱਖ ਵੱਲ ਰਾਜਨੀਤਿਕ ਝੁਕਾਅ ਵੀ ਪਨਪ ਰਿਹਾ ਹੈ। ਸਾਮਰਾਜਵਾਦੀ ਦੇ ਯੁੱਧ, ਯੂਰਪੀਅਨ ਗੱਠਜੋੜ ਅਤੇ ਨਾਟੋ ਦੀਆਂ ਨੀਤੀਆਂ ਕਾਰਨ ਦੁਨੀਆਂ ਅੰਦਰ ਫਿਰ ਤਨਾਅ ਪੈਦਾ ਹੋਣ ਦੀਆਂ ਹੋਰ ਸੰਭਾਵਨਾਵਾਂ ਵਧ ਰਹੀਆਂ ਹਨ। ਗਾਜ਼ਾ 'ਤੇ ਲਗਾਤਾਰ ਇਜ਼ਰਾਈਲ ਦੇ ਵਿਸਥਾਰਵਾਦੀ ਹਮਲੇ ਅਤੇ ਫਲਸਤੀਨੀ ਲੋਕਾਂ 'ਤੇ ਨਸਲਘਾਤੀ ਹਮਲਿਆਂ ਦਾ ਜਾਰੀ ਰਹਿਣਾ, ਯੂਕਰੇਨ ਜੰਗ ਅਤੇ ਅਮਰੀਕਾ ਦਾ ਇਰਾਨ 'ਤੇ ਹਮਲਾ ਸਭ ਸੰਸਾਰ ਵਿਚ ਤਨਾਅ ਪੈਦਾ ਕਰਨਾ ਹੈ। ਦੁਨੀਆਂ ਨੂੰ ਹੌਲੀ-ਹੌਲੀ ਦੋ ਵਿਰੋਧੀ ਗੁਟਾਂ ਵਿਚ ਵੰਡਣ ਅਤੇ ਸ਼ੀਤ ਯੁੱਧ ਵੱਲ ਧੱਕਣਾ ਹੈ। ਇਸ ਤਨਾਅ ਕਾਰਨ ਸਾਮਰਾਜੀ ਖੇਮੇ ਦਾ ਫੌਜੀ ਖਰਚਾ 22.4 ਖਰਬ ਡਾਲਰ ਪੁੱਜ ਗਿਆ ਹੈ। ਕੇਵਲ ਅਮਰੀਕਾ ਅਤੇ ਉਸ ਦੇ ਨਾਟੋ ਸਹਿਯੋਗੀਆਂ ਦਾ ਇਹ ਫੌਜੀ ਖਰਚਾ ਅੱਧ ਤੋਂ ਵੱਧ ਬਣਦਾ ਹੈ, ਜਿਸ ਵਿਚ ਕੈਨੇਡਾ ਵੀ ਇਕ ਪ੍ਰਮੁੱਖ ਭਾਈਵਾਲ ਹੈ, ਜਿਸ ਵਲੋਂ ਫੌਜੀ ਬਜਟ 150 ਅਰਬ ਡਾਲਰ ਅੰਕਿਆ ਜਾ ਰਿਹਾ ਹੈ। ਪਿਛਲੇ ਦਿਨੀਂ ਨਾਟੋ ਦੀ ਪਾਰਲੀਮਾਨੀ ਅਸੈਂਬਲੀ (ਡੇਟੋਨ ਓਹਾਇਓ-ਜੂਨ, 2025) ਵਿਚ ਕੈਨੇਡਾ ਨੇ ਆਪਣੀ ਜੀ.ਡੀ.ਪੀ. ਦਾ 5 ਫੀਸਦੀ ਹਿੱਸਾ ਫੌਜ 'ਤੇ ਖਰਚੇਗਾ, ਐਲਾਨਿਆ ਸੀ।

ਕੈਨੇਡਾ ਜਿਸ ਦੀ ਆਬਾਦੀ 4,01,26,723 (ਮਈ 2025) ਹੈ, ਜੋ ਤਿੰਨ ਪਾਸਿਆਂ ਤੋਂ ਸਮੁੰਦਰ ਅਤੇ ਇਕ ਪਾਸੇ ਜਿਸ ਦੀ ਸਰਹੱਦ ਅਮਰੀਕਾ ਨਾਲਾ ਲੱਗਦੀ ਹੈ, ਜਿਸ ਨੇ 1 ਜੁਲਾਈ ਨੂੰ ਆਪਣਾ 158ਵਾਂ ਆਜ਼ਾਦੀ ਦਿਵਸ ਮਨਾਇਆ। ਭਾਵ ਇਸ ਨੂੰ ਕਿਸੇ ਵੀ ਦੇਸ਼ ਤੋਂ ਨਾ ਤਾਂ ਖਤਰਾ ਹੈ ਤੇ ਨਾ ਹੀ ਜੰਗੀ ਹਮਲੇ ਦਾ ਡਰ ਹੈ। ਪਿਛਲੇ ਮਹੀਨੇ ਕੈਨੇਡਾ ਨੇ ਆਪਣੇ ਸੰਸਦ ਦੇ 45ਵੇਂ ਗਠਨ ਵੇਲੇ ਬਰਤਾਨੀਆ ਦੇ ਕਿੰਗ ਚਾਰਲਸ ਤੀਸਰੇ ਦੀ "ਥਰੋਨ ਸਪੀਚ" (ਤਾਜ਼ ਦਾ ਭਾਸ਼ਨ) ਦੌਰਾਨ ਹਾਊਸ ਆਫ ਕਾਮਨਜ਼ ਵਿਚ ਕੈਨੇਡਾ ਦੀ ਪ੍ਰਭੂਸੱਤਾ ਤੇ ਅਰਥ-ਵਿਵਸਥਾ ਅੰਦਰ ਸਿਹਤ ਸੰਭਾਲ, ਰਿਹਾਇਸ਼ ਤੇ ਸਮਰਿਧੀ ਵੱਲ ਕੇਂਦਰਿਤ ਰਹਿਣ ਦੀ ਦ੍ਰਿੜ੍ਹਤਾ ਵੀ ਪ੍ਰਗਟਾਈ ਸੀ। ਜੇਕਰ ਕੈਨੇਡਾ ਦੀ ਪ੍ਰਭੂਸੱਤਾ ਤੇ ਵਿਲੱਖਣ ਪਛਾਣ ਹੈ, ਤਾਂ ਅਜਿਹੇ ਵਿਕਸਿਤ ਦੇਸ਼ ਨੂੰ ਕਿਸੇ ਪਾਸੇ ਤੋਂ ਕੋਈ ਖਤਰਾ ਕਿਵੇਂ ਹੋ ਸਕਦਾ ਹੈ? ਕੈਨੇਡਾ ਨੇ ਹੁਣ ਆਪਣੀ ਜੀ.ਡੀ.ਪੀ. (2.2 ਖਰਬ ਅਮਰੀਕੀ ਡਾਲਰ) ਦਾ 5 ਫੀਸਦੀ ਫੌਜੀ ਹਥਿਆਰਾਂ 'ਤੇ ਭਾਵ ਨਾਟੋ ਦੀ ਕਮਾਨ ਵਿਚ ਖਰਚਣਾ ਹੈ। ਕੈਨੇਡਾ ਦਾ ਫੌਜੀ ਬਜਟ ਖਰਚਾ ਭਾਵ 5 ਫੀਸਦੀ ਤੱਕ ਪੁੱਜ ਜਾਵੇਗਾ। ਇਹ ਫੌਜੀ ਬਜਟ ਕੈਨੇਡਾ ਦੇ ਲੋਕਾਂ ਦਾ ਰੁਜ਼ਗਾਰ, ਸਿਹਤ ਸੇਵਾਵਾਂ, ਸਿੱਖਿਆ ਅਤੇ ਭਲਾਈ ਸਕੀਮਾਂ ਨੂੰ ਹੁਣ ਚਟਮ ਕਰ ਜਾਵੇਗਾ। ਅੱਜ ਵੀ ਸਾਮਰਾਜ ਨਵੇਂ ਰੂਪ ਵਿਚ ਗਾਜ਼ਾ, ਯੂਕਰੇਨ, ਸੁਡਾਨ ਆਦਿ ਦੇਸ਼ਾਂ ਅੰਦਰ ਫਾਸ਼ੀਵਾਦੀ ਰੂਪ ਅੰਦਰ ਮਨੁੱਖਤਾ ਦਾ ਨਸਲ ਘਾਤ ਕਰ ਰਿਹਾ ਹੈ। ਇਕ ਖਰਬ ਡਾਲਰ ਦਾ ਨਾਟੋ ਦੇ ਬਜਟ ਵਿਚ ਵਾਧਾ ਕੀ ਇਸ ਨਸਲ ਘਾਤ ਨੂੰ ਦੁਹਰਾਏਗਾ ਤਾਂ ਨਹੀਂ?

ਅੱਜ ਦੁਨੀਆਂ ਅੰਦਰ ਆਮ ਲੋਕ ਵੀ ਸਾਮਰਾਜਵਾਦ ਯੁੱਧ ਅਤੇ ਸਾਮਰਾਜੀ ਹਮਲਿਆਂ ਵਿਰੁੱਧ ਹਰ ਥਾਂ ਵਿਰੋਧ ਮੁਜ਼ਾਹਰੇ ਕਰ ਰਹੇ ਹਨ। ਡੇਟੋਨ-ਓਹਾਇਓ ਵਿਖੇ ਨਾਟੋ ਦੀ ਪਾਰਲੀਮੈਂਟਰੀ ਅਸੈਂਬਲੀ ਵਿਚ ਅਮਰੀਕੀ ਦਬਾਅ ਅਧੀਨ 32 ਮੈਂਬਰ ਦੇਸ਼ਾਂ ਨੇ ਭਾਵੇਂ ਜੱਕੋ-ਤੱਕੀ ਆਪਣੇ ਦੇਸ਼ਾਂ ਦੇ ਫੌਜੀ ਬਜਟਾਂ ਵਿਚ ਵਾਧਾ ਕਰਨਾ ਤਾਂ ਮੰਨ ਲਿਆ ਹੈ, ਪਰ ਅੰਤਰ-ਸਾਮਰਾਜੀ ਵਿਰੋਧਤਾਈਆਂ ਕਾਰਨ ਯੂਰਪੀਅਨ ਗੱਠਜੋੜ ਅੰਦਰ ਮਤਭੇਦ ਸਪੱਸ਼ਟ ਦਿਸ ਰਹੇ ਹਨ। ਕੈਨੇਡਾ ਦੀ ਰਾਜਧਾਨੀ ਓਟਵਾ ਵੱਲੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਨਾਟੋ ਦੀ ਅਸੈਂਬਲੀ ਲਈ ਨਾਮਜ਼ਦ ਮੈਂਬਰ ਸੈਨੇਟਰ ਰੇਬਾਕਾ ਪੈਟਰਸਨ ਨੇ ਭਾਰੀ ਦਲੀਲ ਦਿੱਤੀ ਸੀ ਕਿ 5 ਫੀਸਦੀ ਫੌਜੀ ਬਜਟ ਘਟਾ ਕੇ 3 ਫੀਸਦੀ ਹੋਣਾ ਚਾਹੀਦਾ ਹੈ, ਕਿਉਂਕਿ ਪਿਛਲੀਆ ਚੋਣਾਂ ਵਿਚ ਖੁਦ ਕਾਰਨੀ ਨੇ ਇਕ ਚੋਣ ਸਭਾ ਦੌਰਾਨ ਵਾਅਦਾ ਕੀਤਾ ਸੀ ਕਿ ਬਜ਼ਟ 2030 ਤਕ 2 ਫੀਸਦੀ ਤੋਂ ਟੱਪ ਜਾਵੇਗਾ। ਕੈਨੇਡਾ ਹੁਣ 75 ਬਿਲੀਅਨ ਡਾਲਰ ਖਰਚ ਕਰ ਰਿਹਾ ਹੈ, ਜਦਕਿ ਸਰਕਾਰੀ ਨੁਮਾਇੰਦੇ ਨੇ 5 ਫੀਸਦੀ ਟੀਚਾ ਪੰਜ ਸਾਲਾਂ ਤੱਕ ਪਾਰ ਕਰ ਜਾਵੇਗਾ, ਕਹਿ ਰਿਹਾ ਹੈ ਜੋ ਬਹੁਤ ਵੱਡੀ ਰਕਮ ਅਤੇ ਕੈਨੇਡਾ ਦੇ ਕਿਰਤੀ ਲੋਕਾਂ 'ਤੇ ਇਕ ਬਹੁਤ ਬੋਝ ਹੋਵੇਗਾ। ਹੁਣ ਜਦੋਂ ਸੰਸਾਰ ਅੰਦਰ ਆਰਥਿਕ ਅਤੇ ਸਮਾਜਿਕ ਸੰਕਟ ਕਾਰਨ ਸਾਰੇ ਪੂੰਜੀਵਾਦੀ ਦੇਸ਼, ਸਮੇਤ ਕੈਨੇਡਾ-ਕੀਮਤਾਂ ਦੇ ਵਾਧੇ, ਖੁਰ ਰਹੀਆਂ ਉਜਰਤਾਂ, ਬੇਰੁਜ਼ਗਾਰੀ ਦਾ ਆਇਆ ਹੜ੍ਹ, ਜਲਵਾਯੂ ਵਿਚ ਆਈ ਤਬਦੀਲੀ ਕਾਰਨ ਸੋਕਾ, ਖੁਰਾਕੀ ਵਸਤਾਂ ਦੀ ਘਾਟ ਅਤੇ ਮਕਾਨਾਂ ਦੀ ਥੁੜ ਕਾਰਨ ਮੰਦੇ ਦਾ ਸ਼ਿਕਾਰ ਹਨ। ਤਾਂ ਇਹ ਫੌਜੀ ਖਰਚੇ 'ਚ ਵਾਧਾ ਲੋਕਾਂ ਨੂੰ ਹੋਰ ਤਬਾਹੀ ਵੱਲ ਧੱਕ ਦੇਵੇਗਾ।

ਕੈਨੇਡਾ ਅੰਦਰ ਮੰਦੇ ਦਾ ਪਰਛਾਵਾਂ ਸਪੱਸ਼ਟ ਪੈ ਰਿਹਾ ਨਜ਼ਰ ਆ ਰਿਹਾ ਹੈ। ਹੁਣ ਜਦੋਂ ਨਾਟੋ ਦੀ ਖੁੱਲ੍ਹੇਆਮ ਦਖਲ-ਅੰਦਾਜ਼ੀ ਵੱਧ ਜਾਵੇਗੀ, ਜੋ ਦੇਸ਼ ਦੇ ਆਰਥਿਕ ਅਤੇ ਰਾਜਸੀ ਤਾਣੇ-ਬਾਣੇ ਨੂੰ ਪ੍ਰਭਾਵਤ ਕਰੇਗੀ, ਤਾਂ ਲੋਕਾਂ ਸਾਹਮਣੇ ਨਵੇਂ-ਨਵੇਂ ਸਵਾਲ ਵੀ ਉਠਣਗੇ। ਸਾਨੂੰ ਆਪਣੇ ਦੇਸ਼ ਦੀ ਆਜ਼ਾਦਾਨਾਂ ਵਿਦੇਸ਼ ਨੀਤੀ, ਜਿਹੜੀ ਅਮਨ ਆਧਾਰਿਤ, ਹਥਿਆਰਾਂ ਦੇ ਪ੍ਰਸਾਰ ਵਿਰੁੱਧ, ਕੌਮਾਂਤਰੀ ਭਾਈਚਾਰਕ ਏਕਤਾ ਅਤੇ ਸਹਿਯੋਗ ਅਤੇ ਦੂਸਰੇ ਦੇਸ਼ਾਂ ਦੀ ਪ੍ਰਭੂਸਤਾ ਨੂੰ ਮਾਨਤਾ ਦਿੱਤੀ ਹੋਵੇ, ਅਪਨਾਉਣੀ ਚਾਹੀਦੀ ਹੈ। ਕੈਨੇਡਾ ਵਾਰ-ਵਾਰ ਕੌਮਾਂਤਰੀ ਮੰਚਾਂ 'ਤੇ ਸੰਸਾਰ, ਅਮਨ, ਸੀ.ਟੀ.ਬੀ.ਟੀ. ਅਤੇ ਹਥਿਆਰਾਂ ਦੇ ਰੋਕ ਦਾ ਢਿੰਡੋਰਾ ਪਿਟਦਾ ਰਹਿੰਦਾ ਆ ਰਿਹਾ ਹੈ। ਪਰ ਉਹ ਖੁਦ ਨਾਟੋ ਦੇ ਮੰਚ ਨੂੰ ਮਜ਼ਬੂਤ ਕਰਨ ਲਈ ਵੱਡਾ ਭਾਈਵਾਲ ਬਣ ਬੈਠਾ ਹੈ। ਪਿਛਲੇ ਦਿਨੀਂ ਸਾਰੇ ਸੰਸਾਰ ਅੰਦਰ ਅਮਨ-ਪਸੰਦ, ਹਥਿਆਰਾਂ ਦੇ ਰੋਕ ਲਾਉਣ, ਫਾਸ਼ੀਵਾਦ ਵਿਰੁੱਧ 80ਵੀਂ ਵਰ੍ਹੇਗੰਢ ਮਨਾਈ ਗਈ। ਫਾਸ਼ੀਵਾਦ ਨੇ ਯੂਰਪ ਅੰਦਰ ਦੂਸਰੇ ਸੰਸਾਰ ਯੁੱਧ ਵੇਲੇ 70-80 ਮਿਲੀਅਨ ਲੋਕ ਜੋ ਸੰਸਾਰ ਵਸੋਂ ਦਾ 3 ਫੀਸਦੀ ਹਿੱਸਾ ਸੀ, ਮੌਤ ਦੇ ਘਾਟ ਉਤਾਰ ਦਿੱਤਾ ਸੀ।

ਇਕ ਪਾਸੇ ਕੈਨੇਡਾ ਦੀ ਲਿਬਰਲ ਪਾਰਟੀ ਦੀ ਫੈਡਰਲ ਸਰਕਾਰ ਜਿਹੜੀ ਦੁਨੀਆਂ ਦੇ ਸਾਮਰਾਜੀ ਖੇਮੇ ਨਾਲ ਮਿਲੀ ਹੋਈ ਹੈ, ਦੇਸ਼ ਦੀ ਜੀ.ਡੀ.ਪੀ. ਦਾ 5 ਫੀਸਦੀ ਹਿੱਸਾ ਹਥਿਆਰਾਂ 'ਤੇ ਖਰਚ ਕਰਨ ਤੋਂ ਹਿਚਕਚਾਹਟ ਨਹੀਂ ਕਰ ਰਹੀ ਹੈ। ਦੂਸਰੇ ਪਾਸੇ ਦੇਸ਼ ਅੰਦਰ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਮਕਾਨਾਂ ਦੀ ਥੁੜ ਅਤੇ ਖਾਣ-ਪੀਣ ਵਾਲੀਆਂ ਰੋਜ਼ਮਰਾਂ ਦੀਆਂ ਵਸਤਾਂ ਦੀਆਂ ਕੀਮਤਾਂ ਵਿਚ ਬੇਥਹਾ ਵਾਧੇ ਵਿਰੁੱਧ ਹਰ ਪਾਸੇ ਕਿਰਤੀ ਲੋਕ ਸੰਘਰਸ਼ ਕਰ ਰਹੇ ਹਨ। ਦੇਸ਼ ਦੀ ਸਭ ਤੋਂ ਵੱਡੀ ਡਾਕ-ਮਹਿਕਮੇ (ਪੋਸਟ) ਦੀ 40 ਹਜ਼ਾਰ ਦੀ ਗਿਣਤੀ ਵਾਲੀ ਯੂਨੀਅਨ ਸੰਘਰਸ਼ ਕਰ ਰਹੀ ਹੈ। ਸਿਆਹ ਲੋਕਾਂ ਦੀ ਕੈਨੇਡਾ ਤੇ ਅਮਰੀਕਾ ਦੀ ਟਰੇਡ ਯੂਨੀਅਨ ਵੀ ਮੰਗਾਂ ਲਈ ਸੰਘਰਸ਼ ਕਰ ਰਹੀ ਹੈ। ਓਨਟਾਰੀਓ ਕੰਪਨਸੇਸ਼ਨ ਵਰਕਰਜ਼ ਜਿਨ੍ਹਾਂ ਦੀ ਗਿਣਤੀ ਚਾਰ-ਹਜ਼ਾਰ ਹੈ, ਹੜਤਾਲ 'ਤੇ ਸੀ। ਇਸੇ ਤਰ੍ਹਾਂ ਦੇਸ਼ ਦੀਆਂ ਸਰਕਾਰੀ ਮੁਲਾਜ਼ਮਾਂ ਅਤੇ ਯੂਨੀਅਨਾਂ (ਓ.ਸੀ.ਈ.ਯੂ. ਅਤੇ ਸੀ.ਯੂ.ਪੀ.ਈ.) ਦੇ ਮੁਲਾਜ਼ਮ ਉਜਰਤਾਂ ਵਿਚ ਵਾਧਾ, ਕਾਮਿਆਂ ਨੂੰ ਰੈਗੂਲਰ ਕਰਨ ਅਤੇ ਮਹਿੰਗਾਈ ਨੂੰ ਰੋਕਣ ਲਈ ਹਾਕਮਾਂ 'ਤੇ ਦਬਾਅ ਬਣਾ ਰਹੇ ਹਨ। ਇਸ ਵੇਲੇ ਗਰੀਬੀ ਦੀ ਦਰ 9.9 ਫੀਸਦੀ ਹੈ ਤੇ 30.8 ਲੱਖ ਕੈਨੇਡੀਅਨ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ (ਅੰਕੜਾ ਵਿਭਾਗ ਕੈਨੇਡਾ, ਅਪ੍ਰੈਲ-2024)। ਮੁਦਰਾ ਸਫੀਤੀ 2024 ਦੌਰਾਨ 2.36 ਫੀਸਦੀ ਸੀ। ਬੇਰੁਜ਼ਗਾਰੀ ਦਰ (ਮਈ 2025) 7 ਫੀਸਦੀ ਪੁੱਜ ਗਈ ਸੀ। ਸਿਹਤ ਕੇਅਰ ਸਾਲ 2024 ਦੀ ਰਿਪੋਰਟ ਮੁਤਾਬਿਕ ਪ੍ਰਤੀ ਵਿਅਕਤੀ ਖਰਚਾ; 9054 ਡਾਲਰ ਸੀ। ਇਕ ਪਾਸੇ ਦੇਸ਼ ਦੇ ਲੋਕਾਂ ਦੀ ਉਪਰੋਕਤ ਦਸ਼ਾ ਹੈ, ਜਦਕਿ ਹਾਕਮ ਦੇਸ਼ ਦੀ ਜੀ.ਡੀ.ਪੀ. ਦਾ 5 ਫੀਸਦੀ ਹਿੱਸਾ ਹਥਿਆਰਾਂ 'ਤੇ ਖਰਚ ਰਹੇ ਹਨ।

ਕੈਨੇਡਾ ਭਾਵੇਂ ਇਕ ਪਾਰਲੀਮਾਨੀ-ਜਮਹੂਰੀ ਦੇਸ਼ ਹੈ ਅਤੇ 45ਵੀਂ ਸੰਸਦ ਦੇ ਗਠਨ ਤੱਕ ਦੋ ਪਾਰਟੀ ਰਾਜ ਰਿਹਾ ਹੈ। ਕਦੀ ਕੰਜ਼ਰਵੇਟਿਵ (ਟੋਰੀ) ਤੇ ਕਦੀ ਲਿਬਰਲ ਪਾਰਟੀ ਵੋਟਾਂ ਰਾਹੀਂ ਜਿੱਤ ਕੇ ਸਰਕਾਰ ਬਣਾ ਲੈਂਦੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਦੋ-ਵਾਰ ਲਗਾਤਾਰ ਜਿੱਤ ਕੇ ਦੋ ਸੰਸਦਾਂ ਦੇ ਚਾਰ-ਚਾਰ ਕੁੱਲ 8 ਸਾਲਾਂ ਤੱਕ ਰਹਿ ਸਕਦਾ ਹੈ। ਭਾਵੇਂ ਦੇਸ਼ ਅੰਦਰ 19 ਕੁ ਰਜਿਸਟਰ ਪਾਰਟੀਆਂ ਸਮੇਤ ਕਮਿਊਨਿਸਟ ਪਾਰਟੀਆਂ ਹਨ, ਪਰ ਸੰਸਦ ਅੰਦਰ ਇਨ੍ਹਾਂ ਦੋਨੋਂ ਪਾਰਟੀਆਂ ਦੀ ਰੁਮਾਲੀ ਰਹਿੰਦੀ ਹੈ। ਇਹ ਦੋਨੋਂ ਪਾਰਟੀਆਂ ਬਰਤਾਨੀਆਂ ਦੇ ਤਾਜ ਪ੍ਰਤੀ ਵਫ਼ਾਦਾਰ, ਪੂੰਜੀਵਾਦੀ, ਕੇਂਦਰੀ-ਪੱਖੀ ਅਤੇ ਇਸਾਈਅਤ ਸੋਚ, ਨਾਟੋ ਦੀਆਂ ਭਾਈਵਾਲ ਤੇ ਸਾਮਰਾਜੀ ਅਮਰੀਕੀ ਪ੍ਰਭਾਵ ਅਧੀਨ ਹਨ। ਤੀਸਰੀ ਸੋਚ ਬਹੁਤ ਕਮਜ਼ੋਰ ਅਤੇ ਕੇਵਲ (ਲਫ਼ਾਜ਼ੀ ਸਮਾਜਵਾਦੀ) ਐੱਨ.ਡੀ.ਪੀ. ਪਾਰਟੀ ਹੀ ਹੈ। ਕੋਈ ਵੀ ਪਾਰਟੀ ਕਿਰਤੀ ਜਮਾਤ ਪੱਖੀ ਨਹੀਂ ਹੈ। ਕਮਿਊਨਿਸਟ ਪਾਰਟੀ ਬਹੁਤ ਕਮਜ਼ੋਰ ਹੈ। ਹਾਂ, ਟਰੇਡ ਯੂਨੀਅਨਾਂ ਕਿਰਤੀ ਮੰਗਾਂ ਤੇ ਹਾਕਮਾਂ ਦੇ ਉਨ੍ਹਾਂ ਉਪਰ ਹੋ ਰਹੇ ਆਰਥਿਕ ਹਮਲਿਆਂ ਵਿਰੁਧ ਆਵਾਜ਼ ਉਠਾਉਂਦੀਆਂ ਰਹਿੰਦੀਆ ਹਨ। ਕਮਿਊਨਿਸਟ ਪਾਰਟੀ ਬਿਆਨਾਂ ਤੱਕ ਕਦੀ-ਕਦੀ ਰੋਸ ਮੁਜ਼ਾਹਰਾ ਕਰਦੀ ਰਹਿੰਦੀ ਹੈ।

ਕੈਨੇਡਾ ਜਿਸ ਦੀ ਆਬਾਦੀ 4,01,26,723 (ਮਈ 2025) ਹੈ, ਜੋ ਤਿੰਨ ਪਾਸਿਆਂ ਤੋਂ ਸਮੁੰਦਰ ਅਤੇ ਇਕ ਪਾਸੇ ਜਿਸ ਦੀ ਸਰਹੱਦ ਅਮਰੀਕਾ ਨਾਲਾ ਲੱਗਦੀ ਹੈ, ਜਿਸ ਨੇ 1 ਜੁਲਾਈ ਨੂੰ ਆਪਣਾ 158ਵਾਂ ਆਜ਼ਾਦੀ ਦਿਵਸ ਮਨਾਇਆ। ਭਾਵ ਇਸ ਨੂੰ ਕਿਸੇ ਵੀ ਦੇਸ਼ ਤੋਂ ਨਾ ਤਾਂ ਖਤਰਾ ਹੈ ਤੇ ਨਾ ਹੀ ਜੰਗੀ ਹਮਲੇ ਦਾ ਡਰ ਹੈ। ਪਿਛਲੇ ਮਹੀਨੇ ਕੈਨੇਡਾ ਨੇ ਆਪਣੇ ਸੰਸਦ ਦੇ 45ਵੇਂ ਗਠਨ ਵੇਲੇ ਬਰਤਾਨੀਆ ਦੇ ਕਿੰਗ ਚਾਰਲਸ ਤੀਸਰੇ ਦੀ "ਥਰੋਨ ਸਪੀਚ" (ਤਾਜ਼ ਦਾ ਭਾਸ਼ਨ) ਦੌਰਾਨ ਹਾਊਸ ਆਫ ਕਾਮਨਜ਼ ਵਿਚ ਕੈਨੇਡਾ ਦੀ ਪ੍ਰਭੂਸੱਤਾ ਤੇ ਅਰਥ-ਵਿਵਸਥਾ ਅੰਦਰ ਸਿਹਤ ਸੰਭਾਲ, ਰਿਹਾਇਸ਼ ਤੇ ਸਮਰਿਧੀ ਵੱਲ ਕੇਂਦਰਿਤ ਰਹਿਣ ਦੀ ਦ੍ਰਿੜ੍ਹਤਾ ਵੀ ਪ੍ਰਗਟਾਈ ਸੀ।

ਕੈਨੇਡਾ ਯੂਰਪੀ ਪ੍ਰਵਾਸੀਆਂ ਦੇ ਗਲਬੇ ਵਾਲੀ ਰਾਜਨੀਤੀ ਅਧੀਨ ਹੀ ਵਿਕਸਤ ਹੋਇਆ ਹੈ। ਇਥੋਂ ਦੇ ਮੂਲਵਾਸੀ ਜੋ ਇਸ ਦੇਸ਼ ਦੇ ਅਸਲੀ ਵਸਨੀਕ ਸਨ, ਗਰੀਬੀ, ਅਨਪੜ੍ਹਤਾ ਅਤੇ ਰਵਾਇਤੀ ਸੱਭਿਆਚਾਰ ਅੰਦਰ ਰਹਿਣ ਕਾਰਨ ਯੂਰਪੀ ਸਾਮਰਾਜੀ ਬਸਤੀਵਾਦੀ ਪ੍ਰਵਾਸੀਆਂ ਅਧੀਨ ਗੁਲਾਮ ਹੁੰਦੇ ਗਏ। ਅੱਜ ਭਾਵੇਂ ਉਨ੍ਹਾਂ ਦੀਆਂ ਨਵੀਆਂ ਨਸਲਾਂ ਉਠ ਰਹੀਆਂ ਹਨ ਪਰ ਉਹ ਬਹੁ ਗਿਣਤੀ ਭਾਰੂ ਪ੍ਰਵਾਸੀ ਬਸਤੀਵਾਦੀ ਗੋਰਿਆ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਰਾਜਸੀ ਪ੍ਰਭਾਵ ਅਧੀਨ ਹੀ ਹਨ। ਉਨ੍ਹਾਂ ਦੀ ਗਿਣਤੀ ਬਹੁਤ ਘੱਟ ਰਹਿ ਗਈ ਹੈ। ਬਹੁਤ ਸਾਰੇ ਦੇਸ਼ਾਂ ਵਿਚੋਂ ਪ੍ਰਵਾਸੀ ਆਉਣ ਕਾਰਨ ਭਾਵੇਂ ਕੈਨੇਡਾ ਬਹੁ-ਭਾਈਚਾਰਕ ਨਸਲਾਂ ਵਾਲਾ ਦੇਸ਼ ਬਣਦਾ ਜਾ ਰਿਹਾ ਹੈ, ਪਰ ਅਜੇ ਵੀ ਭਾਰੂ ਗਲਬਾ ਯੂਰਪੀ ਗੋਰਿਆਂ ਦਾ ਹੀ ਰਹੇਗਾ। ਮੂਲਵਾਸੀ ਲੋਕ ਜਿੰਨਾ ਚਿਰ ਰਾਜਸੀ ਤੌਰ 'ਤੇ ਪਰਪੱਕ ਨਹੀਂ ਹੁੰਦੇ ਤੇ ਰਾਜਨੀਤਿਕ ਪੱਖੋਂ ਅੱਗੇ ਨਹੀਂ ਆਉਂਦੇ, ਉਤਨਾ ਚਿਰ ਸਾਬਕਾ ਬਸਤੀਵਾਦੀ ਸਾਮਰਾਜੀ ਗੋਰਿਆਂ ਦਾ ਹੀ ਕੈਨੇਡਾ 'ਤੇ ਰਾਜ ਰਹੇਗਾ। ਮੂਲਵਾਸੀ ਲੋਕਾਂ ਦੀ ਏਕਤਾ, ਰਾਜਸੀ ਚੇਤਨਾ ਅਤੇ ਸੰਗਠਨ ਹੀ; ਮਿਲ ਕੇ ਕੈਨੇਡਾ ਅੰਦਰ ਬਾਕੀ ਭਾਈਚਾਰਿਆਂ ਦੇ ਸਹਿਯੋਗ ਨਾਲ ਕੋਈ ਰਾਜਸੀ ਤਬਦੀਲੀ ਦੀ ਕਿਰਨ ਦੀ ਆਸ ਬਣ ਸਕਦਾ ਹੈ। ਨਹੀਂ ਤਾਂ ਇਥੋਂ ਦੀ ਕਿਰਤੀ ਜਮਾਤ ਨੂੰ ਤਬਦੀਲੀ ਲਈ ਲੰਬਾ ਚਿਰ ਉਡੀਕ ਕਰਨੀ ਪੈਣੀ ਹੈ ਤੇ ਉਹ ਉਨ੍ਹਾਂ ਦੇ ਸ਼ੋਸ਼ਣ ਦਾ ਗੁਲਾਮ ਹੀ ਰਹਿਣਗੇ।



# ਈਰਾਨ-ਇਜ਼ਰਾਈਲ ਜੰਗਬੰਦੀ ਤੋਂ ਬਾਅਦ ਉੱਭਰੇ ਕੁੱਝ ਸਵਾਲ

## ਆਖਿਰ ਅਮਰੀਕਾ ਇਜ਼ਰਾਈਲ ਦਾ ਕੱਟੜ ਸਮੱਰਥਕ ਕਿਉਂ?



ਜਗਤਾਰ ਸਮਾਲਸਰ
ਲੇਖਕ : , ਏਲਨਾਬਾਦ,
ਸਿਰਸਾ (ਹਰਿਆਣਾ)
ਸੰਪਰਕ ਨੰਬਰ : 94670-95953
ਪੰਜਾਬ ਮੇਲ USA


ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਹੋਣ ਤੋਂ ਬਾਅਦ ਅਨੇਕਾਂ ਅਜਿਹੇ ਸਵਾਲ ਹਨ, ਜੋ ਆਮ ਲੋਕਾਂ ਦੇ ਦਿਮਾਗ ਵਿਚ ਪੈਦਾ ਹੋ ਰਹੇ ਹਨ। ਇਸ ਜੰਗ ਵਿਚ ਅਮਰੀਕਾ ਦੀ ਭੂਮਿਕਾ ਅਹਿਮ ਰਹੀ ਹੈ। ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਮੰਨੇ ਜਾਣ ਵਾਲੇ ਅਮਰੀਕਾ ਨੇ ਇਸ ਜੰਗ ਦੌਰਾਨ ਪੂਰੀ ਤਰ੍ਹਾਂ ਇਜ਼ਰਾਈਲ ਦਾ ਪੱਖ ਪੂਰਿਆ ਹੈ। ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਅਮਰੀਕਾ ਆਖਿਰ ਇਜ਼ਰਾਈਲ ਦਾ ਕੱਟੜ ਸਮਰਥਕ ਕਿਉਂ ਹੈ।

ਦਰਅਸਲ ਅਮਰੀਕਾ ਪਹਿਲਾ ਦੇਸ਼ ਹੈ, ਜਿਸਨੇ ਇਜ਼ਰਾਈਲ ਦੀ ਸਥਾਪਨਾ ਦੇ ਸਮੇਂ ਤੋਂ ਹੀ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਸੀ। ਸਾਬਕਾ ਅਮਰੀਕੀ ਰਾਸ਼ਟਰਪਤੀ ਹੈਰੀ ਟਰੂਮੈਨ 1948 ਵਿਚ ਇਜ਼ਰਾਈਲ ਦੇ ਗਠਨ ਦੇ ਸਮੇਂ ਇਜ਼ਰਾਈਲ ਨੂੰ ਮਾਨਤਾ ਦੇਣ ਵਾਲੇ ਪਹਿਲੇ ਗਲੋਬਲ ਨੇਤਾ ਸਨ। ਅਮਰੀਕਾ ਦੁਆਰਾ ਇਜ਼ਰਾਈਲ ਨੂੰ ਮਾਨਤਾ ਦੇਣਾ ਅਮਰੀਕਾ ਲਈ ਇੱਕ ਰਣਨੀਤਿਕ ਫਾਇਦਾ ਵੀ ਸੀ ਕਿਉਂਕਿ ਵਿਸ਼ਵ ਯੁੱਧ ਤੋਂ ਬਾਅਦ ਮੱਧ ਪੂਰਬ ਇੱਕ ਅਜਿਹਾ ਖੇਤਰ ਸੀ, ਜੋ ਆਪਣੇ ਤੇਲ ਭੰਡਾਰਾਂ ਅਤੇ ਰਣਨੀਤਕ ਜਲ ਮਾਰਗਾਂ ਕਾਰਨ ਬਹੁਤ ਮਹੱਤਵਪੂਰਨ ਸੀ। ਇਸ ਲਈ ਅਮਰੀਕਾ ਚਾਹੁੰਦਾ ਸੀ ਕਿ ਮੱਧ ਪੂਰਬ ਵਿਚ ਇੱਕ ਅਜਿਹਾ ਖੇਤਰ ਹੋਵੇ, ਜੋ ਇਸ ਖੇਤਰ ਵਿਚ ਅਮਰੀਕਾ ਦੇ ਹਿੱਤਾਂ ਨੂੰ ਪੂਰਾ ਕਰ ਸਕੇ। ਆਪਣੇ ਮਨੋਰਥ ਨੂੰ ਸਿੱਧ ਕਰਨ ਲਈ ਫਿਰ ਸੰਨ 1967 ਵਿਚ ਅਮਰੀਕਾ ਨੇ ਖੁੱਲ੍ਹ ਕੇ ਇਜ਼ਰਾਈਲ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। ਦਰਅਸਲ 1967 ਦੀ ਜੰਗ ਵਿਚ ਇਜ਼ਰਾਈਲ ਨੇ ਮਿਸਰ, ਸੀਰੀਆ ਅਤੇ ਜਾਰਡਨ ਦੀ ਸੈਨਾ ਨੂੰ ਹਰਾਇਆ ਅਤੇ ਫਲਸਤੀਨ ਦੇ ਇੱਕ ਵੱਡੇ ਖੇਤਰ 'ਤੇ ਵੀ ਕਬਜ਼ਾ ਕਰ ਲਿਆ ਸੀ।

ਫਿਰ 1973 ਦੀ ਜੰਗ ਵਿਚ ਅਮਰੀਕਾ ਨੇ ਅਜਿਹਾ ਕੂਟਨੀਤਕ ਕਦਮ ਚੁੱਕਿਆ ਕਿ ਉਸਨੇ ਇਜ਼ਰਾਈਲ ਰਾਹੀਂ ਮੱਧ ਪੂਰਬ ਦੇ ਦੇਸ਼ਾਂ ਨੂੰ ਅਲੱਗ-ਥਲੱਗ ਕਰ ਦਿੱਤਾ।



ਇਸ ਯੁੱਧ ਵਿਚ ਮਿਸਰ ਅਤੇ ਸੀਰੀਆ ਇਜ਼ਰਾਈਲ ਦੇ ਵਿਰੁੱਧ ਸਨ ਪਰ ਅਮਰੀਕਾ ਨੇ ਮਿਸਰ ਅਤੇ ਸੀਰੀਆ ਵਿਚ ਦਰਾਰ ਪੈਦਾ ਕਰਕੇ ਇਜ਼ਰਾਈਲ ਅਤੇ ਮਿਸਰ ਨੂੰ ਇਕੱਠੇ ਕੀਤਾ ਅਤੇ ਸੀਰੀਆ ਨੂੰ ਅਲੱਗ-ਥਲੱਗ ਕਰ ਦਿੱਤਾ।

ਇਸ ਤੋਂ ਇਲਾਵਾ ਅਮਰੀਕਾ ਇਜ਼ਰਾਈਲ ਨੂੰ ਸਭ ਤੋਂ ਵੱਧ ਆਰਥਿਕ ਸਹਾਇਤਾ ਵੀ ਦਿੰਦਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕਾ ਨੇ ਇਜ਼ਰਾਈਲ ਨੂੰ 158 ਬਿਲੀਅਨ ਡਾਲਰ ਦੀ ਸਹਾਇਤਾ ਦਿੱਤੀ ਹੈ ਅਤੇ ਹਰ ਸਾਲ ਇਜ਼ਰਾਈਲ ਨੂੰ 3.8 ਬਿਲੀਅਨ ਡਾਲਰ ਦੀ ਅਮਰੀਕੀ ਸਹਾਇਤਾ ਮਿਲਦੀ ਹੈ, ਜੋ ਇਜ਼ਰਾਈਲ ਦੇ ਰੱਖਿਆ ਬਜਟ ਦਾ ਲਗਭਗ 16 ਪ੍ਰਤੀਸ਼ਤ ਹੈ। ਇਸਦਾ ਮਤਲਬ ਹੈ ਕਿ ਇਜ਼ਰਾਈਲ ਵਿਚ ਇੱਕ ਵੱਡਾ ਰੱਖਿਆ ਉਦਯੋਗ ਬਣਾਉਣ ਵਿਚ ਅਮਰੀਕਾ ਦੀ ਵੱਡੀ ਭੂਮਿਕਾ ਹੈ। ਇਹੀ ਕਾਰਨ ਹੈ ਕਿ ਇਜ਼ਰਾਈਲ ਦੁਨੀਆਂ ਵਿਚ ਹਥਿਆਰ ਅਤੇ ਫੌਜੀ ਉਪਕਰਣ ਸਪਲਾਈ ਕਰਨ ਵਾਲਾ ਦੁਨੀਆਂ ਦਾ 10ਵਾਂ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ।

ਗਲੋਬਲ ਪੱਧਰ 'ਤੇ ਇਜ਼ਰਾਈਲ ਦੀ ਕਿਸੇ ਵੀ ਪੱਖ ਤੋਂ ਵਿਰੋਧਤਾ ਹੋਣ 'ਤੇ ਅਮਰੀਕਾ ਹਮੇਸ਼ਾ ਇਜ਼ਰਾਈਲ ਦੇ ਹੱਕ ਵਿਚ ਖੜ੍ਹਾ ਰਿਹਾ ਹੈ। 1972 ਤੋਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਇਜ਼ਰਾਈਲ ਦੇ ਵਿਰੁੱਧ 50 ਤੋਂ ਵੱਧ ਪ੍ਰਸਤਾਵ ਲਿਆਂਦੇ ਗਏ ਹਨ ਪਰ ਇਜ਼ਰਾਈਲ ਦੀ ਰੱਖਿਆ ਲਈ ਹਰ ਵਾਰ ਅਮਰੀਕਾ ਨੇ ਆਪਣੀ ਵੀਟੋ ਪਾਵਰ ਦੀ ਵਰਤੋਂ ਕੀਤੀ ਹੈ।

ਇਜ਼ਰਾਈਲ ਨੂੰ ਅਮਰੀਕਾ ਦੇ ਸਮਰਥਨ ਪਿੱਛੇ ਵੱਡਾ ਕਾਰਨ ਅਮਰੀਕੀ ਲੋਕਾਂ ਦੀ ਰਾਏ, ਉੱਥੋਂ ਦੀ ਚੋਣ ਰਾਜਨੀਤੀ ਅਤੇ ਸ਼ਕਤੀਸ਼ਾਲੀ ਇਜ਼ਰਾਈਲ ਲਾਬੀ ਵੀ ਹੈ। ਅਮਰੀਕਾ ਵਿਚ ਡੈਮੋਕ੍ਰੇਟਿਕ ਅਤੇ ਰਿਪਬਲਿਕ ਪਾਰਟੀਆਂ ਹਨ ਅਤੇ ਇਨ੍ਹਾਂ ਦੋਵਾਂ ਪਾਰਟੀਆਂ ਦੇ ਜ਼ਿਆਦਾਤਰ ਸੰਸਦ ਮੈਂਬਰ ਸ਼ੁਰੂ ਤੋਂ ਹੀ ਇਜ਼ਰਾਈਲ ਦੇ ਸਮਰਥਕ ਰਹੇ ਹਨ।

ਇਸ ਤੋਂ ਇਲਾਵਾ ਅਮਰੀਕਾ ਵਿਚ ਕਈ ਲਾਬੀਆਂ ਇਜ਼ਰਾਈਲ-ਪੱਖੀ ਨੀਤੀਆਂ ਬਣਾਉਣ ਵਿਚ ਵੀ ਮਦਦਗਾਰ ਹਨ। ਇੱਕ ਅਜਿਹੀ ਸ਼ਕਤੀਸ਼ਾਲੀ ਲਾਬੀ ਹੈ ਅਮਰੀਕਨ ਇਜ਼ਰਾਈਲ ਪਬਲਿਕ ਅਫੇਅਰਜ਼ ਕਮੇਟੀ ਯਾਨੀ ਏ.ਆਈ.ਪੀ.ਸੀ.ਸੀ.। ਇਜ਼ਰਾਈਲ ਅਤੇ ਅਮਰੀਕਾ ਦੇ ਰਾਸ਼ਟਰਪਤੀ, ਸੈਨੇਟਰ ਅਤੇ ਪ੍ਰਧਾਨ ਮੰਤਰੀ ਵੀ ਇਸ ਦੀਆਂ ਸਾਲਾਨਾ ਮੀਟਿੰਗਾਂ ਵਿਚ ਮਹਿਮਾਨਾਂ ਵਜੋਂ ਸ਼ਾਮਲ ਹੁੰਦੇ ਹਨ।

ਅਮਰੀਕਾ ਵਿਚ ਇਜ਼ਰਾਈਲ-ਪੱਖੀ ਸੰਗਠਨ ਰਿਪਬਲਿਕ ਅਤੇ ਡੈਮੋਕ੍ਰੇਟਿਕ ਦੋਵਾਂ ਪਾਰਟੀਆਂ ਨੂੰ ਵਿੱਤੀ ਤੌਰ 'ਤੇ ਮਦਦ ਵੀ ਕਰਦੇ ਹਨ। ਸਾਲ 2020 ਵਿਚ ਅਮਰੀਕਾ ਵਿਚ ਇਜ਼ਰਾਈਲ-ਪੱਖੀ ਸੰਗਠਨਾਂ ਨੇ 30 ਬਿਲੀਅਨ ਡਾਲਰ ਇਕੱਠੇ ਕੀਤੇ, ਜਿਸ ਵਿਚੋਂ 63 ਫੀਸਦੀ ਡੈਮੋਕ੍ਰੇਟਿਕ ਪਾਰਟੀ ਨੂੰ ਅਤੇ ਬਾਕੀ ਰਿਪਬਲਿਕ ਪਾਰਟੀ ਨੂੰ ਦਿੱਤਾ ਗਿਆ, ਭਾਵ ਇਜ਼ਰਾਈਲ ਦਾ ਸਮਰਥਨ ਅਤੇ ਮਦਦ ਕਰਨਾ ਅਮਰੀਕਾ ਵਿਚ ਕਿਸੇ ਵੀ ਪਾਰਟੀ ਲਈ ਇੱਕ ਲਾਭਦਾਇਕ ਸੌਦਾ ਹੈ ਅਤੇ ਇਹੀ ਕਾਰਨ ਹੈ ਕਿ ਇਜ਼ਰਾਈਲ ਸਿਰਫ਼ ਮੱਧ ਪੂਰਬ ਵਿਚ ਇੱਕ ਦੇਸ਼ ਹੀ ਨਹੀਂ, ਸਗੋਂ ਅਰਬ ਸੰਸਾਰ ਵਿਚ ਅਮਰੀਕੀ ਹਿੱਤਾਂ ਨੂੰ ਸੰਤੁਲਿਤ ਕਰਨ ਦਾ ਇੱਕ ਸਾਧਨ ਵੀ ਹੈ। ਇਹੀ ਮੁੱਖ ਕਾਰਨ ਹਨ ਕਿ ਅਮਰੀਕਾ ਹਰ ਸਮੇਂ ਆਪਣੇ ਹਿੱਤਾਂ ਦੀ ਪੂਰਤੀ ਲਈ ਹਮੇਸ਼ਾ ਇਜ਼ਰਾਈਲ ਦਾ ਸਾਥ ਦਿੰਦਾ ਆ ਰਿਹਾ ਹੈ।

# ਗ੍ਰੈਮੀ ਵੱਲੋਂ ਦਲਜੀਤ ਦੁਸਾਂਝ ਨਾਲ ਦਿਲਚਸਪ ਇੰਟਰਵਿਊ

ਸੰਗੀਤ ਉਦਯੋਗ ਵਿਚ ਵੱਡੀਆਂ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਗ੍ਰੈਮੀ ਪੁਰਸਕਾਰ ਪ੍ਰਦਾਨ ਕੀਤਾ ਜਾਂਦਾ ਹੈ। ਅਸਲ ਵਿਚ ਇਨ੍ਹਾਂ ਨੂੰ ਗ੍ਰਾਮੋਫੋਨ ਐਵਾਰਡ ਕਿਹਾ ਜਾਂਦਾ ਹੈ, ਜਿਹੜੇ ਅਮਰੀਕਾ ਦੀ ਰਿਕਾਰਡਿੰਗ ਅਕੈਡਮੀ ਦੁਆਰਾ ਦਿੱਤੇ ਜਾਂਦੇ ਹਨ। ਜਿਸ ਦਿਨ ਇਹ ਪੁਰਸਕਾਰ ਦਿੱਤੇ ਜਾਂਦੇ ਹਨ, ਉਸਨੂੰ 'ਸੰਗੀਤ ਦੀ ਸਭ ਤੋਂ ਵੱਡੀ ਰਾਤ' ਕਿਹਾ ਜਾਂਦਾ ਹੈ।

ਜਦ ਗ੍ਰੈਮੀ ਪੁਰਸਕਾਰ ਦੇ ਪ੍ਰਧਾਨ ਵੱਲੋਂ ਦਲਜੀਤ ਦੁਸਾਂਝ ਨਾਲ ਕੀਤੀ ਇੰਟਰਵਿਊ ਸਾਹਮਣੇ ਆਈ, ਤਾਂ ਵੇਖਣ ਸੁਣਨ ਵਾਲਿਆਂ ਦਾ ਹੜ੍ਹ ਆ ਗਿਆ। ਸਵਾਲ ਜਵਾਬ ਦੌਰਾਨ ਜਿਹੜੀ ਵਿਸ਼ੇਸ਼ ਗੱਲ ਦਲਜੀਤ ਦੁਸਾਂਝ ਨੇ ਸਾਂਝੀ ਕੀਤੀ, ਉਹ ਸੱਭਿਆਚਾਰ ਸੰਬੰਧੀ ਸੀ। ਹਰੇਕ ਸੱਭਿਆਚਾਰ ਦੀ ਇਕ ਆਪਣੀ ਖੁਸ਼ਬੂ ਹੁੰਦੀ ਹੈ। ਦੁਨੀਆਂ ਵਿਚ ਆਪਣੀ ਪਹਿਚਾਣ ਬਨਾਉਣ ਦੇ ਨਾਲ-ਨਾਲ ਉਸ ਖੁਸ਼ਬੂ ਨੂੰ ਫੈਲਾਓ।

ਇੰਟਰਵਿਊ ਦੌਰਾਨ ਉਸਨੇ ਨੇੜ-ਭਵਿੱਖ ਵਿਚ ਸਾਹਮਣੇ ਆਉਣ ਵਾਲੇ ਅਤੇ ਮੁਕੰਮਲ ਹੋਣ ਵਾਲੇ ਮਹੱਤਵਪੂਰਨ ਪ੍ਰਾਜੈਕਟਾਂ ਬਾਰੇ ਦੱਸਿਆ। ਫਿਲਮ 'ਸਰਦਾਰ ਜੀ' ਉਦੋਂ ਅਜੇ ਰਲੀਜ਼ ਨਹੀਂ ਹੋਈ ਸੀ। ਸੋ ਸੰਕੇਤਕ ਰੂਪ ਵਿਚ ਇਸ ਫਿਲਮ ਬਾਰੇ ਵੀ ਉਸਨੇ ਜਾਣਕਾਰੀ ਦਿੱਤੀ।

ਸਾਰੀ ਇੰਟਰਵਿਊ ਅੰਗਰੇਜ਼ੀ ਵਿਚ ਹੈ ਅਤੇ ਗ੍ਰੈਮੀ ਵੱਲੋਂ ਕੀਤੀ ਗਈ ਹੈ, ਇਸ ਲਈ ਇਸਦਾ ਦਾਇਰਾ ਪੂਰੀ ਦੁਨੀਆਂ ਹੈ। ਲੱਖਾਂ ਲੋਕ ਇਸ ਇੰਟਰਵਿਊ ਨੂੰ ਵੇਖ ਸੁਣ ਚੁੱਕੇ ਹਨ।

ਇਹ ਵੀ ਪਤਾ ਲੱਗਾ ਹੈ ਕਿ ਕੈਨੇਡਾ ਦੀ ਟੋਰਾਂਟੋ ਮੈਟਰੋਪੋਲਿਟਨ ਯੂਨੀਵਰਸਿਟੀ



(ਟੀ.ਐੱਮ.ਯੂ.) ਦਲਜੀਤ ਦੁਸਾਂਝ ਦੀ ਗਾਇਕੀ ਤੇ ਅਦਾਕਾਰੀ 'ਤੇ ਆਧਾਰਿਤ ਇਕ ਮਹੱਤਵਪੂਰਨ ਕੋਰਸ ਆਪਣੇ ਸਿਲੇਬਸ ਵਿਚ ਸ਼ਾਮਲ ਕਰਨ ਲੱਗੀ ਹੈ, ਜਿਸ ਤਹਿਤ ਸੰਸਾਰ ਭਰ ਵਿਚ ਉਸਦੇ ਸੱਭਿਆਚਾਰਕ ਤੇ ਸੰਗੀਤਕ ਪ੍ਰਭਾਵ ਦੀ ਸਮੀਖਿਆ ਕੀਤੀ ਜਾਵੇਗੀ। ਯੂਨੀਵਰਸਿਟੀ ਦੇ 'ਕਰੀਏਟਿਵ ਸਕੂਲ' ਦੁਆਰਾ ਨੇਪਰੇ ਚੜ੍ਹਾਇਆ ਜਾਣ ਵਾਲਾ ਇਹ ਕਾਰਜ ਪੰਜਾਬ, ਪੰਜਾਬੀ, ਪੰਜਾਬੀ ਸੰਗੀਤ ਅਤੇ ਪ੍ਰਵਾਸੀ ਪੰਜਾਬੀਆਂ ਲਈ ਬੇਹੱਦ ਮਾਣਮੱਤਾ ਹੋਵੇਗਾ। ਜੁਪਿੰਦਰਜੀਤ ਸਿੰਘ ਦੀ ਰਿਪੋਰਟ ਮੁਤਾਬਕ ਯੂਨੀਵਰਸਿਟੀ ਨੇ ਦਿਲਜੀਤ ਦੁਸਾਂਝ ਦੀ ਇਸ ਗੱਲੋਂ ਸਰਾਹਨਾ ਕੀਤੀ ਕਿ ਉਹ ਪੰਜਾਬੀ ਸੰਗੀਤ ਦੇ ਸੱਭਿਆਚਾਰਕ ਪ੍ਰਭਾਵ ਅਤੇ ਆਰਥਿਕ ਸੰਭਾਵਨਾ ਨੂੰ ਪ੍ਰਦਰਸ਼ਿਤ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਯੂਨੀਵਰਸਿਟੀ ਇਸ ਪਹਿਲੂ ਦੀ ਖੋਜ ਕਰੇਗੀ ਕਿ ਦਿਲਜੀਤ ਦਾ ਕੰਮ ਕਿਵੇਂ ਸੱਭਿਆਚਾਰਾਂ ਨੂੰ ਜੋੜਦਾ ਹੈ। ਦੱਖਣੀ ਏਸ਼ੀਆਈ ਭਾਈਚਾਰਿਆਂ ਨੂੰ ਲਾਮਬੰਦ ਕਰਦਾ ਹੈ ਅਤੇ ਸਿਰਜਣਾਤਮਿਕ ਉੱਦਮਤਾ ਨੂੰ ਉਤਸ਼ਾਹਿਤ ਕਰਦਾ ਹੈ।

ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਦਿਲਜੀਤ ਪੀੜ੍ਹੀਆਂ ਨੂੰ ਜੋੜਨ ਅਤੇ ਸਰਹੱਦਾਂ ਤੋਂ ਪਾਰ ਤੱਕ ਪ੍ਰਭਾਵ ਪਾਉਣ ਦੀ ਯੋਗਤਾ ਰੱਖਦਾ ਹੈ। ਉਸਦਾ ਸੰਗੀਤਕ ਸਫ਼ਰ ਸੱਭਿਆਚਾਰਕ ਮਾਣ, ਸਿਰਜਣਾਤਮਿਕ ਆਜ਼ਾਦੀ ਤੇ ਪੰਜਾਬੀ ਤੋਂ ਦੱਖਣੀ ਏਸ਼ੀਆਈ



ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA


ਭਾਈਚਾਰਿਆਂ ਲਈ ਵਿਸ਼ਵਵਿਆਪੀ ਪ੍ਰਤੀਨਿਧਤਾ ਨੂੰ ਦਰਸਾਉਂਦਾ ਹੈ।

ਦਿਲਜੀਤ ਦਾ ਕਹਿਣਾ ਹੈ ਕਿ ਉਹ ਸੰਗੀਤ ਸੁਣਦਾ ਹੈ ਅਤੇ ਉਸਦਾ ਆਨੰਦ ਉਠਾਉਂਦਾ ਹੈ। ਇਹ ਨਹੀਂ ਵੇਖਦਾ ਕਿ ਉਸ ਸੰਗੀਤ ਦੀ ਵੰਨਗੀ ਕਿਹੜੀ ਹੈ। ਉਹ ਹਰੇਕ ਵੱਡੇ ਸ਼ੋਅ ਵਿਚ ਆਪਣੀ ਪੇਸ਼ਕਾਰੀ ਨੂੰ ਇਕ ਚੁਣੌਤੀ ਵਜੋਂ ਲੈਂਦਾ ਹੈ ਅਤੇ ਉਸ 'ਤੇ ਸਖ਼ਤ ਮਿਹਨਤ ਕਰਦਾ ਹੈ।

ਅੱਜ ਕਈ ਮੁਲਕ ਇਕ ਦੂਸਰੇ ਨਾਲ ਲੜਾਈ ਵਿਚ ਰੁੱਝੇ ਹਨ। ਸਾਡਾ ਇਨ੍ਹਾਂ ਚੀਜ਼ਾਂ 'ਤੇ ਕੋਈ ਕੰਟਰੋਲ ਨਹੀਂ ਹੈ। ਪਰੰਤੂ ਸੰਗੀਤ ਇਕ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਦੇਸ਼ਾਂ ਨੂੰ, ਦੁਨੀਆਂ ਨੂੰ ਜੋੜਿਆ ਜਾ ਸਕਦਾ ਹੈ। ਮੈਂ ਖ਼ੁਦ ਨੂੰ ਭਾਗਸ਼ਾਲੀ ਸਮਝਦਾ ਹਾਂ, ਜੋ ਸੰਗੀਤ ਨਾਲ ਜੁੜਿਆ ਹੋਇਆ ਹਾਂ ਅਤੇ ਹੱਦਾਂ ਸਰਹੱਦਾਂ ਤੋਂ ਪਾਰ ਸੰਗੀਤ ਤੇ ਪਿਆਰ ਵੰਡਦਾ ਹਾਂ। ਸੰਗੀਤ ਤੇ ਸੁਰ ਮੇਰੇ ਲਈ ਪ੍ਰਮਾਤਮਾ ਸਮਾਨ ਹੈ ਅਤੇ ਮੈਂ ਬੇਸੁਰਾ ਸੰਗੀਤ ਪਸੰਦ ਨਹੀਂ ਕਰਦਾ।

ਨਵੇਂ-ਨਵੇਂ ਤਜ਼ਰਬੇ ਕਰਨਾ, ਨਵੇਂ-ਨਵੇਂ ਸੰਗੀਤਕ ਖਿਆਲਾਂ ਨੂੰ ਸਟੇਜ 'ਤੇ ਉਤਾਰਨਾ, ਨਵੀਂ-ਨਵੀਂ ਕਲਪਨਾ ਉਡਾਰੀ ਕਰਨਾ ਉਸਦੀ ਵਿਸ਼ੇਸ਼ਤਾ ਹੈ। ਉਹ ਵੱਡਾ ਸੋਚਦਾ ਹੈ, ਵੱਡਾ ਕਰਦਾ ਹੈ। ਉਸਨੇ ਕਦੇ ਕਿਹਾ ਸੀ ਕਿ ਉਸਦੇ ਮਨ ਵਿਚ ਮਾਈਕਲ ਜੈਕਸਨ ਵਾਂਗ ਬੇਹੱਦ ਚਰਚਿਤ ਗਾਇਕ ਕਲਾਕਾਰ ਬਣਨ ਦਾ ਵਿਚਾਰ ਆਉਂਦਾ ਹੈ। ਇਸ ਸੁਪਨੇ ਨੂੰ ਉਸਨੇ ਸਖ਼ਤ ਮਿਹਨਤ, ਸਮਝ ਅਤੇ ਬੁਲੰਦ ਹੌਂਸਲੇ ਨਾਲ ਪੂਰਾ ਕੀਤਾ।

ਸਟੇਜ ਪੇਸ਼ਕਾਰੀ ਸਮੇਂ ਉਹ ਉੱਚ-ਊਰਜਾ ਦਾ ਪ੍ਰਗਟਾਵਾ ਕਰਦਾ ਹੋਇਆ ਦਰਸ਼ਕਾਂ ਸਰੋਤਿਆਂ ਨੂੰ ਕਿਸੇ ਹੋਰ ਸੰਸਾਰ ਵਿਚ ਲੈ ਜਾਂਦਾ ਹੈ। ਮੌਜੂਦ ਲੋਕ ਉਸ ਦੁਆਰਾ ਸਿਰਜੇ ਸੰਗੀਤਕ ਵਹਿ ਵਿਚ ਵਹਿ ਜਾਂਦੇ ਹਨ।

ਉਹ ਆਪਣੇ ਸੰਗੀਤ, ਆਪਣੀ ਕਲਾ ਦਾ ਪਹੁੰਚ-ਘੇਰਾ ਵਧਾਉਣ ਲਈ ਅਨੇਕਾਂ ਕੌਮਾਂਤਰੀ ਕਲਾਕਾਰਾਂ ਨਾਲ ਸਾਂਝ-ਭਿਆਲੀ ਪਾਉਂਦਾ ਹੈ। ਪੰਜਾਬੀ ਸੰਗੀਤ ਦੀ ਪ੍ਰਸਿੱਧੀ ਨੂੰ ਸੰਸਾਰ ਵਿਚ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਵਿਚ ਉਸਨੇ ਅਹਿਮ ਭੂਮਿਕਾ ਨਿਭਾਈ ਹੈ।

ਫਿਲਮਾਂ ਵਿਚ ਭਾਂਤ-ਭਾਂਤ ਦੀ ਅਦਾਕਾਰੀ ਸਦਕਾ ਗਹਿਰੀ ਛਾਪ ਛੱਡੀ ਹੈ। ਕਈ ਐਵਾਰਡ ਹਾਸਲ ਕੀਤੇ ਹਨ। ਉਸਨੇ ਸੰਗੀਤ ਤੇ ਫਿਲਮ ਖੇਤਰ ਵਿਚਾਲੇ ਇਕ ਸਹਿਜ ਤਾਲਮੇਲ ਬਣਾ ਰੱਖਿਆ ਹੈ। ਉਹ ਪਹਿਲਾ ਭਾਰਤੀ ਸਿੱਖ ਕਲਾਕਾਰ ਹੈ, ਜਿਹੜਾ ਮੈੱਗ ਕਲਾ ਵਿਚ ਸ਼ਾਮਲ ਹੋਇਆ।

# ਵਿਸ਼ਵ ਭਰ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਹੋਵੇਗੀ ਕੈਲਗਰੀ ਦੀ 'ਸਟੈਂਪੀਡ'

## ਇੱਕ ਮਿਲੀਅਨ ਸੈਲਾਨੀਆਂ ਦੇ ਪਹੁੰਚਣ ਦਾ ਅਨੁਮਾਨ-ਮਾਰਵਾੜੀ ਘੋੜੇ ਹੋਣਗੇ ਖਿੱਚ ਦਾ ਕੇਂਦਰ

ਗੁਰਪ੍ਰੀਤ ਸਿੰਘ ਤਲਵੰਡੀ
ਵੈਨਕੂਵਰ (ਕੈਨੇਡਾ)
778-980-9196
ਪੰਜਾਬ ਮੇਲ USA






ਕੈਨੇਡਾ ਦੇ ਅਲਬਰਟਾ ਪ੍ਰਾਂਤ ਦੇ ਸ਼ਹਿਰ ਕੈਲਗਰੀ ਵਿਚ ਹਰ ਸਾਲ ਲੱਗਣ ਵਾਲਾ ਵਿਸ਼ਾਲ ਮੇਲਾ ਕੈਲਗਰੀ ਸਟੈਂਪੀਡ 13 ਜੁਲਾਈ ਤੱਕ ਹੋ ਰਿਹਾ ਹੈ। ਦਸ ਦਿਨ ਤੱਕ ਚੱਲਣ ਵਾਲਾ ਇਹ ਮੇਲਾ ਵਿਸ਼ਵ ਭਰ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਹੋਵੇਗਾ। ਇੱਕ ਅਨੁਮਾਨ ਅਨੁਸਾਰ ਉਕਤ ਮੇਲੇ ਵਿਚ ਦੁਨੀਆਂ ਭਰ ਦੇ ਇੱਕ ਮਿਲੀਅਨ ਲੋਕ ਸ਼ਾਮਲ ਹੋ ਰਹੇ ਹਨ।

ਸਟੈਂਪੀਡ ਦੇ ਪਿਛੋਕੜ ਵੱਲ ਝਾਤੀ ਮਾਰੀਏ, ਤਾਂ ਇਹ ਪਤਾ ਲੱਗਦਾ ਹੈ ਕਿ ਕੈਲਗਰੀ ਦੀ ਜ਼ਿਲ੍ਹਾ ਖੇਤੀਬਾੜੀ ਸੁਸਾਇਟੀ ਵਲੋਂ ਸੰਨ 1884 ਵਿਚ ਕੈਲਗਰੀ ਵੱਲ ਲੋਕਾਂ ਦਾ ਆਕਰਸ਼ਣ ਪੈਦਾ ਕਰਨ ਲਈ ਮੇਲਾ ਲਗਵਾਉਣ ਦੀ ਆਰੰਭਤਾ ਕੀਤੀ ਗਈ। ਪਹਿਲਾਂ ਪਹਿਲ ਮੇਲੇ ਦਾ ਮੁੱਖ ਉਦੇਸ਼ ਖੇਤੀਬਾੜੀ ਖੇਤਰ ਨੂੰ ਉਤਸ਼ਾਹਿਤ ਕਰਨਾ ਸੀ, ਜਿਸ ਤਹਿਤ ਖੇਤੀਬਾੜੀ ਲਈ ਵਰਤੇ ਜਾਂਦੇ ਔਜਾਰ ਜਾਂ ਖੇਤੀਬਾੜੀ ਸੰਬੰਧੀ ਮਿਹਨਤ ਨਾਲ ਤਿਆਰ ਕੀਤੀਆਂ ਪ੍ਰਦਰਸ਼ਨੀਆਂ ਸ਼ਾਮਲ ਕੀਤੀਆਂ ਜਾਂਦੀਆਂ ਸਨ। ਇਸ ਮੇਲੇ ਵਿਚ ਕਰੀਬ 2000 ਲੋਕ ਸ਼ਾਮਲ ਹੁੰਦੇ ਸਨ। ਹੌਲੀ-ਹੌਲੀ ਸਟੈਂਪੀਡ ਦਾ ਵਿਸਥਾਰ ਹੁੰਦਾ ਗਿਆ ਅਤੇ ਅੱਜ ਸਟੈਂਪੀਡ ਸਮੁੱਚੇ ਵਿਸ਼ਵ ਭਰ ਵਿਚ ਪ੍ਰਸਿੱਧ ਹੋ ਚੁੱਕਾ ਹੈ। ਇਸ ਵਿਚ ਵਿਸ਼ਵ ਭਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਬੜੇ ਹੀ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ। ਹਰ ਸਾਲ ਜੁਲਾਈ ਮਹੀਨੇ ਵਿਚ ਲੱਗਣ ਵਾਲੇ ਇਸ ਮੇਲੇ ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਪ੍ਰਦਰਸ਼ਨੀਆਂ, ਖੇਤੀਬਾੜੀ ਨਾਲ ਸੰਬੰਧਿਤ ਮੁਕਾਬਲੇ ਅਤੇ ਪ੍ਰਦਰਸ਼ਨੀਆਂ, ਸਟੇਜ ਸ਼ੋਅ, ਮੂਲਨਿਵਾਸੀ ਲੋਕਾਂ ਦੇ ਰਹਿਣ-ਸਹਿਣ, ਮਿਹਨਤ-ਮੁਸ਼ੱਕਤ ਅਤੇ ਕੰਮਕਾਰ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਵੀ ਦਰਸ਼ਕਾਂ ਦਾ ਮਨ ਮੋਂਹਦੀਆਂ ਹਨ। ਮੇਲੇ ਦੇ ਦਿਨਾਂ ਦੌਰਾਨ ਸਮੁੱਚਾ ਕੈਲਗਰੀ ਸ਼ਹਿਰ ਸਟੈਂਪੀਡ ਸ਼ਹਿਰ ਵਜੋਂ ਜਾਣਿਆਂ ਜਾਂਦਾ ਹੈ। ਇਨ੍ਹਾਂ ਦਿਨਾਂ ਦੌਰਾਨ ਸ਼ਹਿਰ ਦਾ ਹਰ ਘਰ, ਦਫਤਰ ਜਾਂ ਅਸਮਾਨ ਛੂੰਹਦੀਆਂ ਇਮਾਰਤਾਂ ਵਿਸ਼ੇਸ਼ ਤੌਰ 'ਤੇ ਸਜਾਈਆਂ ਜਾਂਦੀਆਂ ਹਨ। ਹਜ਼ਾਰਾਂ ਵਲੰਟੀਅਰ ਸੈਲਾਨੀਆਂ ਦੀ ਸੇਵਾ ਲਈ ਤੱਤਪਰ ਰਹਿੰਦੇ ਹਨ। ਸਟੈਂਪੀਡ ਪਾਰਕ ਵਿਚ 300 ਪੱਕੇ ਕਰਮਚਾਰੀ ਅਤੇ 1400 ਪਾਰਟ ਟਾਈਮ ਕਰਮਚਾਰੀ ਕੰਮ ਕਰ ਰਹੇ ਹਨ, ਜਦਕਿ ਮੇਲੇ ਲਈ ਹਰ ਸਾਲ 3500 ਕਰਮਚਾਰੀ ਆਰਜੀ ਤੌਰ 'ਤੇ ਨੌਕਰੀ 'ਤੇ ਰੱਖੇ ਜਾਂਦੇ ਹਨ, ਤਾਂ ਕਿ ਮੇਲੇ ਵਿਚ ਕਿਸੇ ਨੂੰ ਵੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਸਟੈਂਪੀਡ ਵਿਚ ਘੋੜਿਆਂ ਦੀਆਂ ਦੌੜਾਂ ਤੇ ਹੋਰ ਵੀ ਕਈ ਤਰ੍ਹਾਂ ਦੇ ਕਰਤੱਵ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੇ। ਇਸ ਤੋਂ ਬਿਨ੍ਹਾਂ ਖੇਤੀਬਾੜੀ ਲਈ ਪੁਰਾਤਨ ਸਮੇਂ ਵਰਤੇ ਜਾਂਦੇ ਔਜਾਰ ਅਤੇ ਟਰੈਕਟਰ ਅਤੇ ਹੋਰ ਮਸ਼ੀਨਰੀ ਵੀ ਪ੍ਰਦਰਸ਼ਿਤ ਕੀਤੀ ਜਾਵੇਗੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਸੌ ਸਾਲ ਤੋਂ ਵੀ ਪੁਰਾਣੀ ਖੇਤੀ ਮਸ਼ੀਨਰੀ ਸਰਕਾਰ ਦੁਆਰਾ ਜਾਂ ਲੋਕਾਂ ਵਲੋਂ ਖੁਦ ਸਾਂਭੀ ਹੋਈ ਹੈ, ਜੋ ਲੋਕਾਂ ਦੀ ਵੱਡੀ ਖਿੱਚ ਦਾ ਕੇਂਦਰ ਬਣਦੀ ਹੈ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਵਿਚ ਫਾਰਮ ਮਿਊਜ਼ੀਅਮ ਲੈਂਗਲੀ ਅਤੇ ਚਿੱਲੀਵੈਕ ਹੈਰੀਟੇਜ ਮਿਊਜ਼ੀਅਮ ਵਿਚ ਅਜਿਹੀ ਵੀ ਇੱਕ ਸਦੀ ਪੁਰਾਣੀ ਖੇਤੀਬਾੜੀ ਲਈ ਵਰਤੀ ਜਾਂਦੀ ਮਸ਼ੀਨਰੀ ਦੇਖੀ ਜਾ ਸਕਦੀ ਹੈ। ਇਸ ਤੋਂ ਬਿਨ੍ਹਾਂ ਅਜਿਹੇ ਹੀ ਮਿਊਜ਼ੀਅਮ ਕੈਨੇਡਾ ਦੇ ਹਰ ਪ੍ਰਾਂਤ ਵਿਚ ਬਣੇ ਹੋਏ ਹਨ, ਜੋ ਸਟੈਂਪੀਡ ਸਮੇਤ ਹਰ ਅਜਿਹੇ ਮੌਕੇ ਮਸ਼ੀਨਰੀ ਨੂੰ ਲੋਕਾਂ ਲਈ ਪ੍ਰਦਰਸ਼ਿਤ ਕਰਦੇ ਹਨ।








### ਮਾਰਵਾੜੀ ਘੋੜੇ ਹੋਣਗੇ ਖਿੱਚ ਦਾ ਕੇਂਦਰ

ਭਾਰਤ ਦੇ ਰਾਜ ਰਾਜਸਥਾਨ ਦੇ ਘੋੜਿਆਂ ਦੀ ਨਸਲ ਮਾਰਵਾੜੀ ਨਾਲ ਸੰਬੰਧਿਤ ਘੋੜਿਆਂ ਨੂੰ ਵੀ ਸਟੈਂਪੀਡ ਵਿਚ ਸ਼ਾਮਲ ਕੀਤਾ ਗਿਆ ਹੈ, ਜੋ ਵਿਸ਼ਵ ਭਰ ਦੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੋਣਗੇ। ਐਡਮਿੰਟਨ ਦੇ ਰਹਿਣ ਵਾਲੇ ਹਰਨੇਕ ਮੁੱਲਾਂਪੁਰ ਸਟੈਬਲਜ ਦੇ ਮਾਲਕ ਐਂਡੀ ਧਨੋਆ ਮੁੱਲਾਂਪੁਰ ਤੇ ਮੇਜਰ ਸਿੰਘ ਮੁੱਲਾਂਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਕੋਲ ਕੈਨੇਡੀਅਨ ਤੇ ਇੰਗਲੈਂਡ ਵਾਲੇ ਘੋੜਿਆਂ ਦੀਆਂ ਨਸਲਾਂ ਦੇ ਨਾਲ-ਨਾਲ ਮਾਰਵਾੜੀ ਘੋੜਾ ਵੀ ਹੈ। ਸਮੁੱਚੇ ਕੈਨੇਡਾ ਵਿਚ ਮਾਰਵਾੜੀ ਘੋੜਾ ਕੇਵਲ ਉਨ੍ਹਾਂ ਕੋਲ ਹੀ ਹੈ। ਘੋੜੇ ਰੱਖਣ ਦੇ ਸ਼ੌਂਕੀ ਧਨੋਆ ਭਰਾਵਾਂ ਦੇ ਦੱਸਿਆ ਕਿ ਬਰਤਾਨੀਆਂ ਦੀ ਮਹਾਰਾਣੀ ਦੇ ਰੱਥ ਨੂੰ ਮਾਰਵਾੜੀ ਘੋੜੇ ਹੀ ਖਿੱਚਦੇ ਹਨ। ਇਹ ਨਸਲ ਭਾਰਤ ਤੇ ਬਰਤਾਨੀਆਂ ਦੇ ਰਾਜ ਦੌਰਾਨ ਉੱਥੋਂ ਲਿਆਂਦੀ ਗਈ ਸੀ। ਇਨ੍ਹਾਂ ਘੋੜਿਆਂ ਵਿਚੋਂ ਹੀ ਕਿਸੇ ਇੱਕ ਘੋੜੇ ਦਾ ਬੱਚਾ ਉਨ੍ਹਾਂ ਕੈਲੀਫੋਰਨੀਆ (ਅਮਰੀਕਾ) ਤੋਂ ਕੈਨੇਡਾ ਵਿਖੇ ਲਿਆਂਦਾ ਗਿਆ ਹੈ। ਮਾਰਵਾੜੀ ਘੋੜੇ ਦਾ ਕੱਦ ਕਾਠ, ਡੀਲ ਡੌਲ ਅਤੇ ਤੁਰਨ ਦਾ ਅੰਦਾਜ਼ ਉਸਨੂੰ ਵਿਸ਼ਵ ਦੇ ਹੋਰਨਾਂ ਘੋੜਿਆਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ। ਉਹ ਹੁਣ ਤੱਕ ਮਾਰਵਾੜੀ ਘੋੜੇ ਨੂੰ ਸੰਸਾਰ ਪ੍ਰਸਿੱਧ ਕੈਨੇਡਾ ਦੇ ਸਰੀ ਦੀ ਖਾਲਸਾ ਡੇ ਪਰੇਡ, ਕੈਲਗਰੀ ਦੇ ਵਿਸ਼ਾਲ ਨਗਰ ਕੀਰਤਨ ਸਮੇਤ ਹਰ ਵੀ ਕਈ ਵੱਡੇ ਸਮਾਗਮਾਂ 'ਤੇ ਪ੍ਰਦਰਸ਼ਿਤ ਕਰ ਚੁੱਕੇ ਹਨ। ਇਸ ਵਾਰ ਸਟੈਂਪੀਡ ਪ੍ਰਬੰਧਕੀ ਕਮੇਟੀ ਦੁਆਰਾ ਮਾਰਵਾੜੀ ਘੋੜੇ ਨੂੰ ਵੀ ਸਟੈਂਪੀਡ ਵਿਚ ਸ਼ਾਮਲ ਕੀਤਾ ਗਿਆ ਹੈ, ਜੋ ਸੈਲਾਨੀਆਂ ਨੂੰ ਆਪਣੇ ਵੱਲ ਅਕਰਸ਼ਿਤ ਕਰਨਗੇ। ਇਸ ਤਰ੍ਹਾਂ ਸਟੈਂਪੀਡ 'ਤੇ ਹੋਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ, ਘੋੜ ਦੌੜਾਂ ਅਤੇ ਪ੍ਰਦਰਸ਼ਨੀਆਂ ਦੇਖਣਯੋਗ ਹੋਣਗੀਆਂ।





# ਦਿਹਾਤ ਦਾ ਹੋ ਰਿਹਾ ਸ਼ਹਿਰੀਕਰਨ

## 'ਸ਼ਹਿਰ ਪਿੰਡਾਂ ਨੂੰ ਖਾਗੇ ਈਕਣ-ਰਿੰਦਾਂ ਨੂੰ ਮੈ ਖਾਂਦੀ ਜੀਕਣ'

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA





ਜਿਥੇ ਖੇਤੀ ਪ੍ਰਧਾਨ ਭਾਰਤ ਪਿੰਡਾਂ ਦਾ ਦੇਸ਼ ਹੈ, ਉਥੇ ਖੇਤੀ ਆਧਾਰ 'ਤੇ ਪੰਜਾਬ ਸਾਰੇ ਭਾਰਤੀ ਰਾਜਾਂ 'ਚੋਂ ਗ਼ੁਲਾਬ ਦਾ ਫ਼ੁੱਲ। ਪੰਜਾਬ ਜਿਹੀ ਇਕ ਦਮ ਮੈਦਾਨੀ, ਹੜ੍ਹਾਂ ਦੇ ਮੈਦਾਨਾਂ ਤੋਂ ਤਿਆਰ ਜਰਖੇਜ਼, ਦਰਿਆਈ ਪਾਣੀਆਂ ਨਾਲ ਸੈਰਾਬ ਹੁੰਦੀ ਖੇਤੀਬਾੜੀ ਲਾਈਕ ਭੂਮੀ ਸੰਸਾਰ ਭਰ 'ਚੋਂ ਸਿਰ ਕੱਢਵੀਂ ਹੈ। ਕਰੀਬਨ ਪੰਜਾਬ ਦੀ ਦੋ ਤਿਹਾਈ ਵਸੋਂ ਦੀ ਆਰਥਿਕਤਾ ਖੇਤੀ ਅਤੇ ਖੇਤੀਬਾੜੀ ਸੈਕਟਰ ਨਾਲ਼ ਜੁੜੇ ਸਹਾਇਕ ਧੰਦਿਆਂ 'ਤੇ ਮੁਨੱਸਰ ਹੈ। ਪੰਜਾਬ ਦੇ ਕੁੱਲ ਰਕਬੇ 50,362 ਵਰਗ ਕਿਲੋਮੀਟਰ ਰਕਬੇ 'ਚੋਂ ਕਰੀਬ 80 ਫ਼ੀਸਦੀ ਰਕਬਾ ਖੇਤੀ ਹੇਠ ਹੈ। ਖੇਤੀ ਪਿੰਡਾਂ ਵਿਚ ਹੁੰਦੀ ਹੈ ਸ਼ਹਿਰਾਂ ਵਿਚ ਨਹੀਂ। ਇਹ ਵੀ ਮੰਨਦੇ ਹਾਂ ਕਿ ਸ਼ਹਿਰਾਂ ਵਿਚ ਤਰੱਕੀ ਦੇ ਮੌਕੇ ਪਿੰਡਾਂ ਤੋਂ ਵੱਧ ਹਨ। ਇਸੀ ਕਰਕੇ ਕਾਰੋਬਾਰੀ ਜਾਂ ਵਪਾਰੀ ਤਬਕਾ ਪਿੰਡਾਂ ਤੋਂ ਲਗਾਤਾਰ ਸ਼ਹਿਰਾਂ ਵੱਲ ਹਿਜਰਤ ਕਰ ਰਿਹੈ। ਇਹ ਵੀ ਮੰਨਿਆ ਕਿ ਸਮੇਂ ਦੇ ਹਾਣੀ ਬਣਨ ਲਈ ਸ਼ਹਿਰੀ ਵਿਕਾਸ ਦੇ ਨਾਲ-ਨਾਲ ਹਰ ਤਰ੍ਹਾਂ ਦਾ ਵਿਕਾਸ ਲਾਜ਼ਮੀ ਹੈ। ਪਰ ਇਹ ਕਤੱਈ ਹਜ਼ਮ ਨਹੀਂ ਕਿ ਤਰੱਕੀ ਜਾਂ ਨਵੀਨੀਕਰਨ ਦੇ ਨਾਮ ਉਪਰ ਨਿੱਜੀ ਜਾਂ, ਆਪਣੇ ਆਕਾਵਾਂ ਨੂੰ ਖ਼ੁਸ਼ ਕਰਨ ਤਹਿਤ ਖੇਤੀ ਲਾਈਕ ਜ਼ਮੀਨ ਨੂੰ ਕੰਕਰੀਟ ਦੇ ਜੰਗਲ ਵਿਚ ਤਬਦੀਲ ਕਰ ਦਿੱਤਾ ਜਾਏ। ਇਹ ਪੰਜਾਬ ਦੀ ਕਿਸਾਨੀ ਦੀ ਸਾਹ ਰਗ ਵੱਢਣ ਦੇ ਬਰਾਬਰ ਹੈ।

ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਮੁਹਾਲੀ, ਰੋਪੜ, ਰਾਜਪੁਰਾ, ਫਤਿਹਗੜ੍ਹ ਸਾਹਿਬ, ਸਮਰਾਲਾ ਅਤੇ ਜਗਰਾਓਂ ਸ਼ਹਿਰਾਂ ਦੇ ਬਾਹਰ ਅਰਬਨ ਅਸਟੇਟਾਂ ਦੀ ਉਸਾਰੀ ਲਈ, 2013 ਵਾਲੀ ਲੈਂਡ ਪੂਲਿੰਗ ਸਕੀਮ ਵਿਚ ਸੋਧ ਕਰਕੇ ਸ਼ਹਿਰੀ ਵਿਕਾਸ ਦੀ ਨਵੀਂ ਯੋਜਨਾ ਲਿਆਂਦੀ ਹੈ, ਜਿਸ ਤਹਿਤ ਕਿਫਾਇਤੀ ਦਰਾਂ 'ਤੇ ਰਿਹਾਇਸ਼ੀ ਕਲੋਨੀਆਂ ਬਣਾਉਣ ਦੀ ਗੱਲ ਕਹੀ ਗਈ ਹੈ। ਜ਼ਮੀਨ ਲੈਂਡ ਪੂਲਿੰਗ ਸਕੀਮ ਤਹਿਤ, ਨਾਲ਼ ਖਹਿੰਦੇ 158 ਪਿੰਡਾਂ ਦੀ 40,000 ਏਕੜ ਜ਼ਮੀਨ ਐਕਵਾਇਰ ਕੀਤੀ ਜਾਵੇਗੀ। ਜਿਨ੍ਹਾਂ 'ਚੋਂ ਮੁਹਾਲੀ 6285 ਅਤੇ ਲੁਧਿਆਣਾ ਵਿਚ 24,311 ਏਕੜ ਖੇਤੀਬਾੜੀ ਲਾਈਕ ਜਰਖੇਜ਼ ਜ਼ਮੀਨ, ਸ਼ਹਿਰੀਕਰਨ ਵਾਸਤੇ ਹਾਸਲ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਕਿਸਾਨਾਂ ਨੂੰ ਮੋਹਿਤ ਕਰਨ ਵਾਲੇ ਵੱਡੇ-ਵੱਡੇ ਇਸ਼ਤਿਹਾਰ ਅਖ਼ਬਾਰਾਂ ਵਿਚ ਪੰਜਾਬ ਹਕੂਮਤ ਵਲੋਂ ਦਿੱਤੇ ਜਾ ਰਹੇ ਨੇ। ਉਹ ਜ਼ਮੀਨ ਮਾਲਕ ਜਿਨ੍ਹਾਂ ਦੀ ਜ਼ਮੀਨ ਐਕਵਾਇਰ ਕੀਤੀ ਜਾਵੇਗੀ, ਉਨ੍ਹਾਂ ਦੀ ਐਕਵਾਇਰ ਕੀਤੀ ਜ਼ਮੀਨ ਦੇ ਲਿਹਾਜ਼ ਇਕ ਰਿਹਾਇਸ਼ੀ ਅਤੇ ਇਕ ਵਪਾਰਕ ਪਲਾਟ ਦੇ ਨਾਲ-ਨਾਲ ਤਿੰਨ ਸਾਲਾਂ ਲਈ ਗੁਜ਼ਾਰਾ ਭੱਤਾ ਵਜੋਂ 30,000 ਰੁਪਏ ਪ੍ਰਤੀ ਮਹੀਨਾ ਵੀ ਦਿੱਤਾ ਜਾਵੇਗਾ। ਅਫ਼ਸੋਸ ਕਿ ਜਿਵੇਂ ਨੈਸ਼ਨਲ ਹਾਈਵੇ ਜਾਂ ਰੇਲਵੇ ਲਈ ਕਰਜ਼ੇ ਦੇ ਝੰਬੇ ਜਾਂ ਲਾਲਚ ਵਸ ਕਈ ਕਿਸਾਨ ਮਿੱਟੀ ਵੇਚੀ ਜਾ ਰਹੇ ਨੇ, ਕਈ ਸਿੱਧੀਆਂ ਆਪਣੀਆਂ ਜ਼ਮੀਨਾਂ ਹੀ। ਇਸੇ ਤਰ੍ਹਾਂ ਸਰਕਾਰੀ ਲੈਂਡ ਪੂਲਿੰਗ ਸਕੀਮ ਦੇ ਢਹੇ ਵੀ ਉਪਰੋਕਤ ਤਰ੍ਹਾਂ ਦੇ ਕਿਸਾਨ ਚੜ੍ਹ ਜਾਣਗੇ। ਬਹਰਹਾਲ ਇਸ ਦਾ ਕਿਸਾਨਾਂ, ਕਿਸਾਨ ਜਥੇਬੰਦੀਆਂ ਅਤੇ ਹਕੀਕੀ ਤੌਰ 'ਤੇ ਜ਼ਮੀਨ ਨਾਲ਼ ਜੁੜੇ ਹੋਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਰਨਾਏ ਹੋਏ ਪੰਜਾਬੀਆਂ ਵਲੋਂ ਦਿਹਾਤ ਦੇ ਹੋ ਰਹੇ ਸ਼ਹਿਰੀਕਰਨ ਵਿਰੁੱਧ ਲਗਾਤਾਰ ਵਿਰੋਧ ਜਤਾਇਆ ਜਾ ਰਿਹੈ।

ਮੁਹਾਲੀ ਜ਼ਿਲ੍ਹਾ ਦੀ ਵਾਹੀਯੋਗ ਜ਼ਮੀਨ ਨੂੰ ਪਹਿਲਾਂ ਵੀ ਖੋਰਾ ਲੱਗ ਚੁੱਕਾ ਹੈ। ਜਦ 2018 ਵਿਚ ਕੈਪਟਨ ਸਰਕਾਰ ਨੇ ਮੁਹਾਲੀ ਦੀ ਖਰੜ ਤਹਿਸੀਲ ਦੇ ਪਿੰਡਾਂ ਦੀ 806 ਏਕੜ ਖੇਤੀਬਾੜੀ ਲਾਈਕ ਭੂਮੀ ਐਕਵਾਇਰ ਕਰਕੇ ਮੁੱਲਾਂਪੁਰ ਨਜ਼ਦੀਕ ਨਵਾਂ ਚੰਡੀਗੜ੍ਹ ਦੇ ਨਾਮ ਪੁਰ ਈਕੋ ਸਿਟੀ-1 ਅਤੇ ਈਕੋ ਸਿਟੀ-2 ਬਣਾਈਆਂ ਸਨ।

ਪੰਜਾਬ ਖੇਤੀ ਪ੍ਰਧਾਨ ਸੂਬਾ ਅਤੇ ਮਿਹਨਤੀ ਕਿਰਸਾਨੀ ਦੀ ਵਜ੍ਹਾ ਹੋਣ ਕਰਕੇ ਸੈਂਟਰ ਪੂਲ ਵਿਚ ਕੱਲਾ ਹੀ ਕਣਕ-ਝੋਨੇ ਦਾ 40-50 ਫ਼ੀਸਦੀ ਦੇ ਕਰੀਬ ਹਿੱਸਾ ਪਾ ਰਿਹਾ ਹੈ। ਖੇਤੀ ਸੈਕਟਰ ਦੇ ਨਾਲ ਹੀ ਖੇਤੀ ਜਿਣਸਾਂ ਆਧਾਰਿਤ ਸਨਅਤਾਂ ਲੱਖਾਂ ਲੋਕਾਂ ਲਈ ਰੁਜ਼ਗਾਰ ਦਾ ਸਾਧਨ ਨੇ।

ਪੰਜਾਬ ਵਿਚ ਆਬਾਦੀ ਦਾ ਵੀ ਭਾਰੀ ਦਬਾਅ ਹੈ। ਗ਼ੈਰ ਪੰਜਾਬੀਆਂ ਦੀ ਭਾਰੀ ਆਮਦ ਅਤੇ ਉਨ੍ਹਾਂ ਦੀ ਵੱਡੀ ਪੈਦਾਇਸ਼ ਦਰ ਵੀ ਪੰਜਾਬ ਦੀ ਡੈਮੋਗਰਾਫੀ ਨੂੰ ਪ੍ਰਭਾਵਿਤ ਕਰ ਰਹੀ ਹੈ, ਸੋ ਪੰਜਾਬ ਲਈ ਖ਼ਤਰੇ ਦੀ ਘੰਟੀ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ, ਫੂਡ ਐਂਡ ਐਗਰੀਕਲਚਰਲ ਆਰਗੇਨਾਈਜ਼ੇਸ਼ਨ ਮੁਤਾਬਕ ਧਰਤੀ 'ਤੇ ਆਬਾਦੀ ਦੇ ਵਾਧੇ ਕਰਕੇ 2050 ਤੱਕ, ਅਨਾਜ ਦੀ ਉਤਪਾਦਨ ਦਰ ਨੂੰ 60 ਫੀਸਦੀ ਤੱਕ ਵਧਾਉਣਾ ਹੋਵੇਗਾ।

ਨਿਕਲ ਰਹੀਆਂ ਨਵੀਆਂ ਰੇਲਵੇ ਲਾਈਨਾਂ, ਨੈਸ਼ਨਲ ਹਾਈਵੇ ਵਗੈਰਾ ਨੇ ਜਿਥੇ ਹਜ਼ਾਰਾਂ ਏਕੜ ਖੇਤੀਬਾੜੀ ਲਾਈਕ ਭੂਮੀ ਐਕਵਾਇਰ ਕਰ ਲਈ ਹੈ, ਉਥੇ ਉਨ੍ਹਾਂ 'ਤੇ ਭਰਤੀ ਪਾਉਣ ਲਈ ਹਜ਼ਾਰਾਂ ਏਕੜ ਖੇਤੀਬਾੜੀ ਲਾਈਕ ਭੂਮੀ 'ਚੋਂ 6 ਤੋਂ 12 ਫੁੱਟ ਤੱਕ ਮਿੱਟੀ ਪੁੱਟ ਕੇ ਖੱਡਾਂ ਵਿਚ ਬਦਲ ਦਿੱਤਾ ਗਿਆ ਹੈ। ਕੀ ਉਨ੍ਹਾਂ 'ਤੇ ਮਾਈਨਿੰਗ ਦਾ ਕਾਨੂੰਨ ਲਾਗੂ ਨਹੀਂ ਹੁੰਦਾ? ਇਵੇਂ ਹੀ ਨਵੀਆਂ ਅਰਬਨ ਅਸਟੇਟਾਂ ਦੀ ਉਸਾਰੀ ਲਈ ਭਰਤ ਅਤੇ ਭੱਠਿਆਂ ਵਲੋਂ ਇੱਟਾਂ ਦੀ ਤਿਆਰੀ ਲਈ ਹਜ਼ਾਰਾਂ ਏਕੜ ਭੂਮੀ ਦੀ ਪੁਟਾਈ ਕਰਕੇ ਖੱਡਾਂ ਵਿਚ ਬਦਲ ਦਿੱਤੀ ਜਾਵੇਗੀ। ਇਸ ਸਕੀਮ ਵਿਚ ਆਉਂਦੇ ਦਿਹਾਤੀ ਪਿੰਡਾਂ ਨੂੰ ਨਾਲ਼ ਲੱਗਦੇ ਸ਼ਹਿਰ ਨਿਗਲ਼ ਜਾਣਗੇ। ਉਦਾਹਰਣ ਦੇ ਤੌਰ 'ਤੇ ਲੁਧਿਆਣਾ ਦੇ ਸਾਲਮ ਪਿੰਡ ਦਾਖਾ ਅਤੇ ਬੱਦੋਵਾਲ਼।

ਦਿੱਲੀ ਨੂੰ 1911 ਵਿਚ ਪੰਜਾਬ ਤੋਂ ਵੱਖ ਕੀਤਾ ਗਿਆ। ਜਿਸ ਦਾ ਰਕਬਾ 1483 ਵਰਗ ਕਿੱਲੋਮੀਟਰ ਹੈ। ਨਾਲ਼ ਲੱਗਦੇ ਪੰਜਾਬ ਦੇ ਹੋਰ ਦਰਜਣਾਂ ਪਿੰਡਾਂ ਨੂੰ ਦਿੱਲੀ ਨਿਗਲ਼ ਗਈ। ਪਰ ਅੱਜ ਦਿੱਲੀ ਦੇ ਹਾਲਾਤ ਇਹ ਹਨ ਕਿ ਕੋਈ ਪੰਜਾਬੀ ਉਥੇ ਖੰਗ ਨਹੀਂ ਸਕਦਾ। ਪੰਜਾਬ ਦੇ ਦਰਜਣਾਂ ਪਿੰਡਾਂ ਨੂੰ ਉਜਾੜ ਕੇ 28,170 ਏਕੜ ਜ਼ਮੀਨ ਐਕਵਾਇਰ ਕਰਕੇ 1952 ਵਿਚ ਚੰਡੀਗੜ੍ਹ ਰਾਜਧਾਨੀ ਵਸਾਈ ਗਈ, ਉਥੇ ਦੇ ਹਾਲਾਤ ਇਹ ਹਨ ਕਿ ਅੱਜ ਉਥੇ ਕੋਈ ਪੰਜਾਬੀ ਆਪਣੀ ਰੇੜ੍ਹੀ ਨਹੀਂ ਲਗਾ ਸਕਦਾ। ਅਗਰ ਵਰਤਾਰਾ ਇਵੇਂ ਰਿਹਾ, ਪੰਜਾਬੀ ਨਾ ਜਾਗੇ ਇਵੇਂ ਆਉਂਦੇ 25-30 ਸਾਲਾਂ ਤਾਈਂ ਲੁਧਿਆਣਾ ਸ਼ਹਿਰ ਵੀ ਪੰਜਾਬੀਆਂ ਹੱਥੋਂ ਨਿਕਲ ਜਾਵੇਗਾ ਅਤੇ ਸਾਲਮ ਪੰਜਾਬ ਆਉਂਦੇ 70-75 ਸਾਲਾਂ ਵਿਚ। ਇਸ ਦਾ ਵੱਡਾ ਕਾਰਨ ਜਿੱਥੇ ਗ਼ੈਰ ਪੰਜਾਬੀਆਂ ਦੀ ਧੜਾਧੜ ਆਮਦ ਅਤੇ ਉੱਚ ਪੈਦਾਇਸ਼ ਦਰ ਹੈ, ਉਥੇ ਪੰਜਾਬੀਆਂ ਦੀ ਪੈਦਾਇਸ਼ ਦਰ ਦਾ ਬੇਤਹਾਸ਼ਾ ਘਟਣਾ ਅਤੇ ਪ੍ਰਵਾਸ ਦਾ ਵਧਣਾ ਵੀ ਹੈ। ਸਾਡੀ ਜਾਚੇ ਇਹ ਸਕੀਮ ਇਸ ਪ੍ਰਵਿਰਤੀ ਨੂੰ ਹੋਰ ਬੜਾਵਾ ਦੇਵੇਗੀ।

ਪੰਜਾਬ ਵਿਚ ਪਹਿਲਾਂ ਹੀ ਹਜ਼ਾਰਾਂ ਕਲੋਨੀਆਂ ਅਣਅਧਿਕਾਰਤ ਤੌਰ 'ਤੇ ਪਈਆਂ ਹਨ। ਹਜ਼ਾਰਾਂ ਹੀ ਪਲਾਟ ਉਨ੍ਹਾਂ ਵਿਚ ਚਿਰੋਕਣੇ ਖ਼ਾਲੀ ਪਏ ਹਨ। ਗਲਾਡਾ ਮੁਤਾਬਕ ਜਿਨ੍ਹਾਂ ਵਿਚੋਂ ਅਜਿਹੀਆਂ 600 ਦੇ ਕਰੀਬ ਕਲੋਨੀਆਂ ਕੇਵਲ ਲੁਧਿਆਣਾ ਸ਼ਹਿਰ ਵਿਚ ਹੀ ਹਨ।

ਸਰਕਾਰ ਨੂੰ ਐਲਾਨੀ ਸਕੀਮ ਉਪਰ ਮੁੜ ਵਿਚਾਰ ਕਰਨੀ ਚਾਹੀਦੀ ਹੈ। ਕਿਉਂ ਜੋ ਬਾਣੀਆਂ ਦੁਕਾਨ ਨਾਲ਼ ਹੈ, ਤਾਂ ਜੱਟ ਜ਼ਮੀਨ ਨਾਲ਼ ਹੀ ਹੈ। ਪੰਜਾਬ ਦੀ ਵੱਡੀ ਵਸੋਂ ਦੀ ਆਰਥਿਕਤਾ ਖੇਤੀਬਾੜੀ ਅਤੇ ਉਸ ਨਾਲ ਸਬੰਧਤ ਸਹਾਇਕ ਧੰਦਿਆਂ 'ਤੇ ਨਿਰਭਰ ਕਰਦੀ ਹੈ।

# ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਵਸ, ਗੁਰਤਾਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਜਦੋਂ ਇਸ ਸ੍ਰਿਸ਼ਟੀ ਉੱਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ 'ਚ ਮਨੁੱਖੀ ਕਦਰਾਂ-ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ, ਜਦੋਂ ਸਮਾਜ ਦੇ ਹਰ ਖੇਤਰ 'ਚ ਭ੍ਰਿਸ਼ਟਾਚਾਰ, ਜਬਰ, ਜ਼ੁਲਮ ਤੇ ਅਨਿਆਂ ਸਿਖਰਾਂ 'ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ:-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ, ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ 'ਤੇ ਹਮਲਾ ਕੀਤਾ, ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕਦਮ ਕੁੱਤੇ।

ਉਨ੍ਹਾਂ ਨੂੰ ਇੰਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ:

ਏਤੀ ਮਾਰ ਪਈ ਕੁਰਲਾਣੈ
ਤੈ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

"ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ 'ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਤੇ ਨਾਲ=ਨਾਲ ਸ਼ੁੱਭ ਕਰਮਾਂ 'ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ:

ਗਲੀਂ ਅਸੀਂ ਚੰਗੀਆ ਅਚਾਰੀ ਬੁਰੀਆਹਿ॥

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤੱਤੁ॥

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ, ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫਰਮਾਇਆ:

ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ॥

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ:

ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ॥

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ, ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ-ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ-ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ-ਕੀਮਤਾਂ ਵਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ 'ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ 'ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ।

ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉੱਤੇ ਅਮਲ ਨਹੀਂ ਹੋਇਆ। ਸ਼ੁੱਭ ਅਮਲਾਂ ਬਿਨਾਂ ਕੁੱਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਜਿੰਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ 'ਤੇ ਨਹੀਂ ਚੱਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ, ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ 'ਤੇ ਚੱਲ ਰਿਹਾ ਹਾਂ?

# ਗੁਰੂ ਤੇਗ ਬਹਾਦਰ ਜੀ ਦੇ ਬਖਸ਼ੇ ਆਤਮ ਚਿੰਤਨ ਦੇ ਚਾਰ ਸੂਤਰ


ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
ਪੰਜਾਬ ਮੇਲ USA



ਮਨੁੱਖ ਲਈ ਜੀਵਨ ਆਦਿਕਾਲ ਤੋਂ ਹੀ ਵੱਡੇ ਰਹੱਸ ਵਾਂਗੂੰ ਰਿਹਾ ਹੈ। ਤਨ ਅੰਦਰ ਵੱਸ ਰਹੀ ਜੋਤ ਦਾ ਸ੍ਰੋਤ ਕੀ ਹੈ ਤੇ ਇਹ ਅੰਤ ਕਿੱਥੇ ਵਿਲੀਨ ਹੋ ਜਾਂਦੀ ਹੈ, ਇਹ ਦੋ ਸਵਾਲ ਉਸ ਨੂੰ ਸਦਾ ਹੀ ਉਲਝਾਉਂਦੇ ਆਏ ਹਨ। ਜੀਵਨ ਦਾ ਮਨੋਰਥ ਕੀ ਹੈ ਤੇ ਜੀਵਨ ਦੀ ਮਿਆਦ ਕੀ ਹੈ ਇਹ ਸਵਾਲ ਵੀ ਪਹਿਲੇ ਦੂਹਾਂ ਸਵਾਲਾਂ ਨਾਲ ਹੀ ਜੁੜੇ ਹੋਏ ਹਨ। ਇਨ੍ਹਾਂ ਦਾ ਜਵਾਬ ਜਾਣੇ ਬਿਨਾ ਜੀਵਨ ਦੀ ਦਿਸ਼ਾ ਤੈਅ ਕਰਨਾ ਕਠਿਨ ਹੋ ਜਾਂਦਾ ਹੈ। ਹਰ ਮਨੁੱਖ ਦੀ ਆਪੋ ਆਪਣੀ ਵਿਆਖਿਆ ਹੈ। ਇਸ ਕਾਰਨ ਸਭ ਤੋਂ ਜ਼ਿਆਦਾ ਭਰਮ ਜੀਵਨ ਨੂੰ ਲੈ ਕੇ ਹਨ, ਜੋ ਦਰਸਾਉਂਦੇ ਹਨ ਕਿ ਜੀਵਨ ਮਨੁੱਖ ਦੀ ਸਮਝ ਦਾ ਵਿਸ਼ਾ ਨਹੀਂ ਹੈ। ਗੁਰੂ ਸਾਹਿਬਾਨ ਨੇ ਜੀਵਨ ਬਾਰੇ ਮਨੁੱਖ ਦੇ ਸਾਰੇ ਭਰਮ ਦੂਰ ਕੀਤੇ, ਜੋ ਲੋਕਾਈ ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਇਕ ਦੁਰਲਭ ਅਉਸਰ ਕਿਹਾ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਸਮਝਣ ਦੀ ਲੋੜ ਹੈ ਕਿ ਜੀਵਨ ਦਾ ਮਕਸਦ ਕੀ ਹੈ ਤੇ ਇਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ। ਇਨ੍ਹਾਂ ਸਵਾਲਾਂ ਤੇ ਸੋਚ ਸਪੱਸ਼ਟ ਹੋਣ ਤੋਂ ਬਾਅਦ ਹੀ ਬੋਧ ਹੁੰਦਾ ਹੈ ਕਿ ਜੀਵਨ ਦਾ ਮੋਲ ਤੇ ਮੰਤਵ ਕੀ ਹੈ। ਗੁਰਬਾਣੀ ਦੀ ਸ਼ਰਣ ਗਿਆਂ ਹੀ ਇਨ੍ਹਾਂ 'ਤੇ ਸਰਵਪੱਖੀ ਤੇ ਦੁਵਿਧਾ ਮੁਕਤ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ ਤੇ ਜੀਵਨ ਸਕਾਰਥ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਮਨੁੱਖ ਅੰਦਰ ਚੇਤਨਾ ਪੈਦਾ ਹੁੰਦੀ ਹੈ ਕਿ ਉਸ ਦੇ ਜੀਵਨ ਦਾ ਇੱਕ ਇੱਕ ਪਲ, ਲਿਆ ਜਾਣ ਵਾਲਾ ਹਰ ਸਵਾਸ ਫਲ ਦੇਣ ਵਾਲਾ ਸਾਬਿਤ ਹੋਵੇ। ਗੁਰੂ ਨਾਨਕ ਸਾਹਿਬ ਨੇ ਤਾਂ ਮਨੁੱਖ ਦੇ ਜੀਵਨ ਨੂੰ ਮਾਤਰ ਇੱਕਦਮ ਦੀ ਮੁਹਲਤ ਦਿੰਦਿਆਂ ਵਚਨ ਕੀਤੇ, ਜੋ ਦਮ ਲਿਆ ਜਾ ਰਿਹਾ ਹੈ, ਉਸ ਦੀ ਪੂਰੀ ਸੰਭਾਲ ਕਰੇ। ਭਾਵ ਸੀ ਕਿ ਮਨੁੱਖੀ ਜੀਵਨ ਪੂਰੀ ਗੰਭੀਰਤਾ ਤੇ ਸੁਚੱਜੇ ਢੰਗ ਨਾਲ ਜਿਉਣ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕਰਨ ਤੋਂ ਬਾਅਦ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਨੇ ਜੀਵਨ ਦੇ ਅੰਤਿਮ ਚਰਣ ਵਿਚ ਦਮਦਮਾ ਸਾਹਿਬ ਵਿਖੇ ਸ਼ਾਮਲ ਕੀਤੀ ਸੀ। ਉਨ੍ਹਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ, ਗੁਰੂ ਸਾਹਿਬਾਨ ਦੇ ਲੋਕਾਈ 'ਤੇ ਕੀਤੇ ਉਪਕਾਰ ਆਪ ਵਰਤਦੇ ਵੇਖੇ ਸਨ। ਯਕੀਨੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਗੁਰ ਉਪਦੇਸ਼ਾਂ ਦਾ ਸਾਰ ਨਜ਼ਰ ਆਇਆ, ਤਾਂ ਹੀ ਉਨ੍ਹਾਂ ਨੌਵੇਂ ਪਾਤਸ਼ਾਹ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਸੰਪੂਰਨਤਾ ਪ੍ਰਦਾਨ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਰਚਨਾ ਕਾਲ ਸਭ ਤੋਂ ਆਧੁਨਿਕ ਹੀ ਨਹੀਂ, ਗੁਰਬਾਣੀ ਦਾ ਸਾਰ ਮੰਨਿਆ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਨੁੱਖ ਨਾਲ ਸਿਧੇ ਸੰਵਾਦ ਦੀ ਬਾਣੀ ਹੈ। ਰਾਗ ਜੈਜਾਵੰਤੀ ਅੰਦਰ ਮਾਤਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਹੈ। ਸੰਗੀਤ ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਜੈਜਾਵੰਤੀ ਰਾਗ ਦੀ ਰਚਨਾ ਵੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਕੀਤੀ ਸੀ। ਇਸ ਰਾਗ ਦੀ ਵਿਲੱਖਣਤਾ ਹੈ ਕਿ ਇਸ ਅੰਦਰ ਦੁੱਖ ਤੇ ਸੁੱਖ ਦੂਹਾਂ ਦੇ ਭਾਵ ਨਾਲੋਂ-ਨਾਲ ਪ੍ਰਵਾਹਮਾਨ ਹੁੰਦੇ ਹਨ। ਗੁਰੂ ਸਾਹਿਬ ਸਪੱਸ਼ਟ ਸੁਨੇਹਾ ਦੇਣਾ ਚਾਹੁੰਦੇ ਸਨ ਕਿ ਜੀਵਨ ਅੰਦਰ ਦੁੱਖ ਵੀ ਹਨ, ਤੇ ਸੁੱਖ ਵੀ ਹਨ। ਮਨੁੱਖ ਸੁੱਖ ਤੇ ਦੁੱਖ ਦੇ ਵਿਚਾਰ ਤੋਂ ਉੱਪਰ ਉੱਠ ਕੇ ਮਾਤਰ ਆਪਣਾ ਧਰਮ ਨਿਭਾਏ।

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥
(ਪੰਨਾ : ੧੩੫੨)

ਮਨੁੱਖ ਆਪਨੇ ਜੀਵਨ ਦਾ ਟੀਚਾ ਆਪ ਤੈਅ ਕਰਦਾ ਹੈ। ਕਿਸੇ ਨੂੰ ਧਨ ਚਾਹੀਦੇ, ਕਿਸੇ ਨੂੰ ਬਲ ਚਾਹੀਦੇ। ਕਿਸੇ ਨੂੰ ਸੰਸਾਰਕ ਵਿਦਵਤਾ ਚਾਹੀਦੀ ਹੈ, ਕਿਸੇ ਨੂੰ ਮਾਣ-ਸਨਮਾਨ ਚਾਹੀਦੇ। ਕੋਈ ਸੱਤਾ ਦਾ ਚਾਹਵਾਨ ਹੈ, ਕੋਈ ਵੱਡਾ ਧਰਮੀ ਅਖਵਾਉਣਾ ਚਾਹੁੰਦਾ ਹੈ। ਮਨੁੱਖ ਇਨ੍ਹਾਂ ਵਿਚ ਆਪਣਾ ਸੁੱਖ ਵੇਖਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਉਸ ਦੇ ਸਾਰੇ ਭਰਮ ਦੂਰ ਕਰਦਿਆਂ ਨਾਮ ਸਿਮਰਨ ਨੂੰ ਹੀ ਜੀਵਨ ਦਾ ਇੱਕੋ-ਇੱਕ ਕਾਰਜ ਦੱਸਦੇ ਹਨ। ਜੀਵਨ ਪ੍ਰਮਾਤਮਾ ਦਾ ਸਿਮਰਨ ਕਰਨ ਲਈ ਹੀ ਪ੍ਰਾਪਤ ਹੋਇਆ ਹੈ। ਮਨੁੱਖ ਆਤਮ ਚਿੰਤਨ ਕਰਦਾ ਰਹੇ ਕਿ ਉਸ ਦੇ ਜੀਵਨ ਦਾ ਕਿੰਨਾ ਸਮਾਂ ਪ੍ਰਮਾਤਮਾ ਦੀ ਭਗਤੀ ਵਿਚ ਲੱਗ ਰਿਹਾ ਹੈ ਕਿਉਂਕਿ ਇਹੋ ਸਫਲਤਾ ਦੀ ਪੌੜੀ ਹੈ। ਸੰਸਾਰਕ ਪਦਾਰਥ, ਸੰਸਾਰਕ ਤਾਕਤ ਪ੍ਰਾਪਤ ਕਰਨ ਨਾਲ ਜੀਵਨ ਨਹੀਂ ਸੰਵਰ ਸਕਦਾ। ਅਜਿਹੀਆਂ ਪ੍ਰਾਪਤੀਆਂ ਰਾਤ ਦੇ ਸੁਪਨੇ ਵਾਂਗੂੰ ਹਨ। ਇਨ੍ਹਾਂ 'ਤੇ ਮਾਣ ਕਰਨ ਦਾ ਕੋਈ ਕਾਰਨ ਨਹੀਂ ਹੈ ਕਿਉਂਕਿ ਇਹ ਰੇਤ ਦੀ ਉਸਾਰੀ ਕੰਧ ਦੀ ਤਰ੍ਹਾਂ ਢਹਿ-ਢੇਰੀ ਹੋ ਜਾਣ ਵਾਲੀਆਂ ਹਨ। ਭਾਵ ਸਦਾ ਨਾਲ ਨਹੀਂ ਰਹਿਣ ਵਾਲੀਆਂ। ਇਕ ਪ੍ਰਮਾਤਮਾ ਦਾ ਸਿਮਰਨ ਹੀ ਨਾਲ ਰਹਿਣ ਵਾਲਾ ਤੇ ਹਿਤ ਕਰਨ ਵਾਲਾ ਹੈ। ਜੀਵਨ ਦੇ ਅਸਲ ਮਨੋਰਥ ਨੂੰ ਸਮਝਣ ਵਾਲਾ ਮਨੁੱਖ ਵਿਕਾਰਾਂ, ਮਾਇਆ ਤੋਂ ਮੁਕਤ ਹੋ ਜਾਂਦਾ ਹੈ ਤੇ ਪ੍ਰਮਾਤਮਾ ਨੂੰ ਜੀਵਨ ਦਾ ਸਾਰਾ ਸਮਾਂ ਸਕਾਰਥ ਕਰਦਾ ਹੈ।

ਗੁਰੂ ਤੇਗ ਬਹਾਦਰ ਜੀ ਜਾਣਦੇ ਸਨ ਕਿ ਵਿਕਾਰਾਂ ਤੇ ਮਾਇਆ ਤੋਂ ਉਬਰਨਾ ਸੌਖਾ ਨਹੀਂ ਹੈ। ਇਨ੍ਹਾਂ 'ਚ ਫਸ ਕੇ ਮਨੁੱਖ ਜੀਵਨ ਦਾ ਅਨਮੋਲ ਸਮਾਂ ਵਿਅਰਥ ਗੁਆ ਦਿੰਦਾ ਹੈ। ਆਪ ਨੇ ਮਨੁੱਖ ਨੂੰ ਉਸ ਦੀ ਅਗਿਆਨਤਾ ਤੇ ਭਰਮ ਪ੍ਰਤੀ ਸੁਚੇਤ ਕਰਦਿਆਂ ਵਚਨ ਕੀਤੇ ਕਿ ਜੀਵਨ ਦਾ ਸਮਾਂ ਤੇਜ਼ੀ ਨਾਲ ਬਤੀਤ ਹੁੰਦਾ ਜਾ ਰਿਹਾ ਹੈ।

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ॥
(ਪੰਨਾ : ੧੩੫੨)

ਮਨੁੱਖ ਸੰਸਾਰਕ ਪ੍ਰਾਪਤੀਆਂ ਪ੍ਰਤੀ ਜਿੰਨਾ ਜਤਨਸ਼ੀਲ ਰਹਿੰਦਾ ਹੈ, ਆਤਮਿਕ ਪ੍ਰਾਪਤੀ ਲਈ ਓਨਾ ਹੀ ਅਵੇਸਲਾ ਨਜ਼ਰ ਆਉਂਦਾ ਹੈ। ਉਹ ਪ੍ਰਮਾਤਮਾ ਦੀ ਭਗਤੀ ਨੂੰ ਸਦਾ ਹੀ ਕੱਲ੍ਹ ਲਈ ਟਾਲ ਦਿੰਦਾ ਹੈ, ਜੋ ਕਦੇ ਵੀ ਨਹੀਂ ਆਉਂਦਾ। ਕਿਸੇ ਨੂੰ ਨਹੀਂ ਗਿਆਤ ਕਿ ਉਸ ਕੋਲ ਜੀਵਨ ਦਾ ਕਿੰਨਾ ਸਮਾਂ ਬਚਿਆ ਹੈ। ਮਨੁੱਖ ਕਦੇ ਜੀਵਨ ਦੇ ਅੰਤ ਬਾਰੇ ਨਹੀਂ ਸੋਚਦਾ ਤੇ ਸੰਸਾਰਕ ਕਾਰ ਵਿਹਾਰ ਨੂੰ ਅੱਗੇ ਰੱਖਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਉਸ ਦੀ ਮੂੜ੍ਹਤਾ ਹੈ। ਮਾਇਆ ਤੇ ਵਿਕਾਰਾਂ ਨੂੰ ਮਨੁੱਖ ਬਿਖ ਦੀ ਤਰ੍ਹਾਂ ਸਮਝ ਕੇ ਉਨ੍ਹਾਂ ਤੋਂ ਬਚੇ ਤੇ ਪ੍ਰਮਾਤਮਾ ਨਾਲ ਮਨ, ਤਨ ਜੋੜੇ। ਮਨੁੱਖ ਨੂੰ ਜਦੋਂ ਇਹ ਸਮਝ ਆ ਜਾਵੇ ਕਿ ਉਸ ਕੋਲ ਸਮਾਂ ਥੋੜਾ ਹੈ, ਤਾਂ ਹੀ ਉਹ ਇਹ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਜੋ ਕੰਮ ਉਸ ਦੇ ਜ਼ਿੰਮੇ ਹੈ, ਉਸ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਪੂਰਾ ਕਰ ਲਵੇ। ਇਹ ਕੰਮ ਹੈ ਪ੍ਰਮਾਤਮਾ ਦਾ ਸਿਮਰਨ ਜਿਸ ਵਿਚ ਉਸ ਦਾ ਹੀ ਹਿੱਤ ਨਿਹਿਤ ਹੈ।

**ਮਨੁੱਖ ਸੰਸਾਰਕ ਪ੍ਰਾਪਤੀਆਂ ਪ੍ਰਤੀ ਜਿੰਨਾ ਜਤਨਸ਼ੀਲ ਰਹਿੰਦਾ ਹੈ, ਆਤਮਿਕ ਪ੍ਰਾਪਤੀ ਲਈ ਓਨਾ ਹੀ ਅਵੇਸਲਾ ਨਜ਼ਰ ਆਉਂਦਾ ਹੈ। ਉਹ ਪ੍ਰਮਾਤਮਾ ਦੀ ਭਗਤੀ ਨੂੰ ਸਦਾ ਹੀ ਕੱਲ੍ਹ ਲਈ ਟਾਲ ਦਿੰਦਾ ਹੈ, ਜੋ ਕਦੇ ਵੀ ਨਹੀਂ ਆਉਂਦਾ। ਕਿਸੇ ਨੂੰ ਨਹੀਂ ਗਿਆਤ ਕਿ ਉਸ ਕੋਲ ਜੀਵਨ ਦਾ ਕਿੰਨਾ ਸਮਾਂ ਬਚਿਆ ਹੈ। ਮਨੁੱਖ ਕਦੇ ਜੀਵਨ ਦੇ ਅੰਤ ਬਾਰੇ ਨਹੀਂ ਸੋਚਦਾ ਤੇ ਸੰਸਾਰਕ ਕਾਰ ਵਿਹਾਰ ਨੂੰ ਅੱਗੇ ਰੱਖਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਉਸ ਦੀ ਮੂੜ੍ਹਤਾ ਹੈ। ਮਾਇਆ ਤੇ ਵਿਕਾਰਾਂ ਨੂੰ ਮਨੁੱਖ ਬਿਖ ਦੀ ਤਰ੍ਹਾਂ ਸਮਝ ਕੇ ਉਨ੍ਹਾਂ ਤੋਂ ਬਚੇ ਤੇ ਪ੍ਰਮਾਤਮਾ ਨਾਲ ਮਨ, ਤਨ ਜੋੜੇ। ਮਨੁੱਖ ਨੂੰ ਜਦੋਂ ਇਹ ਸਮਝ ਆ ਜਾਵੇ ਕਿ ਉਸ ਕੋਲ ਸਮਾਂ ਥੋੜਾ ਹੈ, ਤਾਂ ਹੀ ਉਹ ਇਹ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਜੋ ਕੰਮ ਉਸ ਦੇ ਜ਼ਿੰਮੇ ਹੈ, ਉਸ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਪੂਰਾ ਕਰ ਲਵੇ। ਇਹ ਕੰਮ ਹੈ ਪ੍ਰਮਾਤਮਾ ਦਾ ਸਿਮਰਨ ਜਿਸ ਵਿਚ ਉਸ ਦਾ ਹੀ ਹਿੱਤ ਨਿਹਿਤ ਹੈ।**

ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਮਨੁੱਖ ਚਿੰਤਾ ਕਰੇ ਕਿ ਜੀਵਨ ਬਤੀਤ ਹੋਣ ਤੋਂ ਬਾਅਦ ਉਸ ਦਾ ਕੀ ਨਿਬੇੜਾ ਹੋਣ ਵਾਲਾ ਹੈ। ਜੀਵਨ ਸੰਸਾਰਿਕ ਰੰਗ, ਰਸ ਵਿਚ ਹੀ ਚਲਾ ਗਿਆ ਤਾਂ ਆਵਾਗਮਨ ਦੇ ਫੇਰ ਤੋਂ ਨਿਕਲਣਾ ਸੰਭਵ ਨਹੀਂ ਹੋਵੇਗਾ। ਵਾਰ-ਵਾਰ ਜਨਮ-ਮਰਨ ਦੇ ਦੁੱਖ ਭੋਗਨੇ ਪੈਣਗੇ। ਸਦਾ ਅਗਿਆਨਤਾ ਤੇ ਭਰਮਾਂ ਵਿਚ ਹੀ ਭਟਕਣਾ ਪਵੇਗਾ।

ਰੇ ਮਨ ਕਉਨ ਗਤਿ ਹੋਇ ਹੈ ਤੇਰੀ॥
(ਪੰਨਾ : ੧੩੫੨)

ਮਨੁੱਖ ਜਰੂਰ ਸੋਚੇ ਕਿ ਉਹ ਜੀਵਨ ਵਿਚ ਕਿਹੇ-ਕਿਹੇ ਕਰਮ ਕਰ ਰਿਹਾ ਹੈ ਤੇ ਇਨ੍ਹਾਂ ਕਰਮਾਂ ਦਾ ਕੀ ਫਲ ਮਿਲਣ ਵਾਲਾ ਹੈ। ਗੁਰੂ ਸਾਹਿਬ ਨੇ ਮਾਇਆ ਦੇ ਮੋਹ ਵਿਚ ਪਏ ਮਨੁੱਖ ਲਈ ਅਤਿ ਮਹੱਤਵਪੂਰਨ ਗੱਲ ਕਹੀ ਕਿ ਜਿਸ ਮਾਇਆ ਪਿੱਛੇ ਪ੍ਰਮਾਤਮਾ ਨੂੰ ਵਿਸਾਰ ਕੇ ਉਹ ਜਨਮ ਅਕਾਰਥ ਕਰ ਰਿਹਾ ਹੈ, ਉਹ ਮਾਇਆ ਤਾਂ ਆਪ ਪ੍ਰਮਾਤਮਾ ਦੀ ਦਾਸੀ ਹੈ ਤੇ ਪ੍ਰਮਾਤਮਾ ਦੇ ਹੁਕਮ ਅੰਦਰ ਹੈ। ਪਰਿਵਾਰ ਦਾ ਮੋਹ ਵੀ ਮਾਇਆ ਕਾਰਨ ਹੀ ਹੈ, ਜੋ ਪੈਰਾਂ ਵਿਚ ਪਈ ਬੇੜੀਆਂ ਵਾਂਗੂੰ ਹੈ। ਇਹ ਬੇੜੀਆਂ ਮਨੁੱਖ ਨੂੰ ਪ੍ਰਮਾਤਮਾ ਦੇ ਮਾਰਗ 'ਤੇ ਚੱਲਣ ਤੋਂ ਵਰਜਦਿਆਂ ਹਨ। ਬਹੁਤ ਸਾਰੇ ਲੋਕ ਹਨ, ਜੋ ਕਦੇ ਵੀ ਪ੍ਰਮਾਤਮਾ ਦਾ ਧਿਆਨ ਨਹੀਂ ਕਰਦੇ। ਉਨ੍ਹਾਂ ਲਈ ਗੁਰੂ ਸਾਹਿਬ ਨੇ ਜ਼ੋਰ ਦਿੰਦਿਆਂ ਕਿਹਾ ਕਿ ਜਿਸ ਸੰਸਾਰ ਦੇ ਮੋਹ ਵਿਚ ਲੋਕ ਪਏ ਹੋਏ ਹਨ, ਉਹ ਸੰਸਾਰ ਤਾਂ ਸੁਪਨੇ ਦੀ ਤਰ੍ਹਾਂ ਮਿਥਿਆ ਹੈ। ਸੰਸਾਰ ਦਾ ਮੋਹ ਕੋਈ ਫਲ ਨਹੀਂ ਦਿੰਦਾ, ਸਗੋਂ ਗਿਆਨ ਤੇ ਵਿਵੇਕ ਤੋਂ ਦੂਰ ਕਰਨ ਵਾਲਾ ਸਾਬਿਤ ਹੁੰਦਾ ਹੈ। ਮਨੁੱਖ ਸੰਸਾਰਿਕ ਜੀਵਨ ਦੀ ਨਹੀਂ, ਜੀਵਨ ਦੀ ਅਵਧੀ ਪੂਰੀ ਹੋਣ ਤੋਂ ਬਾਅਦ ਹੋਣ ਵਾਲੇ ਲੇਖੇ-ਜੋਖੇ ਦੀ ਚਿੰਤਾ ਕਰੇ।

ਹਰ ਜੀਅ, ਜਿਸ ਦਾ ਜਨਮ ਹੋਇਆ ਹੈ, ਉਸ ਦਾ ਅੰਤ ਹੋਣਾ ਹੀ ਹੈ। ਮਨੁੱਖ ਸਦਾ ਕਾਲ ਨੂੰ ਯਾਦ ਰੱਖੇ।

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹੁ॥
(ਪੰਨਾ : ੧੩੫੩)

ਅਗਿਆਨੀ ਮਨੁੱਖ ਆਪਨੇ ਤਨ ਨੂੰ ਹੀ ਆਪਨੇ ਵਜੂਦ ਦੇ ਤੌਰ 'ਤੇ ਵੇਖਦਾ ਹੈ। ਉਹ ਭਵਿੱਖ ਲਈ ਕਾਰਜ ਕਰਦਾ ਹੈ ਪਰ ਇਹ ਧਿਆਨ ਨਹੀਂ ਰੱਖਦਾ ਕਿ ਸੰਸਾਰ ਅੰਦਰ ਕਿੰਨਾ ਜੀਉਣਾ ਹੈ। ਇਹ ਤਨ ਤਾਂ ਭਸਮ ਹੋ ਜਾਣਾ ਹੈ। ਮਨੁੱਖ ਕਾਲ ਤੋਂ ਬਚ ਕੇ ਕਿਧਰੇ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਕਿਹਾ ਕਿ ਆਪਣੇ ਤਨ 'ਤੇ ਮਾਣ ਕਰਨ ਦੀ ਥਾਂ ਮਨੁੱਖ ਪ੍ਰਮਾਤਮਾ ਨੂੰ ਮਨ ਵਿਚ ਵਸਾਏ ਤੇ ਭਗਤੀ ਵਿਚ ਹੀ ਜੀਵਨ ਬਤੀਤ ਕਰੇ। ਇਹੋ ਸੁਚੱਜਾ ਜੀਵਨ ਢੰਗ ਹੈ।

ਧਰਮ ਦੇ ਮਾਰਗ 'ਤੇ ਚੱਲਣ ਲਈ ਸਾਫ਼ ਤੇ ਸਪੱਸ਼ਟ ਦ੍ਰਿਸ਼ਟੀ ਧਾਰਨ ਕਰਨ ਦੀ ਲੋੜ ਹੈ। ਮਨੁੱਖ ਸਮਝੇ ਕਿ ਉਸ ਦਾ ਜੀਵਨ ਪ੍ਰਮਾਤਮਾ ਦੀ ਭਗਤੀ ਲਈ ਹੀ ਬਣਿਆ ਹੈ। ਜੀਵਨ ਦਾ ਸਮਾਂ ਬਹੁਤ ਅਨਮੋਲ ਤੇ ਸੀਮਤ ਹੈ, ਜਿਸ ਦੀ ਸੰਭਾਲ ਪ੍ਰਮਾਤਮਾ ਦਾ ਧਿਆਨ ਕਰਕੇ ਹੀ ਕੀਤੀ ਜਾ ਸਕਦੀ ਹੈ। ਮਨੁੱਖ ਇਸ ਲੋਕ ਦੀ ਨਹੀਂ, ਪਰਲੋਕ ਦੀ ਚਿੰਤਾ ਕਰੇ। ਅਜਿਹੇ ਕਾਰਜ ਕਰੇ ਜੋ ਪਰਲੋਕ ਸੰਵਾਰਨ ਵਾਲੇ ਹੋਣ। ਪ੍ਰਮਾਤਮਾ ਦੀ ਭਗਤੀ ਬਿਨਾ ਜਨਮ ਅਕਾਰਥ ਚਲਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਰਾਗ ਜੈਜਾਵੰਤੀ ਹੇਠ ਦਰਜ ਬਾਣੀ ਅੰਦਰ ਸੰਸਾਰ ਦਾ ਨਾਸ਼ਵਾਨ ਰੂਪ ਵੀ ਪ੍ਰਗਟ ਹੋਇਆ ਹੈ ਤੇ ਵਿਕਾਰਾਂ ਤੇ ਮਾਇਆ ਦਾ ਮਨੁੱਖ 'ਤੇ ਪੈਣ ਵਾਲਾ ਗਹਿਰਾ ਅਸਰ ਵੀ। ਗੁਰੂ ਸਾਹਿਬ ਦੀ ਬਾਣੀ ਅੰਦਰ ਵਿਕਾਰਾਂ ਤੇ ਮਾਇਆ ਮੋਹ ਦਾ ਭਰਮ ਵੀ ਟੁੱਟਦਾ ਨਜ਼ਰ ਆਉਂਦਾ ਹੈ ਤੇ ਜੀਵਨ ਜਿਊਣ ਦੀ ਸੱਚੀ ਰਾਹ ਵੀ ਵਿਖਾਈ ਦਿੰਦੀ ਹੈ। ਇਹ ਮਨੁੱਖ ਨੂੰ ਅਗਿਆਨਤਾ ਦੀ ਨੀਂਦ ਤੋਂ ਜਗਾਉਣ ਵਾਲੀ ਤੇ ਪ੍ਰੇਮਮਈ ਝਿੜਕਾਂ ਦੇ ਕੇ ਸੁਚੇਤ ਕਰਨ ਵਾਲੀ ਬਾਣੀ ਵੀ ਹੈ। ਇਹ ਰੋਜ਼ਾਨਾ ਚਿੰਤਨ ਦੀ ਪ੍ਰੇਰਨਾ ਹੈ ਤੇ ਕਿਸੇ ਵੀ ਪਲ ਅਵੇਸਲਾ ਨਾ ਹੋਣ ਦੇਣ ਦੀ ਪੁਕਾਰ ਵੀ ਹੈ। ਗੁਰੂ ਤੇਗ ਬਹਾਦਰ ਜੀ ਦੀ ਇਹ ਬਾਣੀ ਜਿਸ ਸੰਸਾਰ ਦਾ ਸੱਚ ਪ੍ਰਗਟ ਕਰ ਜੀਵਨ ਅੰਦਰ ਵੈਰਾਗ ਪੈਦਾ ਕਰਦੀ ਹੈ, ਉਹੀ ਬਾਣੀ ਪ੍ਰਮਾਤਮਾ ਲਈ ਪ੍ਰੇਮ ਭਾਵਨਾ ਪੈਦਾ ਕਰ ਜੀਵਨ ਦੇ ਵੈਰਾਗ ਨੂੰ ਪ੍ਰਮਾਤਮਾ ਨਾਲ ਮੇਲ ਦਾ ਚਾਉ ਤੇ ਆਨੰਦ ਵੀ ਪੈਦਾ ਕਰਦੀ ਹੈ।

## ਅਮਰ ਕਥਾਵਾਂ (ਬਾਲ ਕਹਾਣੀਆਂ)

# ਸੁਣਨਾ ਵੀ ਸਿੱਖੋ


-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254
ਪੰਜਾਬ ਮੇਲ USA




ਇੱਕ ਦਿਨ ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਦੋ ਵਿਦਵਾਨ ਪੰਡਤ ਆਏ। ਉਨ੍ਹਾਂ ਦੇ ਨਾਂਅ ਸਨ ਬਾਲਾ ਜੀ ਅਤੇ ਕਿਸ਼ਨਾ ਜੀ। ਉਨ੍ਹਾਂ ਨੇ ਹਿੰਦੂ ਧਰਮ ਦੇ ਸਾਰੇ ਗ੍ਰੰਥ ਵੇਦ, ਸ਼ਾਸਤਰ ਅਤੇ ਪੁਰਾਣ ਪੜ੍ਹੇ ਹੋਏ ਸਨ। ਉਹ ਇਨ੍ਹਾਂ ਗ੍ਰੰਥਾਂ ਦੀ ਕਥਾ ਵੀ ਕਰਦੇ ਸਨ। ਉਨ੍ਹਾਂ ਦੀ ਕਥਾ ਸੁਣ ਕੇ ਲੋਕਾਂ ’ਤੇ ਬੜਾ ਪ੍ਰਭਾਵ ਪੈਂਦਾ ਸੀ। ਉਨ੍ਹਾਂ ਨੂੰ ਕਥਾ ਕਰਨ ’ਤੇ ਚੰਗੀ ਆਮਦਨ ਵੀ ਹੁੰਦੀ ਸੀ। ਉਨ੍ਹਾਂ ਦੀ ਕਥਾ ਸੁਣ ਕੇ ਕਈ ਵਿਅਕਤੀਆਂ ਦੇ ਜੀਵਨ ਵਿਚ ਸੁਧਾਰ ਵੀ ਹੋ ਗਿਆ ਸੀ। ਉਹ ਮਾੜੇ ਕੰਮ ਕਰਨੇ ਛੱਡ ਗਏ ਸਨ।

ਵਿਦਵਾਨ ਪੰਡਤ ਹੋਣ ਕਰ ਕੇ ਗੁਰੂ ਜੀ ਉਨ੍ਹਾਂ ਦੇ ਆਉਣ ’ਤੇ ਬੜੇ ਪ੍ਰਸੰਨ ਹੋਏ। ਗੁਰੂ ਜੀ ਦੇ ਦਰਸ਼ਨ ਕਰਨ ਨਾਲ ਉਨ੍ਹਾਂ ਨੂੰ ਵੀ ਬੜੀ ਖੁਸ਼ੀ ਹੋਈ। ਲੰਗਰ ਛਕ ਕੇ ਅਤੇ ਸੰਗਤ ਵਿਚ ਬੈਠ ਕੇ ਗੁਰੂ ਜੀ ਦੇ ਵਿਚਾਰ ਸੁਣ ਕੇ ਉਹ ਮੋਹਿਤ ਹੋ ਗਏ।

ਬਾਲਾ ਜੀ ਨੇ ਉੱਠ ਕੇ ਗੁਰੂ ਜੀ ਨੂੰ ਬੇਨਤੀ ਕੀਤੀ, “ਜੀ ਅਸੀਂ ਵੇਦਾਂ-ਸ਼ਾਸਤਰਾਂ ਅਤੇ ਪੁਰਾਣਾਂ ਦੀ ਕਥਾ ਕਰਦੇ ਹਾਂ। ਸੁਣਨ ਵਾਲੇ ਮੰਤਰ-ਮੁਗਧ ਹੋ ਜਾਂਦੇ ਹਨ। ਸਾਡੇ ਅੱਗੇ ਚੰਗੀ ਮਾਇਆ ਵੀ ਭੇਟ ਕਰਦੇ ਹਨ। ਪਰ ਪਤਾ ਨਹੀਂ ਕਿਉਂ ਸਾਡਾ ਆਪਣਾ ਮਨ ਟਿਕਦਾ ਨਹੀਂ। ਇੱਧਰ-ਉੱਧਰ ਦੌੜਿਆ ਫਿਰਦਾ ਹੈ। ਆਪ ਜੀ ਕਿਰਪਾ ਕਰ ਕੇ ਦੱਸੋ ਕਿ ਸਾਨੂੰ ਮਨ ਦੀ ਸ਼ਾਂਤੀ ਕਿਉਂ ਨਹੀਂ ਮਿਲਦੀ ?”

ਗੁਰੂ ਜੀ ਨੇ ਮੁਸਕਰਾ ਕੇ ਉੱਤਰ ਦਿੱਤਾ, “ਤੁਸੀਂ ਦੂਜਿਆਂ ਨੂੰ ਗ੍ਰੰਥਾਂ ਦੀ ਕਥਾ ਸੁਣਾਉਂਦੇ ਹੋ ਪਰ ਆਪ ਨਹੀਂ ਸੁਣਦੇ। ਸੁਣਾਉਣ ਦੇ ਨਾਲ-ਨਾਲ ਸੁਣਨਾ ਵੀ ਸਿੱਖੋ। ਗ੍ਰੰਥਾਂ ਦਾ ਉਪਦੇਸ਼ ਸੁਣੋਗੇ ਤਾਂ ਸਮਝੋਗੇ। ਸਮਝੋਗੇ ਤਾਂ ਮੰਨੋਗੇ। ਮੰਨੋਗੇ ਤਾਂ ਅਮਲ ਕਰੋਗੇ। ਅਮਲ ਕਰੋਗੇ ਤਾਂ ਵਿਕਾਰ ਹਟਣਗੇ। ਵਿਕਾਰ ਹਟਣਗੇ ਤਾਂ ਮੰਦੇ ਕੰਮ ਹੋਣੇ ਵੀ ਰੁਕਣਗੇ। ਫਿਰ ਮਨ ਨੂੰ ਸ਼ਾਂਤੀ ਮਿਲ ਜਾਵੇਗੀ। ਮਨ ਪ੍ਰਮਾਤਮਾ ਵਿਚ ਟਿਕ ਜਾਵੇਗਾ।”

ਗੁਰੂ ਜੀ ਨੇ ਬਚਨ ਸੁਣ ਕੇ ਬਾਲਾ ਜੀ ਅਤੇ ਕਿਸ਼ਨਾ ਜੀ ਨੂੰ ਸੋਝੀ ਆ ਗਈ। ਸੁਣਾਉਣ ਦੇ ਨਾਲ-ਨਾਲ ਸੁਣਨ ਦਾ ਢੰਗ ਵੀ ਪਤਾ ਲੱਗ ਗਿਆ। ਕੁਝ ਦਿਨ ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਉਨ੍ਹਾਂ ਦਾ ਜੀਵਨ ਸੁਧਰ ਗਿਆ। ਉਹ ਆਪ ਵੀ ਧਰਮ-ਗ੍ਰੰਥਾਂ ਦੇ ਪੜ੍ਹੇ ਹੋਏ ਉਪਦੇਸ਼ ਨੂੰ ਜ਼ਿੰਦਗੀ ਵਿਚ ਕਮਾਉਣ ਲੱਗ ਪਏ।

ਆਮ ਤੌਰ ’ਤੇ ਹੁੰਦਾ ਇਹੀ ਹੈ ਕਿ ਮਾਪੇ ਬੱਚਿਆਂ ਨੂੰ ਕਹਿੰਦੇ ਹਨ ‘ਸੱਚ ਬੋਲੋ।’ ਆਪ ਉਹ ਬੱਚਿਆਂ ਦੇ ਸਾਹਮਣੇ ਹੀ ਝੂਠ ਬੋਲੀ ਜਾਂਦੇ ਹਨ। ਪਿਤਾ ਆਪ ਨਸ਼ੇ ਕਰਦਾ ਹੈ ਪਰ ਬੱਚਿਆਂ ਨੂੰ ਸਮਝਾਉਂਦਾ ਹੈ ਕਿ ਨਸ਼ੇ ਨਹੀਂ ਕਰਨੇ। ਚੰਗੀਆਂ ਗੱਲਾਂ ਦਾ ਉਪਦੇਸ਼ ਸਿਰਫ਼ ਦੂਜਿਆਂ ਨੂੰ ਕਰਨ ਲਈ ਨਹੀਂ ਹੁੰਦਾ, ਆਪਣੇ ਲਈ ਵੀ ਹੁੰਦਾ ਹੈ। ਆਓ ਆਪਾਂ ਸਾਰੇ ਚੰਗਾ ਉਪਦੇਸ਼ ਸੁਣਾਉਣ ਦੇ ਨਾਲ-ਨਾਲ ਸੁਣਨਾ ਵੀ ਸਿੱਖੀਏ।

### ਬਚਨ ਦੀ ਪਾਲਣਾ

ਬੁੱਧ ਧਰਮ ਦੇ ਬਾਨੀ ਮਹਾਤਮਾ ਬੁੱਧ ਜੀ ਬਿਹਾਰ ਰਾਜ ਦੇ ਵੈਸ਼ਾਲੀ ਸ਼ਹਿਰ ਵਿਚ ਪਹੁੰਚੇ। ਉਹ ਆਪਣੇ ਖਾਸ ਚੇਲਿਆਂ ਸਮੇਤ ਇੱਕ ਬਾਗ ਵਿਚ ਠਹਿਰੇ। ਇਹ ਬਾਗ ਵੈਸ਼ਾਲੀ ਸ਼ਹਿਰ ਦੀ ਪ੍ਰਸਿੱਧ ਨਾਰੀ ਆਮਰਪਾਲੀ ਦਾ ਸੀ। ਇਹ ਦੇਖ ਕੇ ਵੈਸ਼ਾਲੀ ਦੇ ਲੋਕ ਹੈਰਾਨ ਸਨ। ਏਨੇ ਪਹੁੰਚੇ ਹੋਏ ਮਹਾਤਮਾ ਤੇ ਠਹਿਰੇ ਉਹ ਇੱਕ ਨੱਚਣ ਵਾਲੀ ਦੇ ਬਾਗ ਵਿਚ!

ਆਮਰਪਾਲੀ ਨੂੰ ਪਤਾ ਲੱਗਿਆ। ਉਹ ਆਪਣੇ ਗਹਿਣੇ ਉਤਾਰ ਕੇ ਸਾਦੇ ਕੱਪੜਿਆਂ ਵਿਚ ਦਰਸ਼ਨਾਂ ਲਈ ਆਈ। ਬੁੱਧ ਜੀ ਨੇ ਉਸ ਨੂੰ ਜਵਾਨੀ ਦਾ ਲੰਘ ਰਿਹਾ ਸਮਾਂ ਚੰਗੇ ਕੰਮਾਂ ਵਿਚ ਲਾਉਣ ਦਾ ਉਪਦੇਸ਼ ਦਿੱਤਾ।

ਆਮਰਪਾਲੀ ਨੇ ਦਿਲ ਵਿਚ ਸੋਚਿਆ, ‘ਇਹ ਮਹਾਤਮਾ ਹਨ। ਇਹ ਮੇਰੇ ਘਰ ਭੋਜਨ ਕਰਨ ਨਹੀਂ ਆਉਣਗੇ।’ ਫਿਰ ਵੀ ਉਸ ਨੇ ਝਿਜਕਦੇ ਹੋਏ ਬੇਨਤੀ ਕੀਤੀ, “ਮਹਾਤਮਾ ਜੀ, ਮੇਰੇ ਘਰ ਚਰਨ ਪਾਓ। ਮੈਂ ਆਪ ਜੀ ਨੂੰ ਭੋਜਨ ਛਕਾਉਣਾ ਚਾਹੁੰਦੀ ਹਾਂ।”

ਮਹਾਤਮਾ ਜੀ ਨੇ ਮੁਸਕਰਾ ਕੇ ਉੱਤਰ ਦਿੱਤਾ, “ਆਮਰਪਾਲੀ, ਅਸੀਂ ਕੱਲ੍ਹ ਨੂੰ ਹੀ ਤੇਰੇ ਘਰ ਭੋਜਨ ਛਕਣ ਲਈ ਆਵਾਂਗੇ। ਸਾਦਾ ਭੋਜਨ ਤਿਆਰ ਕਰੀਂ।”

ਆਮਰਪਾਲੀ ਗਦ-ਗਦ ਹੋਈ ਆਪਣੇ ਘਰ ਨੂੰ ਮੁੜ ਰਹੀ ਸੀ। ਰਾਹ ਵਿਚ ਉਸ ਨੂੰ ਵੈਸ਼ਾਲੀ ਦੇ ਰਾਜਕੁਮਾਰ ਮਿਲੇ। ਉਹ ਵੀ ਬੁੱਧ ਜੀ ਦੇ ਦਰਸ਼ਨਾਂ ਲਈ ਜਾ ਰਹੇ ਸਨ। ਆਮਰਪਾਲੀ ਨੇ ਚਾਈਂ-ਚਾਈਂ ਰਾਜਕੁਮਾਰ ਨੂੰ ਦੱਸਿਆ, “ਕੱਲ੍ਹ ਨੂੰ ਮਹਾਤਮਾ ਜੀ ਮੇਰੇ ਘਰ ਭੋਜਨ ਛਕਣਗੇ।”

ਰਾਜਕੁਮਾਰ ਨੇ ਉਸ ਨੂੰ ਕਿਹਾ, “ਆਮਰਪਾਲੀ, ਇਹ ਗੁਨਾਹ ਨਾ ਕਰ। ਇੱਕ ਨਾਚੀ ਹੋ ਕੇ ਤੂੰ ਮਹਾਤਮਾ ਜੀ ਨੂੰ ਭੋਜਨ ਕਰਾਏਂਗੀ! ਇਹ ਠੀਕ ਨਹੀਂ। ਮੈਂ ਤੈਨੂੰ ਸੋਨੇ-ਚਾਂਦੀ ਦੇ ਕੁਝ ਗਹਿਣੇ ਦੇ ਦਿੰਦਾ ਹਾਂ। ਤੂੰ ਆਪਣਾ ਭੋਜਨ ਕਰਾਉਣ ਦਾ ਸੱਦਾ ਵਾਪਸ ਲੈ ਲੈ।”

ਆਮਰਪਾਲੀ ਨਹੀਂ ਮੰਨੀ। ਉਸ ਨੇ ਰਾਜਕੁਮਾਰ ਨੂੰ ਉੱਤਰ ਦਿੱਤਾ, “ਸੋਨੇ-ਚਾਂਦੀ ਨਾਲੋਂ ਕਿਤੇ ਵੱਡੀ ਗੱਲ ਹੈ ਮਹਾਤਮਾ ਜੀ ਦਾ ਮੇਰੇ ਘਰ ਭੋਜਨ ਕਰਨਾ। ਇਹ ਮੇਰੀ ਖੁਸ਼ਕਿਸਮਤੀ ਹੈ। ਮੈਂ ਇਸ ਸੇਵਾ ਦੇ ਮੌਕੇ ਨੂੰ ਆਪਣੇ ਹੱਥੋਂ ਨਹੀਂ ਜਾਣ ਦਿਆਂਗੀ।”

ਰਾਜਕੁਮਾਰ ਬੁੱਧ ਜੀ ਪਾਸ ਪਹੁੰਚਿਆ। ਉਨ੍ਹਾਂ ਦੇ ਦਰਸ਼ਨ ਕੀਤੇ। ਉਨ੍ਹਾਂ ਨੂੰ ਬੇਨਤੀ ਕੀਤੀ, “ਮਹਾਰਾਜ, ਕੱਲ੍ਹ ਨੂੰ ਸਾਡੇ ਘਰ ਚਰਨ ਪਾਓ। ਭੋਜਨ ਛਕ ਕੇ ਸਾਨੂੰ ਨਿਹਾਲ ਕਰੋ।”

ਬੁੱਧ ਜੀ ਨੇ ਉੱਤਰ ਦਿੱਤਾ, “ਕੱਲ੍ਹ ਨੂੰ ਤਾਂ ਅਸੀਂ ਆਮਰਪਾਲੀ ਦੇ ਘਰ ਭੋਜਨ ਕਰਨਾ ਹੈ। ਪਰਸੋਂ ਨੂੰ ਆ ਸਕਦੇ ਹਾਂ।”

ਰਾਜਕੁਮਾਰ ਨੇ ਆਪਣੀ ਗੱਲ ਮਨਾਉਣ ਦੀ ਕੋਸ਼ਿਸ਼ ਕਰਦਿਆਂ ਬੁੱਧ ਜੀ ਨੂੰ ਕਿਹਾ, “ਮਹਾਰਾਜ, ਉਹ ਇੱਕ ਨੱਚਣ ਵਾਲੀ ਹੈ। ਆਪ ਜੀ ਦਾ ਉਹਦੇ ਘਰ ਭੋਜਨ ਕਰਨ ਜਾਣਾ ਠੀਕ ਨਹੀਂ। ਉਸ ਨੂੰ ਇਨਕਾਰ ਕਰ ਦਿਓ।”

ਮਹਾਤਮਾ ਬੁੱਧ ਜੀ ਬੋਲੇ, “ਨਹੀਂ ਰਾਜਕੁਮਾਰ। ਅਸੀਂ ਆਮਰਪਾਲੀ ਨੂੰ ਬਚਨ ਦੇ ਚੁੱਕੇ ਹਾਂ। ਬਚਨ ਤੋਂ ਪਿੱਛੇ ਹਟਣਾ ਸ਼ੋਭਾ ਨਹੀਂ ਦਿੰਦਾ। ਅਸੀਂ ਇਨਕਾਰ ਕਰ ਕੇ ਉਸ ਦਾ ਦਿਲ ਵੀ ਨਹੀਂ ਦੁਖਾ ਸਕਦੇ।”

ਅਗਲੇ ਦਿਨ ਮਹਾਤਮਾ ਬੁੱਧ ਜੀ ਆਪਣੇ ਚਾਰ ਚੇਲਿਆਂ ਸਮੇਤ ਆਮਰਪਾਲੀ ਦੇ ਘਰ ਗਏ। ਆਮਰਪਾਲੀ ਨੂੰ ਚੰਗੇ ਗੁਣ ਧਾਰਨ ਕਰਨ ਦਾ ਉਪਦੇਸ਼ ਵੀ ਦਿੱਤਾ।

ਆਮਰਪਾਲੀ ਨੇ ਆਪਣਾ ਘਰ ਅਤੇ ਬਾਗ ਦੋਵੇਂ ਹੀ ਬੁੱਧ ਧਰਮ ਦੇ ਮੱਠ ਲਈ ਭੇਂਟ ਕਰ ਦਿੱਤੇ। ਉਹ ਬੁੱਧ ਧਰਮ ਦੀ ਪ੍ਰਚਾਰਕ ਬਣ ਗਈ। ਉਸ ਨੇ ਬੁੱਧ ਧਰਮ ਦੀ ਬੜੀ ਉੱਚੀ ਪਦਵੀ ‘ਅਰਹੰਤ’ ਪ੍ਰਾਪਤ ਕੀਤੀ। ਬੁੱਧ ਜੀ ਨੇ ਜਿਹੜਾ ਉਪਦੇਸ਼ ਉਸ ਨੂੰ ਦਿੱਤਾ, ਉਹ ਹੁਣ ਵੀ ‘ਆਮਰਪਾਲੀ ਸੂਤਰ’ ਜਾਂ ‘ਅੰਬਾਪਾਲੀ ਸੂਤਰ’ ਦੇ ਨਾਂਅ ਨਾਲ ਪ੍ਰਸਿੱਧ ਹੈ। ਵੈਸ਼ਾਲੀ ਵਿਚ ਬਹੁਤ ਲੋਕ ਉਸ ਨੂੰ ‘ਅੰਬਾਪਾਲੀ’ ਵੀ ਕਹਿੰਦੇ ਹਨ।

ਮਹਾਤਮਾ ਬੁੱਧ ਜੀ ਦੇ ਦਇਆ ਅਤੇ ਹਮਦਰਦੀ ਭਰੇ ਵਿਹਾਰ ਨੇ ਆਮਰਪਾਲੀ ਦਾ ਜੀਵਨ ਬਦਲ ਕੇ ਰੱਖ ਦਿੱਤਾ। ਉਸ ਦੇ ਜੀਵਨ ਨੂੰ ਚੰਗੇ ਗੁਣਾਂ ਨਾਲ ਮਾਲਾ-ਮਾਲ ਕਰ ਦਿੱਤਾ। ਮਹਾਂਪੁਰਸ਼ ਕਿਸੇ ਪ੍ਰਤੀ ਵੀ ਨਫ਼ਰਤ ਦੀ ਭਾਵਨਾ ਨਹੀਂ ਰੱਖਦੇ। ਉਨ੍ਹਾਂ ਨੇ ਤਾਂ ਠੀਕ ਰਾਹ ਤੋਂ ਭਟਕੇ ਹੋਏ ਵਿਅਕਤੀਆਂ ਨੂੰ ਸਿੱਧੇ ਰਸਤੇ ਪਾਉਣਾ ਹੁੰਦਾ ਹੈ। ਉਨ੍ਹਾਂ ਦੀ ਨਜ਼ਰ ਵਿਚ ਸਾਰੇ ਮਨੁੱਖ ਇੱਕ-ਸਮਾਨ ਹੁੰਦੇ ਹਨ। ਉਹ ਕਿਸੇ ਕਿਸਮ ਦਾ ਭਿੰਨ-ਭੇਦ ਨਹੀਂ ਰੱਖਦੇ।

### ਸੜਕਾਂ ’ਤੇ ਪਏ ਰੋੜੇ

ਅਪਾਹਜਾਂ, ਯਤੀਮਾਂ, ਰੋਗੀਆਂ ਅਤੇ ਗਰੀਬਾਂ ਦੇ ਹਮਦਰਦ ਸਨ ਭਗਤ ਪੂਰਨ ਸਿੰਘ ਜੀ। ਇਨ੍ਹਾਂ ਦੀ ਸੇਵਾ ਲਈ ਉਨ੍ਹਾਂ ਨੇ ‘ਪਿੰਗਲਵਾੜਾ’ ਖੋਲ੍ਹਿਆ। ਉਹ ਮਾਨਵਤਾ ਨੂੰ ਦੁੱਖ ਦੇਣ ਵਾਲੀਆਂ ਨਿੱਕੀਆਂ-ਨਿੱਕੀਆਂ ਗੱਲਾਂ ਬਾਰੇ ਵੀ ਬੜੇ ਸੁਚੇਤ ਸਨ। ਸੜਕਾਂ ’ਤੇ ਤੁਰਦਿਆਂ ਉਹ ਰਾਹ ਵਿਚ ਪਈਆਂ ਕਿੱਲਾਂ ਚੁੱਕ ਲੈਂਦੇ। ਇੱਟਾਂ ਦੇ ਟੁਕੜੇ, ਰੋੜੇ ਅਤੇ ਨਿੱਕੇ-ਨਿੱਕੇ ਪੱਥਰ ਵੀ ਚੁੱਕ ਲੈਂਦੇ। ਕਿਤੇ ਗੋਬਰ ਪਿਆ ਦੇਖਦੇ ਤਾਂ ਉਹ ਖੇਤਾਂ ਵਿਚ ਪਾਉਣ ਲਈ ਚੁੱਕ ਲੈਂਦੇ। ਕਿਤੇ ਕੇਲੇ ਦੇ ਛਿਲਕੇ ਸੁੱਟੇ ਹੋਏ ਦੇਖਦੇ ਤਾਂ ਚੁੱਕ ਲੈਂਦੇ ਤਾਂ ਕਿ ਕੋਈ ਤਿਲਕ ਕੇ ਸੱਟ ਨਾ ਖਾ ਲਵੇ। ਉਹ ਰਾਹੀਆਂ ਦਾ ਖਿਆਲ ਰੱਖਦੇ ਕਿ ਉਨ੍ਹਾਂ ਦੇ ਪੈਰਾਂ ਵਿਚ ਤੁਰਦਿਆਂ ਕੋਈ ਚੀਜ਼ ਨਾ ਚੁੱਭੇ।

ਭਗਤ ਪੂਰਨ ਸਿੰਘ ਜੀ ਇਹ ਸਾਰਾ ਕੁਝ ਇਕੱਠਾ ਕਰ ਕੇ ਆਪਣੀ ਰਹਿਣ ਵਾਲੀ ਥਾਂ ’ਤੇ ਲੈ ਆਉਂਦੇ। ਕੁਝ ਸਮਾਂ ਪਾ ਕੇ ਕਿੱਲਾਂ, ਰੋੜਿਆਂ, ਪੱਥਰਾਂ ਅਤੇ ਇੱਟਾਂ ਦੇ ਟੁਕੜਿਆਂ ਦਾ ਵੱਡਾ ਢੇਰ ਲੱਗ ਗਿਆ। ‘ਬੂੰਦ ਬੂੰਦ ਨਾਲ ਸਾਗਰ ਬਣ ਜਾਂਦਾ ਹੈ’ ਵਾਲੀ ਕਹਾਵਤ ਸੱਚ ਹੋ ਗਈ।

ਪਿੰਗਲਵਾੜੇ ਦੀ ਪਹਿਲੀ ਇਮਾਰਤ ਬਣਨੀ ਸ਼ੁਰੂ ਹੋਈ। ਉਸ ਇਮਾਰਤ ਦਾ ਸਾਰਾ ਫ਼ਰਸ਼ ਸੜਕਾਂ ਤੋਂ ਇਕੱਠੇ ਕੀਤੇ ਹੋਏ ਢੇਰ ਨਾਲ ਹੀ ਪੈ ਗਿਆ। ਦੇਖਣ ਵਾਲੇ ਬੜੇ ਹੈਰਾਨ ਸਨ। ਭਗਤ ਪੂਰਨ ਸਿੰਘ ਜੀ ਬੜੇ ਖੁਸ਼ ਸਨ। ਖੁਸ਼ੀ ਵੀ ਦੂਹਰੀ ਸੀ। ਇੱਕ ਤਾਂ ਇਹ ਤਿੱਖੀਆਂ ਚੀਜ਼ਾਂ ਚੁੱਕਣ ਕਰ ਕੇ ਰਾਹੀਆਂ ਦੇ ਪੈਰਾਂ ਦਾ ਬਚਾਅ ਹੋ ਗਿਆ ਸੀ। ਦੂਜੇ ਇਨ੍ਹਾਂ ਚੀਜ਼ਾਂ ਦੇ ਢੇਰ ਨਾਲ ਅਪਾਹਜਾਂ ਅਤੇ ਯਤੀਮਾਂ ਦੇ ਘਰ ਪਿੰਗਲਵਾੜੇ ਦੀ ਇਮਾਰਤ ਦਾ ਫ਼ਰਸ਼ ਪੈ ਗਿਆ ਸੀ। ਭਗਤ ਜੀ ਵੱਲੋਂ ਦਿਨ-ਰਾਤ ਕੀਤੀ ਗਈ ਇਸ ਸੇਵਾ ਨੇ ਆਪਣਾ ਰੰਗ ਵਿਖਾ ਦਿੱਤਾ ਸੀ।

ਸਾਨੂੰ ਵੀ ਭਗਤ ਪੂਰਨ ਸਿੰਘ ਜੀ ਦੇ ਜੀਵਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਮਾਨਵਤਾ ਦੀ ਸੇਵਾ ਵਿਚ ਸਾਨੂੰ ਵੀ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ। ਕਿਸੇ ਦੁਖੀ, ਬਜ਼ੁਰਗ ਅਤੇ ਲੋੜਵੰਦ ਦੀ ਥੋੜ੍ਹੀ ਜਿਹੀ ਮਦਦ ਵੀ ਉਨ੍ਹਾਂ ਦੇ ਲਈ ਵੱਡੇ ਅਰਥ ਰੱਖਦੀ ਹੈ। ਇਸ ਪ੍ਰਕਾਰ ਪਰਉਪਕਾਰ ਲਈ ਕੀਤੇ ਜਾਂਦੇ ਨਿੱਕੇ-ਨਿੱਕੇ ਕੰਮ ਵੀ ਬੜੇ ਮਹਾਨ ਹੁੰਦੇ ਹਨ।

### ਅਸਲੀ ਕਰਾਮਾਤ

ਸ਼ੇਖ ਫਰੀਦ ਜੀ ਸੂਫ਼ੀ ਮਤ ਦੇ ਵੱਡੇ ਫ਼ਕੀਰ ਸਨ। ਉਹ ਬਾਰ੍ਹਵੀਂ ਸਦੀ ਵਿਚ ਮੁਲਤਾਨ (ਪੰਜਾਬ) ਵਿਚ ਪੈਦਾ ਹੋਏ। ਉਨ੍ਹਾਂ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ।

ਇੱਕ ਦਿਨ ਸ਼ੇਖ ਫਰੀਦ ਜੀ ਆਪਣੇ ਇੱਕ ਸੂਫ਼ੀ ਮਿੱਤਰ ਸ਼ੇਖ ਬਹਾਵਦੀ ਜੀ ਨਾਲ ਕਿਤੇ ਜਾ ਰਹੇ ਸਨ। ਜਦੋਂ ਉਹ ਇੱਕ ਨਗਰ ਦੇ ਨੇੜੇ ਪਹੁੰਚੇ ਤਾਂ ਅਚਾਨਕ ਝੱਖੜ-ਤੂਫ਼ਾਨ ਆ ਗਿਆ। ਮੋਹਲੇਧਾਰ ਮੀਂਹ ਪੈਣ ਲੱਗ ਪਿਆ। ਸ਼ਾਮ ਦਾ ਸਮਾਂ ਹੋਣ ਕਰ ਕੇ ਰਾਤ ਵੀ ਪੈਣ ਵਾਲੀ ਸੀ।

ਸ਼ੇਖ ਬਹਾਵਦੀ ਨੇ ਫਰੀਦ ਜੀ ਨੂੰ ਕਿਹਾ, “ਅੱਲਾ ਨੂੰ ਕਹਿ ਕੇ ਇਹ ਝੱਖੜ ਬੰਦ ਕਰਵਾਓ। ਆਪ ਜੀ ਕੋਲ ਤਾਂ ਕਰਾਮਾਤੀ ਸ਼ਕਤੀਆਂ ਮੌਜੂਦ ਹਨ।”

ਸ਼ੇਖ ਫਰੀਦ ਜੀ ਬੋਲੇ, “ਅੱਲਾ ਦੀ ਮਿਹਰ ਹੈ ਕਿ ਫ਼ਸਲਾਂ ਲਈ, ਜੀਵ-ਜੰਤੂਆਂ ਲਈ ਮੀਂਹ ਵਰਸਾ ਰਿਹਾ ਹੈ। ਇਸ ਮੀਂਹ-ਝੱਖੜ ਤੋਂ ਇਸ ਵੇਲੇ ਬਚਣ ਲਈ ਕਰਾਮਾਤ ਦੀ ਨਹੀਂ, ਕਿਸੇ ਮਦਦਗਾਰ ਨੂੰ ਮਿਲਣ ਦੀ ਲੋੜ ਹੈ। ਆਓ ਕਿਸੇ ਸੱਜਣ ਨਾਲ ਮੁਲਾਕਾਤ ਕਰੀਏ।”

ਫਰੀਦ ਜੀ ਦੀ ਗੱਲ ਸੁਣ ਕੇ ਬਹਾਵਦੀ ਜੀ ਸ਼ਸ਼ੋਪੰਜ ਵਿਚ ਪੈ ਗਏ। ਉਹ ਸੋਚਣ ਲੱਗੇ ਪਤਾ ਨਹੀਂ ਫਰੀਦ ਜੀ ਇਸ ਵੇਲੇ ਕਿਸ ਸੱਜਣ ਨੂੰ ਮਿਲਣ ਦੀ ਗੱਲ ਕਰ ਰਹੇ ਹਨ ?

ਨੇੜੇ ਹੀ ਕਿਸੇ ਗਰੀਬ ਦੀ ਇੱਕ ਝੁੱਗੀ ਸੀ। ਫਰੀਦ ਜੀ ਮਿੱਤਰ ਬਹਾਵਦੀ ਜੀ ਨਾਲ ਤੇਜ਼-ਤੇਜ਼ ਤੁਰ ਕੇ ਉਸ ਝੁੱਗੀ ਵੱਲ ਗਏ। ਉਸ ਝੁੱਗੀ ਦੇ ਕੋਲ ਪਹੁੰਚ ਕੇ ਬਾਬਾ ਸ਼ੇਖ ਫਰੀਦ ਜੀ ਨੇ ਨਾਂਅ ਲੈ ਕੇ ਆਵਾਜ਼ ਮਾਰੀ। ਝੁੱਗੀ ਵਿਚੋਂ ਇੱਕ ਵਿਅਕਤੀ ਬਾਹਰ ਆਇਆ। ਉਹ ਸ਼ੇਖ ਫਰੀਦ ਜੀ ਨੂੰ ਜਾਣਦਾ ਸੀ। ਉਹ ਉਨ੍ਹਾਂ ਦਾ ਪੱਕਾ ਸ਼ਰਧਾਲੂ ਸੀ। ਉਸ ਨੇ ਝੁਕ ਕੇ ਫਰੀਦ ਜੀ ਅਤੇ ਬਹਾਵਦੀ ਜੀ ਦਾ ਸਤਿਕਾਰ ਕੀਤਾ। ਉਹ ਉਨ੍ਹਾਂ ਨੂੰ ਅੰਦਰ ਲੈ ਗਿਆ। ਪਾਣੀ ਤੱਤਾ ਕਰ ਕੇ ਉਨ੍ਹਾਂ ਦੇ ਪੈਰ ਧੋਤੇ। ਸਾਗ ਤੇ ਰੋਟੀ ਉਨ੍ਹਾਂ ਦੇ ਅੱਗੇ ਰੱਖੇ। ਬਿਸਤਰੇ ਦਾ ਪ੍ਰਬੰਧ ਕੀਤਾ। ਤੂਫ਼ਾਨ, ਝੱਖੜ ਅਤੇ ਮੀਂਹ ਦਾ ਸਮਾਂ ਉਸ ਝੁੱਗੀ ਵਿਚ ਬੜੇ ਆਰਾਮ ਨਾਲ ਲੰਘ ਗਿਆ।


ਸ਼ੇਖ ਬਹਾਵਦੀ ਜੀ ਮੰਨ ਗਏ ਕਿ ਸੱਚਮੁੱਚ ਹੀ ਕਰਾਮਾਤ ਨਾਲੋਂ ਮੁਲਾਕਾਤ ਵੱਡੀ ਹੈ। ਉਸ ਗਰੀਬ ਕਿਰਤੀ ਬੰਦੇ ਦੀ ਮੁਲਾਕਾਤ ਨੇ ਉਨ੍ਹਾਂ ਨੂੰ ਮੀਂਹ-ਝੱਖੜ ਤੋਂ ਬਚਾਅ ਲਿਆ। ਉਨ੍ਹਾਂ ਦੀ ਰਾਤ ਆਰਾਮ ਨਾਲ ਲੰਘ ਗਈ।

ਕਹਿੰਦੇ ਹਨ, ਬੰਦਾ ਬੰਦੇ ਦਾ ਦਾਰੂ ਹੁੰਦਾ ਹੈ। ਰੱਬ ਹੀ ਬੰਦਿਆਂ ਦੇ ਰਾਹੀਂ ਕਿਸੇ ਦੁਖੀ ਜਾਂ ਲੋੜਵੰਦ ਦੀ ਮਦਦ ਕਰਦਾ ਹੈ। ਇਹੀ ਰੱਬ ਦੀ ਅਸਲੀ ਕਰਾਮਾਤ ਹੈ। ਕਿਸੇ ਗਰੀਬ ਦੀ ਝੁੱਗੀ ਵੀ ਅਰਾਮਦਾਇਕ ਮਹਿਲ ਬਣ ਜਾਂਦੀ ਹੈ, ਜੇ ਉੱਥੇ ਪਿਆਰ ਦੀ ਭਾਵਨਾ ਹੋਵੇ। ਉਸ ਗਰੀਬ ਵਿਅਕਤੀ ਦੀ ਝੁੱਗੀ ਵਿਚ ਵੀ ਸ਼ੇਖ ਫਰੀਦ ਜੀ ਤੇ ਉਨ੍ਹਾਂ ਦੇ ਸਾਥੀ ਨੂੰ ਮਹਿਲਾਂ ਵਰਗਾ ਹੀ ਆਰਾਮ ਮਿਲਿਆ।

# ਕੀ ਮੰਗਲ ਸੱਚਮੁੱਚ ਲਾਲ ਹੈ ? ਇੱਕ ਭੌਤਿਕ ਵਿਗਿਆਨੀ ਇਸਦੇ ਰੰਗ ਦੇ ਪਿੱਛੇ ਵਿਗਿਆਨ ਅਤੇ ਹੋਰ ਬਹੁਤ ਕੁਝ ਦੱਸਦਾ ਹੈ


-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਮੰਗਲ ਗ੍ਰਹਿ ਨੰਗੀ ਅੱਖ ਨੂੰ ਲਾਲ ਦਿਖਾਈ ਦਿੰਦਾ ਹੈ, ਪਰ ਦੂਰਬੀਨ ਇੱਕ ਵਿਸ਼ਾਲ, ਵਧੇਰੇ ਗੁੰਝਲਦਾਰ ਸਪੈਕਟ੍ਰਮ ਦਿਖਾਉਂਦੇ ਹਨ। ਮੰਗਲ ਗ੍ਰਹਿ ਹਜ਼ਾਰਾਂ ਸਾਲਾਂ ਤੋਂ ਮਨੁੱਖੀ ਕਲਪਨਾ ਨੂੰ ਪ੍ਰੇਰਿਤ ਕਰਦਾ ਆ ਰਿਹਾ ਹੈ, ਮੁੱਖ ਤੌਰ ’ਤੇ ਕਿਉਂਕਿ ਇਸਦਾ ਰੰਗ ਲਾਲ ਹੈ, ਜਿਸ ਕਾਰਨ ਇਸਨੂੰ “ਲਾਲ ਗ੍ਰਹਿ” ਦਾ ਖਿਤਾਬ ਮਿਲਿਆ। ਪ੍ਰਾਚੀਨ ਰੋਮੀਆਂ ਦੁਆਰਾ ਇਸਦਾ ਰੰਗ ਖੂਨ ਅਤੇ ਯੁੱਧ ਨਾਲ ਜੋੜਿਆ ਗਿਆ ਸੀ; ਇਸ ਤਰ੍ਹਾਂ, ਉਨ੍ਹਾਂ ਨੇ ਇਸਦਾ ਨਾਮ ਆਪਣੇ ਯੁੱਧ ਦੇ ਦੇਵਤੇ ਦੇ ਨਾਮ ’ਤੇ ਰੱਖਿਆ। ਲਾਲੀ ਵਿਗਿਆਨਕ ਤੌਰ ’ਤੇ, ਆਇਰਨ ਆਕਸਾਈਡ ਦਾ ਨਤੀਜਾ ਹੈ - ਜੰਗਾਲ ਜੋ ਮੰਗਲ ਦੀ ਸਤ੍ਹਾ ਨੂੰ ਢੱਕਦਾ ਹੈ। ਫਿਰ ਵੀ ਰੋਬੋਟਿਕ ਪ੍ਰੋਬ ਦੁਆਰਾ ਤਿਆਰ ਸਤਹ ਦੀਆਂ ਤਸਵੀਰਾਂ ਨੇ ਇੱਕ ਵਧੇਰੇ ਸੂਖਮ ਸਪੈਕਟ੍ਰਮ ਦਿਖਾਇਆ ਹੈ। ਭੂਮੀ ਦਾ ਬਹੁਤਾ ਹਿੱਸਾ ਧੂੜ ਭਰੇ ਟੈਨ ਜਾਂ ਜੰਗਾਲ ਭੂਰੇ ਵਰਗਾ ਦਿਖਾਈ ਦਿੰਦਾ ਹੈ। ਇੱਥੋਂ ਤੱਕ ਕਿ ਧਰੁਵ ਵੀ ਗ੍ਰਹਿ ਦੇ ਉਪਨਾਮ ਦੀ ਉਲੰਘਣਾ ਕਰਦੇ ਹਨ, ਪਾਣੀ ਦੀ ਬਰਫ਼ ਅਤੇ ਜੰਮੇ ਹੋਏ ਕਾਰਬਨ ਡਾਈਆਕਸਾਈਡ ਦੇ ਕਾਰਨ ਚਮਕਦਾਰ ਚਿੱਟੇ ਵਜੋਂ ਪੇਸ਼ ਹੁੰਦੇ ਹਨ, ਜੋ ਮੌਸਮੀ ਸੂਰਜ ਦੀ ਰੌਸ਼ਨੀ ਨਾਲ ਫੈਲਦੇ ਅਤੇ ਸੁੰਗੜਦੇ ਹਨ।

ਮੰਗਲ ਸਿਰਫ਼ ਲਾਲ ਨਹੀਂ ਹੈ: ਦੂਰਬੀਨ ਰੰਗਾਂ, ਬਰਫ਼ ਦੇ ਟੋਪਿਆਂ ਅਤੇ ਲੁਕੀਆਂ ਹੋਈਆਂ ਵਿਸ਼ੇਸ਼ਤਾਵਾਂ ਦੇ ਇੱਕ ਗੁੰਝਲਦਾਰ ਪੈਲੇਟ ਦਾ ਖੁਲਾਸਾ ਕਰਦੇ ਹਨ। The Conversation ਦੁਆਰਾ ਪ੍ਰਕਾਸ਼ਿਤ ਅਤੇ Space.com ’ਤੇ ਦੁਬਾਰਾ ਪ੍ਰਕਾਸ਼ਿਤ ਇੱਕ ਤਾਜ਼ਾ ਲੇਖ ਦੇ ਅਨੁਸਾਰ, ਮੰਗਲ ਗ੍ਰਹਿ ਦੇ ਲੋਹੇ ਨਾਲ ਭਰਪੂਰ ਖਣਿਜਾਂ ਨੂੰ ਜੰਗਾਲ ਲੱਗ ਗਿਆ ਹੈ, ਜਿਸ ਕਾਰਨ ਇਹ ਜੰਗਾਲ ਲੱਗ ਰਿਹਾ ਹੈ। ਜਿਵੇਂ ਲੋਹਾ ਅਤੇ ਆਕਸੀਜਨ ਖੂਨ ਨੂੰ ਆਪਣਾ ਰੰਗ ਦਿੰਦੇ ਹਨ, ਉਸੇ ਤਰ੍ਹਾਂ ਮੰਗਲ ਗ੍ਰਹਿ ਦੀ ਧੂੜ ਨੂੰ ਵੀ ਕੁਦਰਤੀ ਤੌਰ ’ਤੇ ਜੰਗਾਲ ਲੱਗ ਜਾਂਦਾ ਹੈ। ਧਰੁਵੀ ਟੋਪੀਆਂ, ਜੋ ਜੰਮੇ ਹੋਏ ਪਾਣੀ ਅਤੇ ਕਾਰਬਨ ਡਾਈਆਕਸਾਈਡ ਤੋਂ ਬਣੀਆਂ ਹੁੰਦੀਆਂ ਹਨ ਅਤੇ ਸਪੱਸ਼ਟ ਤੌਰ ’ਤੇ ਵੱਖਰਾ ਰੰਗ ਰੱਖਦੀਆਂ ਹਨ, ਆਮ ਤੌਰ ’ਤੇ ਚਿੱਟੇ ਹੁੰਦੀਆਂ ਹਨ। ਧੁੱਪ ਸੁੱਕੀ ਬਰਫ਼ ਦੀ ਪਰਤ ਨੂੰ ਸੁੰਗੜਨ ਅਤੇ ਮੁੜ ਜੰਮਣ ਲਈ ਪ੍ਰੇਰਿਤ ਕਰਦੀ ਹੈ, ਜਿਸ ਨਾਲ ਇਹ ਟੋਪੀਆਂ ਮੌਸਮਾਂ ਦੇ ਨਾਲ ਫੈਲਦੀਆਂ ਅਤੇ ਸੁੰਗੜਦੀਆਂ ਹਨ।

ਪਿਛਲੇ ਮਿਸ਼ਨਾਂ ਅਤੇ ਰੋਵਰਾਂ ਦੁਆਰਾ ਲਈਆਂ ਗਈਆਂ ਤਸਵੀਰਾਂ ਮੰਗਲ ਗ੍ਰਹਿ ਦੇ ਪੈਲੇਟ ਨੂੰ ਪ੍ਰਗਟ ਕਰਦੀਆਂ ਹਨ, ਪਰ ਅਲਟਰਾਵਾਇਲਟ ਅਤੇ ਇਨਫਰਾਰੈੱਡ ਕੈਮਰਿਆਂ ਨਾਲ ਲੈਸ ਟੈਲੀਸਕੋਪ ਅਤੇ ਪੁਲਾੜ ਯਾਨ ਗਲਤ ਰੰਗ ਦੀਆਂ ਤਸਵੀਰਾਂ ਕੈਪਚਰ ਕਰਦੇ ਹਨ, ਜਿਸ ਨਾਲ ਮੰਗਲ ਗ੍ਰਹਿ ਦੇ ਅਸਲ ਰੰਗ ਬਾਰੇ ਕੁਝ ਉਲਝਣ ਪੈਦਾ ਹੁੰਦੀ ਹੈ।

ਤੇਜ਼ ਰੇਡੀਓ ਬਰਸਟ ਬ੍ਰਹਿਮੰਡ ਦੇ ਗੁੰਮ ਹੋਏ ਪਦਾਰਥ ਨੂੰ ਬ੍ਰਹਿਮੰਡੀ ਅੰਤਰ-ਗਲੈਕਟਿਕ ਧੁੰਦ ਵਿਚ ਛੁਪੇ ਹੋਏ ਪ੍ਰਗਟ ਕਰਦੇ ਹਨ। ਸਪੈਕਟ੍ਰਲ ਨਿਰੀਖਣ, ਇਨਫਰਾਰੈੱਡ ਅਤੇ ਅਲਟਰਾਵਾਇਲਟ ਚਿੱਤਰ ਅਤੇ ਇਲੈਕਟ੍ਰੋਮੈਗਨੈਟਿਕ ਸਪੈਕਟ੍ਰਮ ਦੀ ਵਿਸ਼ਾਲ ਸ਼੍ਰੇਣੀ ਵਿਗਿਆਨੀਆਂ ਨੂੰ ਮੰਗਲ ਗ੍ਰਹਿ ਦੀ ਦਿੱਖ, ਇਤਿਹਾਸ, ਰਚਨਾ ਅਤੇ ਸੰਭਾਵੀ ਪਿਛਲੀ ਰਹਿਣਯੋਗਤਾ ਦੀ ਜਾਂਚ ਕਰਨ ਵਿਚ ਸਹਾਇਤਾ ਕਰ ਰਹੇ ਹਨ।

ਮੰਗਲ ਗ੍ਰਹਿ ਅਜੇ ਵੀ ਅਸਮਾਨ ਵਿਚ ਲਾਲ ਦਿਖਾਈ ਦੇ ਸਕਦਾ ਹੈ, ਪਰ ਇਸਦਾ ਅਸਲ ਬਿਰਤਾਂਤ ਇਸ ਤੋਂ ਕਿਤੇ ਜ਼ਿਆਦਾ ਗੁੰਝਲਦਾਰ ਹੈ। ਵਿਗਿਆਨ ਅਤੇ ਉੱਚ-ਰੈਜ਼ੋਲਿਊਸ਼ਨ ਕੈਮਰਿਆਂ ਦਾ ਧੰਨਵਾਦ, ਇਸ ਗੁਆਂਢੀ ਸੰਸਾਰ ਬਾਰੇ ਸਾਡੀ ਸਮਝ ਅਜੇ ਵੀ ਫੈਲ ਰਹੀ ਹੈ।

# “ਨਕਲੀ ਬੁੱਧੀ: ਨਵੀਨਤਾ ਦੀ ਉਡਾਣ ਜਾਂ ਬੌਧਿਕ ਚੋਰੀ ਲਈ ਸੰਦ?”

**ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅੱਜ ਨਵੀਂ ਰਚਨਾਤਮਕਤਾ ਦਾ ਮਾਧਿਅਮ ਬਣ ਗਿਆ ਹੈ, ਪਰ ਇਹ ਬਹਿਸ ਦਾ ਵਿਸ਼ਾ ਹੈ ਕਿ ਕੀ ਇਹ ਨਵੀਨਤਾ ਸਿਰਜਣਹਾਰਾਂ ਦੀ ਮਿਹਨਤ ਦੀ ਚੋਰੀ ’ਤੇ ਆਧਾਰਿਤ ਹੈ? ਅਮਰੀਕਾ ਵਿਚ, ਅਦਾਲਤਾਂ ਨੇ ਏ.ਆਈ. ਦੁਆਰਾ ‘ਸਿੱਖੀ ਗਈ’ ਸਮੱਗਰੀ ਨੂੰ ਨਿਰਪੱਖ ਵਰਤੋਂ ਮੰਨਿਆ, ਪਰ ਸਿਰਜਣਹਾਰ ਅਸੰਤੁਸ਼ਟ ਹਨ। ਭਾਰਤ ਵਿਚ, ਨਿਊਜ਼ ਏਜੰਸੀ ਏ.ਐੱਨ.ਆਈ. ਨੇ ਓਪਨਏ.ਆਈ. ਵਿਰੁੱਧ ਕਾਪੀਰਾਈਟ ਉਲੰਘਣਾ ਦੀ ਸ਼ਿਕਾਇਤ ਕੀਤੀ ਹੈ। ਦੇਸ਼ ਵਿਚ ਮੌਜੂਦਾ ਕਾਨੂੰਨ ਇਸ ਤਕਨੀਕੀ ਚੁਣੌਤੀ ਲਈ ਨਾਕਾਫ਼ੀ ਹਨ। ਭਾਰਤ ਨੂੰ ਆਪਣੇ ਬੌਧਿਕ ਸੰਪਤੀ ਕਾਨੂੰਨਾਂ ਨੂੰ ਅਪਡੇਟ ਕਰਨਾ ਚਾਹੀਦਾ ਹੈ, ਤਾਂ ਜੋ ਤਕਨੀਕੀ ਵਿਕਾਸ ਦੇ ਨਾਲ-ਨਾਲ ਰਚਨਾਤਮਕ ਅਧਿਕਾਰਾਂ ਦੀ ਵੀ ਰੱਖਿਆ ਕੀਤੀ ਜਾ ਸਕੇ। - ਪ੍ਰਿਯੰਕਾ ਸੌਰਭ**



ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA


ਇੱਕੀਵੀਂ ਸਦੀ ਦੀਆਂ ਸਭ ਤੋਂ ਵੱਡੀਆਂ ਤਕਨੀਕੀ ਛਾਲਾਂ ਵਿਚੋਂ ਇੱਕ ਹੈ ਜਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ - ਇੱਕ ਕੰਪਿਊਟਰ ਦਿਮਾਗ ਜੋ ਕਹਾਣੀਆਂ ਤੋਂ ਲੈ ਕੇ ਖ਼ਬਰਾਂ ਦੀਆਂ ਰਿਪੋਰਟਾਂ, ਤਸਵੀਰਾਂ ਤੋਂ ਲੈ ਕੇ ਕਵਿਤਾਵਾਂ ਅਤੇ ਅਦਾਲਤੀ ਫੈਸਲਿਆਂ ਤੋਂ ਲੈ ਕੇ ਸੰਵਾਦ ਤੱਕ ਸਭ ਕੁਝ ਬਣਾ ਸਕਦਾ ਹੈ। ਪਰ ਸਵਾਲ ਇਹ ਹੈ ਕਿ ਕੀ ਇਸ ਮਸ਼ੀਨੀ ਰਚਨਾਤਮਕਤਾ ਦੀ ਨੀਂਹ ਕਿਸੇ ਹੋਰ ਦੀ ਮਿਹਨਤ ’ਤੇ ਟਿਕੀ ਹੋਈ ਹੈ? ਕੀ ਇਹ ਨਵੀਂ ਤਕਨਾਲੋਜੀ ਚੁੱਪ-ਚਾਪ ਸੰਗੀਤਕਾਰਾਂ, ਲੇਖਕਾਂ, ਪੱਤਰਕਾਰਾਂ, ਚਿੱਤਰਕਾਰਾਂ ਅਤੇ ਸੰਗੀਤਕਾਰਾਂ ਦੁਆਰਾ ਬਣਾਈ ਗਈ ਸਮੱਗਰੀ ਨੂੰ ਆਪਣੇ ਗਿਆਨ ਦਾ ਹਿੱਸਾ ਬਣਾ ਰਹੀ ਹੈ, ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ, ਉਨ੍ਹਾਂ ਨੂੰ ਕੋਈ ਕ੍ਰੈਡਿਟ ਦਿੱਤੇ ਬਿਨਾਂ?

ਹਾਲ ਹੀ ਵਿਚ, ਅਮਰੀਕਾ ਦੀਆਂ ਦੋ ਅਦਾਲਤਾਂ ਨੇ ਇਸੇ ਤਰ੍ਹਾਂ ਦੇ ਮਾਮਲਿਆਂ ’ਤੇ ਫੈਸਲਾ ਸੁਣਾਇਆ। ਇਨ੍ਹਾਂ ਫੈਸਲਿਆਂ ਨੇ ਤਕਨੀਕੀ ਕੰਪਨੀਆਂ ਨੂੰ ਫਿਲਹਾਲ ਰਾਹਤ ਦਿੱਤੀ ਹੈ, ਪਰ ਇਹ ਮੁੱਦਾ ਅਜੇ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ। ਇਨ੍ਹਾਂ ਫੈਸਲਿਆਂ ਨੇ ਦੁਨੀਆਂ ਭਰ ਵਿਚ ਬਹਿਸ ਛੇੜ ਦਿੱਤੀ ਹੈ ਅਤੇ ਭਾਰਤ ਵੀ ਇਸ ਤੋਂ ਅਪਵਾਦ ਨਹੀਂ ਹੈ।

ਜਨਰੇਟਿਵ ਆਰਟੀਫੀਸ਼ੀਅਲ ਇੰਟੈਲੀਜੈਂਸ ਮਾਡਲ - ਜਿਵੇਂ ਕਿ ਓਪਨਏ.ਆਈ. ਦਾ ਚੈਟਜੀ.ਪੀ.ਟੀ. ਜਾਂ ਮੈਟਾ ਦਾ ਲਾਮਾ - ਅਰਬਾਂ ਕਿਤਾਬਾਂ, ਵੈੱਬਸਾਈਟਾਂ, ਗਾਣਿਆਂ, ਖ਼ਬਰਾਂ ਦੀਆਂ ਕਹਾਣੀਆਂ ਅਤੇ ਤਸਵੀਰਾਂ ਦਾ ਅਧਿਐਨ ਕਰਕੇ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਉਸੇ ਤਰ੍ਹਾਂ ਸਿਖਲਾਈ ਦਿੱਤੀ ਜਾਂਦੀ ਹੈ, ਜਿਵੇਂ ਇੱਕ ਵਿਦਿਆਰਥੀ ਕਿਤਾਬਾਂ ਪੜ੍ਹ ਕੇ ਗਿਆਨ ਪ੍ਰਾਪਤ ਕਰਦਾ ਹੈ, ਪਰ ਇਹ ਵਿਦਿਆਰਥੀ ਨਾ ਤਾਂ ਉਸ ਕਿਤਾਬ ਨੂੰ ਪੜ੍ਹਨ ਤੋਂ ਪਹਿਲਾਂ ਲੇਖਕ ਤੋਂ ਇਜਾਜ਼ਤ ਲੈਂਦਾ ਹੈ, ਨਾ ਹੀ ਲੇਖਕ ਨੂੰ ਕ੍ਰੈਡਿਟ ਜਾਂ ਮਿਹਨਤਾਨਾ ਦਿੰਦਾ ਹੈ। ਇੱਥੋਂ ਹੀ ਵਿਵਾਦ ਸ਼ੁਰੂ ਹੁੰਦਾ ਹੈ।

2024 ਵਿਚ, ਪਹਿਲਾ ਮਾਮਲਾ ਅਮਰੀਕਾ ਵਿਚ ਆਇਆ, ਜਿਸ ਵਿਚ ਕੁਝ ਨਾਵਲਕਾਰਾਂ ਨੇ ਕੰਪਨੀ ‘ਐਂਥ੍ਰੋਪਿਕ’ ’ਤੇ ਦੋਸ਼ ਲਗਾਇਆ ਕਿ ਉਹ ਆਪਣੀਆਂ ਕਿਤਾਬਾਂ ਦੀ ਵਰਤੋਂ ਆਪਣੇ ਆਰਟੀਫੀਸ਼ੀਅਲ ਇੰਟੈਲੀਜੈਂਸ ਮਾਡਲ ਨੂੰ




ਸਿਖਲਾਈ ਦੇਣ ਲਈ ਕਰ ਰਹੀ ਹੈ। ਲੇਖਕਾਂ ਨੇ ਕਿਹਾ ਕਿ ਇਹ ਉਨ੍ਹਾਂ ਦੀ ਬੌਧਿਕ ਸੰਪਤੀ ਦੀ ਉਲੰਘਣਾ ਹੈ। ਪਰ ਅਦਾਲਤ ਨੇ ਫੈਸਲਾ ਸੁਣਾਇਆ ਕਿ ਇਹ ਮਾਡਲ ਜੋ ਨਵੀਂ ਸਮੱਗਰੀ ਤਿਆਰ ਕਰ ਰਿਹਾ ਹੈ, ਉਹ ਅਸਲ ਰਚਨਾ ਤੋਂ ਵੱਖਰੀ, ਨਵੀਂ ਅਤੇ ਬਦਲੀ ਹੋਈ ਹੈ। ਇਸ ਲਈ, ਇਹ ‘ਉਚਿਤ ਵਰਤੋਂ’ ਦੀ ਸ਼੍ਰੇਣੀ ਵਿਚ ਆਉਂਦਾ ਹੈ ਅਤੇ ਕੰਪਨੀ ਨੂੰ ਅਪਰਾਧੀ ਨਹੀਂ ਮੰਨਿਆ ਜਾ ਸਕਦਾ।

ਦੂਜੇ ਮਾਮਲੇ ਵਿਚ, ਕੰਪਨੀ ਮੇਟਾ ’ਤੇ ਬਿਨਾਂ ਇਜਾਜ਼ਤ ਦੇ ਸਾਹਿਤਕ ਅਤੇ ਪੱਤਰਕਾਰੀ ਸਮੱਗਰੀ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਅਦਾਲਤ ਨੇ ਕਿਹਾ ਕਿ ਕੰਪਨੀ ਨੇ ਅਸਲ ਵਿਚ ਸੁਰੱਖਿਅਤ ਰਚਨਾਵਾਂ ਪੜ੍ਹੀਆਂ ਸਨ, ਪਰ ਇਸਦਾ ਉਦੇਸ਼ ਕੁਝ ਨਵਾਂ ਸਿੱਖਣਾ ਅਤੇ ਸਿਰਜਣਾ ਸੀ, ਇਸ ਲਈ ਮੇਟਾ ਨੂੰ ਬਰੀ ਕਰ ਦਿੱਤਾ ਗਿਆ, ਇਸਨੂੰ ਵੀ ਇੱਕ ‘ਪਰਿਵਰਤਨਸ਼ੀਲ ਵਰਤੋਂ’ ਮੰਨਦੇ ਹੋਏ।

ਇਨ੍ਹਾਂ ਦੋਵਾਂ ਫੈਸਲਿਆਂ ਤੋਂ ਇੱਕ ਸੁਨੇਹਾ ਇਹ ਹੈ ਕਿ ਅਦਾਲਤਾਂ ਇਸ ਸਮੇਂ ਤਕਨੀਕੀ ਨਵੀਨਤਾ ਨੂੰ ਤਰਜੀਹ ਦੇ ਰਹੀਆਂ ਹਨ, ਪਰ ਲੇਖਕਾਂ ਦੇ ਭਾਈਚਾਰੇ ਅਤੇ ਬੁੱਧੀਜੀਵੀ ਵਰਕਰਾਂ ਦੇ ਮਨਾਂ ਵਿਚ ਇਹ ਸਵਾਲ ਉੱਠ ਰਿਹਾ ਹੈ ਕਿ ਜੇਕਰ ਇਹ ‘ਨਿਰਪੱਖ ਵਰਤੋਂ’ ਹੈ, ਤਾਂ ਉਨ੍ਹਾਂ ਦੀ ਮਿਹਨਤ, ਮੌਲਿਕਤਾ ਅਤੇ ਅਧਿਕਾਰਾਂ ਦਾ ਕੀ ਹੋਵੇਗਾ?

ਹੁਣ ਆਪਣਾ ਧਿਆਨ ਭਾਰਤ ਵੱਲ ਮੋੜਦੇ ਹਾਂ। 2024 ਵਿਚ, ਨਿਊਜ਼ ਏਜੰਸੀ ਏ.ਐੱਨ.ਆਈ. ਨੇ ਓਪਨਏ.ਆਈ. ’ਤੇ ਸੰਵਾਦ-ਆਧਾਰਿਤ ਮਾਡਲਾਂ (ਜਿਵੇਂ ਕਿ ਚੈਟਜੀ.ਪੀ.ਟੀ.) ਰਾਹੀਂ ਆਪਣੀਆਂ ਖ਼ਬਰਾਂ ਦੀ ਭਾਸ਼ਾ, ਸ਼ੈਲੀ ਅਤੇ ਸਮੱਗਰੀ ਦੀ ਨਕਲ ਕਰਨ ਦਾ ਦੋਸ਼ ਲਗਾਇਆ। ਪ੍ਰਕਾਸ਼ਕ ਸੰਗਠਨਾਂ ਨੇ ਇਹ ਵੀ ਦੋਸ਼ ਲਗਾਇਆ ਕਿ ਇਹ ਏ.ਆਈ. ਕੰਪਨੀਆਂ ਭਾਰਤ ਵਿਚ ਕਾਪੀਰਾਈਟ ਰਜਿਸਟ੍ਰੇਸ਼ਨ ਨੂੰ ਨਜ਼ਰਅੰਦਾਜ਼ ਕਰਕੇ ਭਾਰਤੀ ਸਮੱਗਰੀ ਦਾ ਵਪਾਰਕ ਤੌਰ ’ਤੇ ਸ਼ੋਸ਼ਣ ਕਰ ਰਹੀਆਂ ਹਨ।

ਓਪਨਏ.ਆਈ. ਦੀ ਦਲੀਲ ਸੀ ਕਿ ਇਹ ਨਾ ਤਾਂ ਆਪਣੇ ਸਰਵਰ ਚਲਾਉਂਦਾ ਹੈ ਅਤੇ ਨਾ ਹੀ ਭਾਰਤ ਵਿਚ ਉਸਦਾ ਕੋਈ ਸਥਾਈ ਦਫਤਰ ਹੈ। ਇਸਨੇ ਦਲੀਲ ਦਿੱਤੀ ਕਿ ਇਸਦੀ ਤਕਨਾਲੋਜੀ ਜਨਤਕ ਹਿੱਤ ਵਿਚ ਕੁਝ ਨਵਾਂ, ਪਰਿਵਰਤਨਸ਼ੀਲ ਅਤੇ ਉਪਯੋਗੀ ਬਣਾਉਂਦੀ ਹੈ ਅਤੇ ਇਹ ਬੌਧਿਕ ਚੋਰੀ ਦੇ ਬਰਾਬਰ ਨਹੀਂ ਹੈ।

ਇਹ ਮਾਮਲਾ ਹੁਣ ਦਿੱਲੀ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ ਅਤੇ ਇਸਦੀ ਸੁਣਵਾਈ ਜੁਲਾਈ ਦੇ ਪਹਿਲੇ ਹਫ਼ਤੇ ਹੋਣੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰਤ ਵਿਚ ਇਹ ਬਹਿਸ ਹੁਣ ਨਿਆਂਇਕ ਗਲਿਆਰਿਆਂ ਤੱਕ ਪਹੁੰਚ ਗਈ ਹੈ।

ਸਵਾਲ ਇਹ ਹੈ ਕਿ ਕੀ ਭਾਰਤ ਦਾ ਮੌਜੂਦਾ ਬੌਧਿਕ ਸੰਪਤੀ ਕਾਨੂੰਨ ਇਸ ਨਵੀਂ ਤਕਨੀਕੀ ਚੁਣੌਤੀ ਲਈ ਤਿਆਰ ਹੈ? 1957 ਵਿਚ ਲਾਗੂ ਕੀਤੇ ਗਏ ਕਾਪੀਰਾਈਟ ਐਕਟ ਵਿਚ ‘ਨਿਰਪੱਖ ਵਰਤੋਂ’ ਦੀ ਧਾਰਨਾ ਹੈ, ਪਰ ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੇ ਮਾਮਲਿਆਂ ਨੂੰ ਸਪੱਸ਼ਟ ਤੌਰ ’ਤੇ ਪਰਿਭਾਸ਼ਿਤ ਨਹੀਂ ਕਰਦਾ ਹੈ। ਨਾ ਹੀ ਭਾਰਤ ਕੋਲ ਇਹ ਜਾਂਚ ਕਰਨ ਲਈ ਕੋਈ ਵਿਧੀ ਹੈ ਕਿ ਕੀ ਏ.ਆਈ. ਮਾਡਲ ਸਿਖਲਾਈ ਲਈ ਵਰਤ ਰਿਹਾ ਸਮੱਗਰੀ ਕਾਪੀਰਾਈਟ ਦੇ ਅਧੀਨ ਆਉਂਦੀ ਹੈ ਜਾਂ ਨਹੀਂ।

ਅੱਜ ਲੇਖਕ, ਕਵੀ, ਚਿੱਤਰਕਾਰ, ਸੰਗੀਤਕਾਰ, ਫੋਟੋਗ੍ਰਾਫ਼ਰ ਅਤੇ ਪੱਤਰਕਾਰ ਇਹ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਦੇ ਸਿਰਜਣਾਤਮਕ ਕੰਮ ਨੂੰ ਮਸ਼ੀਨਾਂ ਵਿਚ ਭਰਿਆ ਜਾ ਰਿਹਾ ਹੈ ਅਤੇ ਬਦਲੇ ਵਿਚ ਉਨ੍ਹਾਂ ਨੂੰ ਨਾ ਤਾਂ ਕ੍ਰੈਡਿਟ ਮਿਲ ਰਿਹਾ ਹੈ ਅਤੇ ਨਾ ਹੀ ਮਿਹਨਤਾਨਾ। ਇਹ ਨਾ ਸਿਰਫ਼ ਕਾਨੂੰਨੀ, ਸਗੋਂ ਨੈਤਿਕ ਚਿੰਤਾ ਦਾ ਮਾਮਲਾ ਹੈ।

ਇਸ ਵਿਸ਼ੇ ’ਤੇ ਬਹਿਸ ਤਕਨਾਲੋਜੀ ਨੂੰ ਰੋਕਣ ਬਾਰੇ ਨਹੀਂ ਹੈ। ਨਵੀਨਤਾ ਅਤੇ ਤਕਨੀਕੀ ਤਰੱਕੀ ਜ਼ਰੂਰੀ ਹੈ, ਪਰ ਉਸ ਤਰੱਕੀ ਨੂੰ ਮਨੁੱਖੀ ਸਿਰਜਣਾਤਮਕਤਾ ਨੂੰ ਨਿਗਲਣਾ ਨਹੀਂ ਚਾਹੀਦਾ। ਜੇਕਰ ਕੋਈ ਲੇਖਕ ਇੱਕ ਨਾਵਲ ਬਣਾਉਣ ਲਈ ਦਸ ਸਾਲ ਕੰਮ ਕਰਦਾ ਹੈ ਅਤੇ ਇੱਕ ਮਸ਼ੀਨ ਦੋ ਸਕਿੰਟਾਂ ਵਿਚ ਸ਼ੈਲੀ ਦੀ ਨਕਲ ਕਰਦੀ ਹੈ ਅਤੇ ਇੱਕ ਨਵਾਂ ‘ਉਤਪਾਦ’ ਬਣਾਉਂਦੀ ਹੈ, ਤਾਂ ਇਹ ਨਾ ਤਾਂ ਨਿਰਪੱਖ ਹੈ ਅਤੇ ਨਾ ਹੀ ਸਤਿਕਾਰਯੋਗ।

ਅਦਾਲਤਾਂ ਦੀ ਜ਼ਿੰਮੇਵਾਰੀ ਹੁਣ ਕੰਪਨੀਆਂ ਅਤੇ ਵਿਅਕਤੀਆਂ ਵਿਚਕਾਰ ਵਿਵਾਦਾਂ ਨੂੰ ਸੁਲਝਾਉਣ ਤੱਕ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਵਿੱਖ ਵਿਚ ਤਕਨੀਕੀ ਵਿਕਾਸ ਸਾਰਿਆਂ ਲਈ ਬਰਾਬਰ ਲਾਭਦਾਇਕ ਹੋਵੇ। ਜੇਕਰ ਕਿਸੇ ਦੀ ਬੌਧਿਕ ਕਿਰਤ ਨੂੰ ਸਿਰਫ਼ ਪੂੰਜੀ ਅਤੇ ਤਕਨਾਲੋਜੀ ਦੇ ਆਧਾਰ ’ਤੇ ਮੁਫ਼ਤ ਵਿਚ ਹੜੱਪਿਆ ਜਾ ਰਿਹਾ ਹੈ, ਤਾਂ ਇਹ ਲੋਕਤੰਤਰੀ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਉਲੰਘਣਾ ਹੈ।

ਭਾਰਤ ਨੂੰ ਆਪਣੇ ਕਾਪੀਰਾਈਟ ਕਾਨੂੰਨਾਂ ਨੂੰ ਦੁਬਾਰਾ ਤਿਆਰ ਕਰਨ ਦੀ ਲੋੜ ਹੈ, ਖਾਸ ਕਰਕੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿਚ। ਇੱਕ ਅਜਿਹਾ ਸਿਸਟਮ ਬਣਾਇਆ ਜਾਣਾ ਚਾਹੀਦਾ ਹੈ, ਜਿਸ ਵਿਚ ਸਿਰਜਣਹਾਰਾਂ ਨੂੰ ਭੁਗਤਾਨ ਕੀਤਾ ਜਾਵੇ, ਉਨ੍ਹਾਂ ਦੇ ਨਾਮ ਦੱਸੇ ਜਾਣ, ਅਤੇ ਜੇਕਰ ਉਨ੍ਹਾਂ ਦੇ ਕੰਮ ਤਕਨਾਲੋਜੀ ਦੁਆਰਾ ਵਰਤੇ ਜਾ ਰਹੇ ਹਨ, ਤਾਂ ਉਨ੍ਹਾਂ ਦੀ ਇਜਾਜ਼ਤ ਲਾਜ਼ਮੀ ਹੋਣੀ ਚਾਹੀਦੀ ਹੈ।

ਇਹ ਸਿਰਫ਼ ਨਿਆਂ ਦਾ ਮਾਮਲਾ ਨਹੀਂ ਹੈ, ਇਹ ਸਾਹਿਤ, ਸੱਭਿਆਚਾਰ ਅਤੇ ਸਿਰਜਣਾਤਮਕਤਾ ਦੀ ਰੱਖਿਆ ਦਾ ਮਾਮਲਾ ਹੈ। ਜੇਕਰ ਅਸੀਂ ਆਪਣੇ ਸਮੇਂ ਦੇ ਸਿਰਜਣਹਾਰਾਂ ਨੂੰ ਨਜ਼ਰਅੰਦਾਜ਼ ਕਰਦੇ ਹਾਂ, ਤਾਂ ਆਉਣ ਵਾਲੀਆਂ ਪੀੜ੍ਹੀਆਂ ਤਕਨਾਲੋਜੀ ਨੂੰ ਵਿਰਾਸਤ ਵਿਚ ਪ੍ਰਾਪਤ ਕਰਨਗੀਆਂ ਪਰ ਕੋਈ ਸੰਵੇਦਨਸ਼ੀਲਤਾ ਨਹੀਂ, ਕੋਈ ਆਤਮਾ ਨਹੀਂ।

ਮਸ਼ੀਨਾਂ ਨੂੰ ਉਡਾਣ ਦਿੱਤੀ, ਪਰ ਕਲਮ ਤੋਂ ਅਸਮਾਨ ਖੋਹ ਲਿਆ,

ਜੇਕਰ ਗਿਆਨ ਬਿਨਾਂ ਕ੍ਰੈਡਿਟ ਦੇ ਹੈ, ਤਾਂ ਇਹ ਕਿਸ ਤਰ੍ਹਾਂ ਦਾ ਵਿਗਿਆਨ ਹੈ?

# ਸੋਸ਼ਲ ਮੀਡੀਆ ਦੀ ਵਰਤੋਂ ਦਾ ਸਮਾਜ ’ਤੇ ਪ੍ਰਭਾਵ



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ।
ਪੰਜਾਬ ਮੇਲ USA


ਪਿਛਲੇ ਕੁਝ ਦਹਾਕਿਆਂ ਵਿਚ ਸੋਸ਼ਲ ਮੀਡੀਆ ਦੁਨੀਆਂ ਨੂੰ ਆਪਸ ਵਿਚ ਜੋੜਨ ਲਈ ਇੱਕ ਨਵੀਨਤਮ ਤੇ ਸ਼ਕਤੀਸ਼ਾਲੀ ਤਕਨੀਕ ਵਜੋਂ ਉੱਭਰਿਆ ਹੈ। ਇਹ ਤਕਨੀਕ ਲੋਕ ਰਾਏ ਨੂੰ ਆਕਾਰ ਦੇਣ, ਵਿਉਹਾਰ ਨੂੰ ਪ੍ਰਭਾਵਿਤ ਕਰਨ ਅਤੇ ਸਮਾਜਿਕ ਨਿਯਮਾਂ ਨੂੰ ਬਦਲਣ ਵਿਚ ਯੋਗਦਾਨ ਪਾਉਂਦੀ ਹੈ। ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਅਤੇ ਟਿਕਟੌਕ ਵਰਗੇ ਪਲੇਟਫਾਰਮ ਦੁਨੀਆਂ ਭਰ ਵਿਚ ਲੱਖਾਂ ਲੋਕਾਂ ਦੇ ਰੋਜ਼ਾਨਾ ਜੀਵਨ ਦਾ ਅਹਿਮ ਅੰਗ ਬਣ ਗਏ ਹਨ। ਸੋਸ਼ਲ ਮੀਡੀਆ ਬੇਸ਼ੱਕ ਕਈ ਲਾਭ ਮੁਹੱਈਆ ਕਰਦਾ ਹੈ? ਪਰੰਤੂ ਇਹ ਕਈ ਮਹੱਤਵਪੂਰਕ ਚੁਣੌਤੀਆਂ ਵੀ ਪੇਸ਼ ਕਰਦਾ ਹੈ।



## 1. ਸੰਚਾਰ ਅਤੇ ਜੁੜਾਅ

ਸੋਸ਼ਲ ਮੀਡੀਆ ਦਾ ਸਭ ਤੋਂ ਮਹੱਤਵਪੂਰਕ ਪ੍ਰਭਾਵ ਇਹ ਹੈ ਕਿ ਇਹ ਸੰਚਾਰ ਅਤੇ ਜੁੜਾਅ ਨੂੰ ਵਧਾਉਂਦਾ ਹੈ। ਇਹ ਇਨਸਾਨਾਂ ਵਿਚਕਾਰ ਵਿਸ਼ਾਲ ਦੂਰੀਆਂ ਦੇ ਬਾਵਜੂਦ ਰਿਸ਼ਤੇ ਬਣਾਈ ਰੱਖਣ ਅਤੇ ਤੁਰੰਤ ਅਨੁਭਵ ਸਾਂਝੇ ਕਰਨ ਅਤੇ ਸਮਾਨ ਵਿਚਾਰਧਾਰਾਵਾਂ ਵਾਲੇ ਸਮੂਹਾਂ ਨਾਲ ਜੁੜਨ ਦੀ ਆਗਿਆ ਦਿੰਦਾ ਹੈ। ਹਾਲਾਂਕਿ ਇਹ ਸਥਾਈ ਜੁੜਾਅ ਕਈ ਰਿਸ਼ਤਿਆਂ ਦਾ ਕਾਰਨ ਬਣ ਸਕਦਾ ਹੈ।

## 2. ਮਨੋਵਿਗਿਆਨਿਕ ਸਿਹਤ ਦੇ ਚਿੰਤਾਜਨਕ ਮੁੱਦੇ

ਬਹੁਤ ਸਾਰੇ ਅਧਿਐਨ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਮਨੋਵਿਗਿਆਨਿਕ ਸਿਹਤ ਦੇ ਮੁੱਦਿਆਂ ਜਿਵੇਂ ਕਿ ਚਿੰਤਾ, ਡਰ, ਡਿਪ੍ਰੈਸ਼ਨ ਅਤੇ ਘੱਟ ਆਤਮ-ਮਰਿਆਦਾ ਨਾਲ ਜੋੜਦੇ ਹਨ। ਆਨਲਾਈਨ ਪੁਰਾਣੇ ਰੂਪ ਨੂੰ ਬਣਾਉਣ ਦਾ ਦਬਾਅ ਉਪਭੋਗਤਾਵਾਂ ਵਿਚ ਖੁਦ ਨੂੰ ਅਣਗੌਲਿਆਂ ਅਤੇ ਇਕੱਲੇ ਮਹਿਸੂਸ ਕਰਨ ਦਾ ਕਾਰਨ ਬਣ ਸਕਦਾ ਹੈ, ਖਾਸ ਕਰਕੇ ਨੌਜਵਾਨਾਂ ਵਿਚ। “ਸਮਾਜਿਕ ਤੁਲਨਾ” ਦਾ ਡਰ ਅਸੰਭਵ ਉਮੀਦਾਂ ਅਤੇ ਆਪਣੇ ਜੀਵਨ ਪ੍ਰਤੀ ਅਸੰਤੋਸ਼ ਪੈਦਾ ਕਰਦਾ ਹੈ।

## 3. ਜਾਣਕਾਰੀ ਦੀ ਵਧੀਕ ਅਤੇ ਗਲਤ ਜਾਣਕਾਰੀ

ਸੋਸ਼ਲ ਮੀਡੀਆ ਪਲੇਟਫਾਰਮ ਹੁਣ ਬਹੁਤ ਸਾਰੇ ਲੋਕਾਂ ਲਈ ਖਬਰਾਂ ਅਤੇ ਜਾਣਕਾਰੀ ਦੇ ਮੁੱਖ ਸਰੋਤ ਬਣ ਗਏ ਹਨ। ਇਹ ਜਾਣਕਾਰੀ ਦੀ ਪਹੁੰਚ ਨੂੰ ਲੋਕਤੰਤਰੀ ਬਣਾਉਂਦਾ ਹੈ? ਪਰ ਇਹ ਵਧੀਕ ਅਤੇ ਗਲਤ ਜਾਣਕਾਰੀ ਦੇ ਫੈਲਾਅ ਵਿਚ ਵੀ ਯੋਗਦਾਨ ਪਾਉਂਦਾ ਹੈ। ਗਲਤ ਜਾਣਕਾਰੀ ਦਾ ਤੇਜ਼ ਪ੍ਰਸਾਰਣ ਗੰਭੀਰ ਨਤੀਜੇ ਪੈਦਾ ਕਰ ਸਕਦਾ ਹੈ, ਜਿਹੜਾ ਸਿਹਤ, ਰਾਜਨੀਤੀ ਅਤੇ ਮੌਸਮ ਬਦਲਾਅ ਵਰਗੇ ਮਹੱਤਵਪੂਰਕ ਮੁੱਦਿਆਂ ’ਤੇ ਲੋਕ ਰਾਏ ਨੂੰ ਪ੍ਰਭਾਵਿਤ ਕਰਦਾ ਹੈ।

## 4. ਰਾਜਨੀਤੀ ਅਤੇ ਸਰਗਰਮੀ ’ਤੇ ਪ੍ਰਭਾਵ

ਸੋਸ਼ਲ ਮੀਡੀਆ ਨੇ ਰਾਜਨੀਤੀ ਸੰਚਾਰ ਅਤੇ ਸਰਗਰਮੀ ਵਿਚ ਇਨਕਲਾਬ ਲਿਆ ਦਿੱਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮ ਮਨੋਵਿਗਿਆਨਿਕਤਾ ਅਤੇ ਪ੍ਰਾਪਗੈਂਡਾ ਲਈ ਵੀ ਵਰਤੇ ਜਾ ਸਕਦੇ ਹਨ, ਜਿਸ ਨਾਲ ਅੱਤਵਾਦੀ ਵਿਚਾਰਧਾਰਾਵਾਂ ਦਾ ਫੈਲਾਅ ਹੁੰਦਾ ਹੈ ਅਤੇ ਲੋਕਤੰਤਰਕ ਪ੍ਰਕਿਰਿਆਵਾਂ ਨੂੰ ਨੁਕਸਾਨ ਪਹੁੰਚਦਾ ਹੈ।

## 5. ਸੱਭਿਆਚਾਰਕ ਬਦਲਾਅ

ਸੋਸ਼ਲ ਮੀਡੀਆ ਦੇ ਉਭਾਰ ਨੇ ਸੱਭਿਆਚਾਰਕ ਨਿਯਮਾਂ ਅਤੇ ਮੁੱਲਾਂ ’ਤੇ ਵੀ ਪ੍ਰਭਾਵ ਪਾਇਆ ਹੈ। ਰੁਝਾਨ ਤੇਜ਼ੀ ਨਾਲ ਫੈਲ ਸਕਦੇ ਹਨ। ਫੈਸ਼ਨ, ਭਾਸ਼ਾ ਅਤੇ ਸਮਾਜਿਕ ਵਿਉਹਾਰ ਨੂੰ ਆਕਾਰ ਦੇ ਸਕਦੇ ਹਨ। ਇਹ ਰਚਨਾ ਅਤੇ ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰ ਸਕਦਾ ਹੈ? ਪਰ ਇਹ ਸੱਭਿਆਚਾਰ ਦੀ ਸਮਾਨਤਾ ਦਾ ਕਾਰਨ ਵੀ ਬਣ ਸਕਦਾ ਹੈ, ਜਿੱਥੇ ਵਿਲੱਖਣ ਸਥਾਨਕ ਪ੍ਰੰਪਰਾਵਾਂ ਨੂੰ ਪ੍ਰਭਾਵਸ਼ਾਲੀ ਸਮੱਗਰੀ ਦੁਆਰਾ ਛਾਇਆ ਜਾਂਦਾ ਹੈ।

## 6. ਆਰਥਿਕ ਪ੍ਰਭਾਵ

ਸੋਸ਼ਲ ਮੀਡੀਆ ਨੇ ਪ੍ਰਭਾਵਸ਼ਾਲੀ ਮਾਰਕੀਟਿੰਗ, ਈ-ਕਾਮਰਸ ਅਤੇ ਡਿਜ਼ੀਟਲ ਉਦਯੋਗਿਕਤਾ ਰਾਹੀਂ ਨਵੇਂ ਆਰਥਿਕ ਮੌਕੇ ਉਤਪੰਨ ਕੀਤੇ ਹਨ। ਕਾਰੋਬਾਰ ਸੋਸ਼ਲ ਮੀਡੀਆ ਨੂੰ ਵਿਗਿਆਪਨ, ਗਾਹਕ ਸੰਬੰਧਾਂ ਅਤੇ ਬ੍ਰਾਂਡ ਬਿਲਡਿੰਗ ਲਈ ਵਰਤਦੇ ਹਨ। ਹਾਲਾਂਕਿ ਇਸ ਬਦਲਾਅ ਨੇ ਪ੍ਰੰਪਰਾਗਤ ਮੀਡੀਆ ਖੇਤਰ ਵਿਚ ਨੌਕਰੀਆਂ ਦੇ ਖਾਲੀ ਹੋਣ ਦੀਆਂ ਸਥਿਤੀਆਂ ਨੂੰ ਵੀ ਜਨਮ ਦਿੱਤਾ ਹੈ ਅਤੇ ਨਿੱਜਤਾ ਅਤੇ ਡਾਟਾ ਸੁਰੱਖਿਆ ਬਾਰੇ ਪ੍ਰਸ਼ਨਾਂ ਨੂੰ ਉਠਾਇਆ ਹੈ ਕਿਉਂਕਿ ਕੰਪਨੀਆਂ ਜਾਣਕਾਰੀਆਂ ਨੂੰ ਟਾਰਗੇਟ ਕੀਤੇ ਵਿਗਿਆਪਨ ਲਈ ਇਕੱਠਾ ਕਰਦੀਆਂ ਹਨ।

ਸੋਸ਼ਲ ਮੀਡੀਆ ਦੇ ਸਮਾਜ ’ਤੇ ਪੈਦਾ ਹੋਣ ਵਾਲੇ ਪ੍ਰਭਾਵ ਜਟਿਲ ਅਤੇ ਬਹੁਪੱਖੀ ਹਨ। ਜਿੱਥੇ ਇਹ ਜੁੜਨ, ਅਭਿਵਿਅਕਤ ਕਰਨ ਅਤੇ ਜਾਣਕਾਰੀ ਸਾਂਝੀ ਕਰਨ ਲਈ ਬੇਮਿਸਾਲ ਮੌਕੇ ਪ੍ਰਦਾਨ ਕਰਦਾ ਹੈ, ਉਥੇ ਇਹ ਮਨੋਵਿਗਿਆਨਿਕ ਸਿਹਤ, ਗਲਤ ਜਾਣਕਾਰੀ, ਸੱਭਿਆਚਾਰਕ ਬਦਲਾਅ ਨਾਲ ਸੰਬੰਧਤ ਮਹੱਤਵਪੂਰਕ ਚੁਣੌਤੀਆਂ ਵੀ ਪੇਸ਼ ਕਰਦਾ ਹੈ। ਆਖਿਰਕਾਰ, ਟੀਚਾ ਇਹ ਹੋਣਾ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਦੇ ਸਕਾਰਾਤਮਕ ਪਾਸਿਆਂ ਨੂੰ ਵਰਤਿਆ ਜਾਵੇ, ਜਦੋਂਕਿ ਇਸਦੇ ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਣ ਲਈ ਯਤਨ ਕੀਤੇ ਜਾਣ।

ਡਾ. ਸਤਿਆਵਾਨ ਸੌਰਭ
ਹਰਿਆਣਾ
94665-26148, 01255281381
ਪੰਜਾਬ ਮੇਲ USA

# ਭਾਰਤ ਵਿਚ ਨਸ਼ਾ ਵੇਚਣ ਵਾਲਿਆਂ ਦਾ ਵਧਦਾ ਨੈੱਟਵਰਕ

**ਭਾਰਤ ਵਿਚ ਨਸ਼ੇ ਦੀ ਸਮੱਸਿਆ ਹੁਣ ਕੋਈ ਨਿੱਜੀ ਬੁਰਾਈ ਨਹੀਂ ਹੈ, ਸਗੋਂ ਇੱਕ ਰਾਸ਼ਟਰੀ ਆਫ਼ਤ ਹੈ। ਡਰੱਗ ਮਾਫੀਆ, ਤਸਕਰੀ, ਰਾਜਨੀਤਿਕ ਸਰਪ੍ਰਸਤੀ ਅਤੇ ਸਮਾਜਿਕ ਚੁੱਪੀ, ਇਹ ਸਭ ਮਿਲ ਕੇ ਨੌਜਵਾਨਾਂ ਨੂੰ ਹਨੇਰੇ ਵਿਚ ਧੱਕ ਰਹੇ ਹਨ। ਨਸ਼ਾ ਸਕੂਲਾਂ ਤੋਂ ਪਿੰਡਾਂ ਤੱਕ ਫੈਲ ਗਿਆ ਹੈ। ਇਹ ਸਿਰਫ਼ ਸਿਹਤ ਦਾ ਸੰਕਟ ਨਹੀਂ ਹੈ, ਸਗੋਂ ਸੋਚ ਅਤੇ ਸੱਭਿਅਤਾ ਦਾ ਸੰਕਟ ਹੈ। ਇਸਦਾ ਹੱਲ ਸਿਰਫ਼ ਕਾਨੂੰਨ ਤੋਂ ਨਹੀਂ, ਸਗੋਂ ਸਮੂਹਿਕ ਚੇਤਨਾ, ਸੰਵਾਦ, ਸਿੱਖਿਆ ਅਤੇ ਸਮਾਜਿਕ ਲੀਡਰਸ਼ਿਪ ਤੋਂ ਆਵੇਗਾ। ਜੇਕਰ ਅਸੀਂ ਅੱਜ ਨਹੀਂ ਜਾਗੇ, ਤਾਂ ਕੱਲ੍ਹ ਅਸੀਂ ਇੱਕ ਗੁਆਚੀ ਹੋਈ ਪੀੜ੍ਹੀ ਦਾ ਸੋਗ ਮਨਾਵਾਂਗੇ।**



ਮਾਫੀਆ ਨੈੱਟਵਰਕ ਵਿਚ ਪੁਲਿਸ ਅਤੇ ਰਾਜਨੀਤਿਕ ਸੁਰੱਖਿਆ ਬਾਰੇ ਗੱਲ ਕਰਨਾ ਕੋਈ ਸਾਜ਼ਿਸ਼ ਨਹੀਂ ਹੈ, ਪਰ ਇਹ ਅਦਾਲਤ ਅਤੇ ਜਾਂਚ ਏਜੰਸੀਆਂ ਦੇ ਰਿਕਾਰਡਾਂ ਵਿਚ ਕਈ ਵਾਰ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ। ਐੱਨ.ਡੀ.ਪੀ.ਐੱਸ. ਐਕਟ (ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ) ਵਰਗੇ ਕਾਨੂੰਨ ਮੌਜੂਦ ਹਨ, ਪਰ ਉਨ੍ਹਾਂ ਨੂੰ ਲਾਗੂ ਕਰਨਾ ਬਹੁਤ ਕਮਜ਼ੋਰ ਅਤੇ ਪੱਖਪਾਤੀ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਫੜੇ ਗਏ ਨਸ਼ਾ ਤਸਕਰ ਤਕਨੀਕੀ ਖਾਮੀਆਂ ਕਾਰਨ ਰਿਹਾਅ ਹੋ ਜਾਂਦੇ ਹਨ। ਦੂਜੇ ਪਾਸੇ, ਗਰੀਬ ਜਾਂ ਛੋਟੇ ਉਪਭੋਗਤਾ ਜੇਲ੍ਹ ਵਿਚ ਸੜਦੇ ਹਨ।

ਭਾਰਤ ਅੱਜ ਦੋਹਰੀ ਲੜਾਈ ਲੜ ਰਿਹਾ ਹੈ, ਇੱਕ ਪਾਸੇ ਤਕਨਾਲੋਜੀ ਅਤੇ ਵਿਕਾਸ ਦੀ ਉਡਾਣ ਹੈ ਅਤੇ ਦੂਜੇ ਪਾਸੇ ਸਮਾਜ ਦੇ ਅੰਦਰ ਨਸ਼ੇ ਦੀ ਲਤ ਦਾ ਹਨੇਰਾ ਫੈਲ ਰਿਹਾ ਹੈ। ਨਸ਼ਾ ਹੁਣ ਸਿਰਫ਼ ਇੱਕ ਵਿਅਕਤੀਗਤ ਬੁਰਾਈ ਨਹੀਂ ਹੈ, ਸਗੋਂ ਇਹ ਇੱਕ ਸੰਗਠਿਤ ਉਦਯੋਗ, ਇੱਕ ਅੰਤਰਰਾਸ਼ਟਰੀ ਸਾਜ਼ਿਸ਼ ਅਤੇ ਇੱਕ ਸਮਾਜਿਕ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ। ਪਿੰਡਾਂ ਤੋਂ ਸ਼ਹਿਰਾਂ ਤੱਕ, ਸਕੂਲਾਂ ਤੋਂ ਕਾਲਜਾਂ ਤੱਕ ਅਤੇ ਅਮੀਰਾਂ ਦੀਆਂ ਪਾਰਟੀਆਂ ਤੋਂ ਗਰੀਬਾਂ ਦੀਆਂ ਗਲੀਆਂ ਤੱਕ, ਨਸ਼ੇ ਦੇ ਵਪਾਰੀਆਂ ਨੇ ਆਪਣਾ ਨੈੱਟਵਰਕ ਫੈਲਾਇਆ ਹੈ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਹੁਣ ਇਹ ਜਾਲ ਸ਼ਰਾਬ ਜਾਂ ਭੰਗ ਤੱਕ ਸੀਮਤ ਨਹੀਂ ਹੈ। ਸਿੰਥੈਟਿਕ ਡਰੱਗਜ਼, ਰਸਾਇਣਕ ਨਸ਼ੀਲੇ ਪਦਾਰਥ, ਹੈਰੋਇਨ, ਬ੍ਰਾਊਨ ਸ਼ੂਗਰ, ਕੋਕੀਨ ਵਰਗੇ ਘਾਤਕ ਪਦਾਰਥ ਹੁਣ ਭਾਰਤ ਦੇ ਨੌਜਵਾਨਾਂ ਦੇ ਜੀਵਨ ਨੂੰ ਖੋਖਲਾ ਕਰ ਰਹੇ ਹਨ। ਪੰਜਾਬ, ਹਰਿਆਣਾ, ਮਹਾਰਾਸ਼ਟਰ, ਦਿੱਲੀ, ਮਨੀਪੁਰ, ਗੋਆ ਵਰਗੇ ਰਾਜਾਂ ਵਿਚ, ਇਸ ਜ਼ਹਿਰ ਨੇ ਸਮਾਜਿਕ ਤਾਣੇ-ਬਾਣੇ ਨੂੰ ਤੋੜ ਦਿੱਤਾ ਹੈ। ਇੱਕ ਪਾਸੇ ਸਰਕਾਰ "ਨੌਜਵਾਨਾਂ ਨੂੰ ਹੁਨਰਮੰਦ ਬਣਾਉਣ" ਦੀ ਗੱਲ ਕਰਦੀ ਹੈ, ਦੂਜੇ ਪਾਸੇ ਲੱਖਾਂ ਨੌਜਵਾਨ ਨਸ਼ਿਆਂ ਦੀ ਪਕੜ ਵਿਚ ਆਪਣੀ ਊਰਜਾ, ਜੀਵਨ ਅਤੇ ਭਵਿੱਖ ਗੁਆ ਰਹੇ ਹਨ।

ਨਸ਼ੇ ਦੀ ਲਤ ਪਿੱਛੇ ਇੱਕ ਪੂਰਾ ਸਿਸਟਮ ਹੈ, ਪੈਸੇ ਲਈ ਮਨੁੱਖਤਾ ਦਾ ਵਪਾਰ ਕਰਨ ਵਾਲੇ ਡਰੱਗ ਮਾਫੀਆ, ਪੁਲਿਸ ਅਤੇ ਰਾਜਨੀਤੀ ਵਿਚਕਾਰ ਮਿਲੀਭੁਗਤ, ਵਿਦੇਸ਼ਾਂ ਤੋਂ ਆਉਣ ਵਾਲੇ ਨਸ਼ਿਆਂ ਦੀਆਂ ਖੇਪਾਂ ਅਤੇ ਸਥਾਨਕ ਪੱਧਰ 'ਤੇ ਏਜੰਟ ਨੌਜਵਾਨਾਂ ਨੂੰ ਇਸ ਦਲਦਲ ਵਿਚ ਧੱਕ ਰਹੇ ਹਨ। ਇਹ ਸਭ ਮਿਲ ਕੇ ਦੇਸ਼ ਨੂੰ ਅੰਦਰੋਂ ਖੋਖਲਾ ਕਰ ਰਹੇ ਹਨ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਹਰ ਵੱਡੀ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਪਿੱਛੇ, ਕਿਸੇ ਪ੍ਰਭਾਵਸ਼ਾਲੀ ਵਿਅਕਤੀ ਦਾ ਨਾਮ ਸਾਹਮਣੇ ਆਉਂਦਾ ਹੈ, ਪਰ ਮਾਮਲਾ ਉੱਥੇ ਹੀ ਦਬਾ ਦਿੱਤਾ ਜਾਂਦਾ ਹੈ।

ਇੱਕ ਵਰਗ ਅਜਿਹਾ ਹੈ, ਜੋ ਨਸ਼ਿਆਂ ਨੂੰ "ਜੀਵਨਸ਼ੈਲੀ" ਦਾ ਹਿੱਸਾ ਸਮਝਣ ਲੱਗ ਪਿਆ ਹੈ। ਉੱਚ ਵਰਗ ਦੀਆਂ ਪਾਰਟੀਆਂ ਵਿਚ ਨਸ਼ੇ ਇੱਕ ਫੈਸ਼ਨ ਬਣ ਗਏ ਹਨ। ਉੱਥੇ ਕੋਈ ਵੀ ਇਸਨੂੰ ਸਮਾਜਿਕ ਅਪਰਾਧ ਨਹੀਂ ਮੰਨਦਾ, ਸਗੋਂ ਇਸਨੂੰ 'ਠੰਢਾਪਣ' ਦਾ ਪ੍ਰਤੀਕ ਬਣਾ ਦਿੱਤਾ ਗਿਆ ਹੈ। ਦੂਜੇ ਪਾਸੇ, ਗਰੀਬ ਨੌਜਵਾਨ, ਜੋ ਬੇਰੁਜ਼ਗਾਰੀ, ਨਿਰਾਸ਼ਾ ਅਤੇ ਟੁੱਟੀਆਂ ਉਮੀਦਾਂ ਦਾ ਸ਼ਿਕਾਰ ਹਨ, ਨਸ਼ਿਆਂ ਨੂੰ ਇੱਕ ਅਸਥਾਈ ਰਾਹਤ ਵਜੋਂ ਦੇਖਦੇ ਹਨ। ਦੋਵੇਂ ਸਥਿਤੀਆਂ ਸਮਾਜ ਨੂੰ ਤਬਾਹੀ ਵੱਲ ਲੈ ਜਾ ਰਹੀਆਂ ਹਨ।



ਜਿਸ ਤਰੀਕੇ ਨਾਲ ਨਸ਼ੇ ਸਕੂਲਾਂ ਅਤੇ ਕਾਲਜਾਂ ਵਿਚ ਦਾਖਲ ਹੋਏ ਹਨ, ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਡੂੰਘੀ ਚੇਤਾਵਨੀ ਹੈ। ਬਹੁਤ ਸਾਰੀਆਂ ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਸਕੂਲੀ ਬੱਚੇ ਵੀ ਨਸ਼ਿਆਂ ਦੇ ਪ੍ਰਭਾਵ ਹੇਠ ਹਨ। ਨਸ਼ੇ ਛੋਟੇ ਪਾਊਚਾਂ, ਚਾਕਲੇਟ ਵਰਗੇ ਪੈਕੇਟਾਂ, ਖੁਸ਼ਬੂਦਾਰ ਪਾਊਡਰਾਂ ਦੇ ਰੂਪ ਵਿਚ ਪਰੋਸੇ ਜਾ ਰਹੇ ਹਨ ਅਤੇ ਜਦੋਂ ਬੱਚੇ ਇਸਦੇ ਚੁੰਗਲ ਵਿਚ ਫਸ ਜਾਂਦੇ ਹਨ, ਤਾਂ ਪਰਿਵਾਰ, ਅਧਿਆਪਕ ਅਤੇ ਸਮਾਜ - ਸਾਰੇ ਬੇਵੱਸ ਹੋ ਜਾਂਦੇ ਹਨ।

ਭਾਰਤ ਦੇ ਸੰਵਿਧਾਨ ਨੇ ਸਾਨੂੰ ਇੱਕ 'ਸਿਹਤਮੰਦ ਰਾਸ਼ਟਰ' ਦਾ ਸੁਪਨਾ ਦਿੱਤਾ ਹੈ, ਪਰ ਜਦੋਂ ਨੌਜਵਾਨ ਬਿਮਾਰ ਅਤੇ ਨਸ਼ਿਆਂ ਦੇ ਆਦੀ ਹੋਣ ਤਾਂ ਰਾਸ਼ਟਰ ਦਾ ਸੁਪਨਾ ਕਿਵੇਂ ਸਾਕਾਰ ਹੋ ਸਕਦਾ ਹੈ? ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ, ਜੇਕਰ ਉਹ ਝੁਕਦੇ ਹਨ, ਟੁੱਟਦੇ ਹਨ ਜਾਂ ਖੋਖਲੇ ਹੋ ਜਾਂਦੇ ਹਨ, ਤਾਂ ਦੇਸ਼ ਖੜ੍ਹਾ ਨਹੀਂ ਹੋ ਸਕਦਾ।

ਨਸ਼ਾ ਨਾ ਸਿਰਫ਼ ਸਰੀਰ ਨੂੰ, ਸਗੋਂ ਆਤਮਾ ਨੂੰ ਵੀ ਮਾਰਦਾ ਹੈ। ਇਹ ਫੈਸਲਾ ਲੈਣ ਦੀ ਸਮਰੱਥਾ ਨੂੰ ਨਸ਼ਟ ਕਰ ਦਿੰਦਾ ਹੈ, ਰਿਸ਼ਤੇ ਤੋੜਦਾ ਹੈ, ਅਪਰਾਧ ਨੂੰ ਜਨਮ ਦਿੰਦਾ ਹੈ ਅਤੇ ਸਮਾਜ ਵਿਚ ਹਿੰਸਾ ਅਤੇ ਉਦਾਸੀ ਦਾ ਮਾਹੌਲ ਫੈਲਾਉਂਦਾ ਹੈ। ਨਸ਼ਿਆਂ ਦਾ ਆਦੀ ਵਿਅਕਤੀ ਆਪਣੇ ਪਰਿਵਾਰ ਲਈ ਬੋਝ ਬਣ ਜਾਂਦਾ ਹੈ। ਉਹ ਚੋਰੀ ਕਰਦਾ ਹੈ, ਝੂਠ ਬੋਲਦਾ ਹੈ ਅਤੇ ਖੁਦਕੁਸ਼ੀ ਵੀ ਕਰਦਾ ਹੈ।

ਇਹ ਸਿਰਫ਼ ਸਿਹਤ ਜਾਂ ਕਾਨੂੰਨ ਵਿਵਸਥਾ ਦੀ ਸਮੱਸਿਆ ਨਹੀਂ ਹੈ, ਇਹ ਇੱਕ ਨੈਤਿਕ, ਸਮਾਜਿਕ ਅਤੇ ਸੱਭਿਆਚਾਰਕ ਸੰਕਟ ਹੈ।

ਮਾਫੀਆ ਨੈੱਟਵਰਕ ਵਿਚ ਪੁਲਿਸ ਅਤੇ ਰਾਜਨੀਤਿਕ ਸੁਰੱਖਿਆ ਬਾਰੇ ਗੱਲ ਕਰਨਾ ਕੋਈ ਸਾਜ਼ਿਸ਼ ਨਹੀਂ ਹੈ, ਪਰ ਇਹ ਅਦਾਲਤ ਅਤੇ ਜਾਂਚ ਏਜੰਸੀਆਂ ਦੇ ਰਿਕਾਰਡਾਂ ਵਿਚ ਕਈ ਵਾਰ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ। ਐੱਨ.ਡੀ.ਪੀ.ਐੱਸ. ਐਕਟ (ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ) ਵਰਗੇ ਕਾਨੂੰਨ ਮੌਜੂਦ ਹਨ, ਪਰ ਉਨ੍ਹਾਂ ਨੂੰ ਲਾਗੂ ਕਰਨਾ ਬਹੁਤ ਕਮਜ਼ੋਰ ਅਤੇ ਪੱਖਪਾਤੀ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਫੜੇ ਗਏ ਨਸ਼ਾ ਤਸਕਰ ਤਕਨੀਕੀ ਖਾਮੀਆਂ ਕਾਰਨ ਰਿਹਾਅ ਹੋ ਜਾਂਦੇ ਹਨ। ਦੂਜੇ ਪਾਸੇ, ਗਰੀਬ ਜਾਂ ਛੋਟੇ ਉਪਭੋਗਤਾ ਜੇਲ੍ਹ ਵਿਚ ਸੜਦੇ ਹਨ।

ਸਰਕਾਰਾਂ ਅਕਸਰ "ਜਾਗਰੂਕਤਾ ਮੁਹਿੰਮਾਂ", "ਸਲੋਗਨ ਮੁਕਾਬਲੇ", ਜਾਂ ਨਸ਼ਿਆਂ ਵਿਰੁੱਧ "ਪਰੇਡਾਂ" ਵਰਗੇ ਪ੍ਰਤੀਕਾਤਮਕ ਸਮਾਗਮ ਕਰਦੀਆਂ ਹਨ, ਪਰ ਸਵਾਲ ਇਹ ਹੈ ਕਿ ਕੀ ਇਸ ਨਾਲ ਕੁਝ ਬਦਲਦਾ ਹੈ? ਜਿਸ ਚੀਜ਼ ਦੀ ਲੋੜ ਹੈ, ਉਹ ਹੈ ਇੱਕ ਮਜ਼ਬੂਤ ਨੀਤੀ, ਇਮਾਨਦਾਰ ਲਾਗੂਕਰਨ ਅਤੇ ਸਭ ਤੋਂ ਮਹੱਤਵਪੂਰਨ - ਰਾਜਨੀਤਿਕ ਇੱਛਾ ਸ਼ਕਤੀ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਅਕਸਰ ਸਰਹੱਦੀ ਖੇਤਰਾਂ ਰਾਹੀਂ ਹੁੰਦੀ ਹੈ, ਪੰਜਾਬ-ਪਾਕਿਸਤਾਨ ਸਰਹੱਦ, ਮਨੀਪੁਰ-ਮਿਆਂਮਾਰ ਸਰਹੱਦ, ਗੁਜਰਾਤ ਤੱਟ ਅਤੇ ਮੁੰਬਈ ਬੰਦਰਗਾਹ ਵਰਗੀਆਂ ਥਾਵਾਂ। ਇਨ੍ਹਾਂ ਖੇਤਰਾਂ ਵਿਚ ਹਾਈ ਅਲਰਟ ਦੀ ਲੋੜ ਹੁੰਦੀ ਹੈ, ਪਰ ਅਕਸਰ ਸੁਰੱਖਿਆ ਮਸ਼ੀਨਰੀ ਜਾਂ ਤਾਂ ਢਿੱਲੀ ਜਾਂ ਭ੍ਰਿਸ਼ਟ ਹੁੰਦੀ ਹੈ। ਪਿਛਲੇ ਕੁਝ ਸਾਲਾਂ ਵਿਚ ਟਨ ਨਸ਼ੀਲੇ ਪਦਾਰਥ ਜ਼ਬਤ ਕੀਤੇ ਜਾਣ ਦੇ ਬਾਵਜੂਦ, ਨਸ਼ੀਲੇ ਪਦਾਰਥਾਂ ਦੇ ਮਾਲਕਾਂ ਵਿਰੁੱਧ ਕਾਰਵਾਈ ਬਹੁਤ ਘੱਟ ਰਹੀ ਹੈ। ਇਸ ਨਾਲ ਅਪਰਾਧੀਆਂ ਦਾ ਮਨੋਬਲ ਹੋਰ ਵਧਦਾ ਹੈ।

ਇਸ ਵਿਚ ਮੀਡੀਆ ਦੀ ਭੂਮਿਕਾ ਵੀ ਕਮਜ਼ੋਰ ਰਹੀ ਹੈ। ਕੁਝ ਚੋਣਵੇਂ ਮਾਮਲਿਆਂ ਵਿਚ, ਮੀਡੀਆ ਟੀ.ਆਰ.ਪੀ. ਲਈ "ਨਸ਼ਿਆਂ ਦਾ ਡਰਾਮਾ" ਦਿਖਾਉਂਦਾ ਹੈ, ਪਰ ਜ਼ਿਆਦਾਤਰ ਸਮਾਂ ਇਸ ਗੰਭੀਰ ਮੁੱਦੇ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਜਦੋਂ ਬਾਲੀਵੁੱਡ ਵਰਗੇ ਚਮਕਦਾਰ ਸੰਸਾਰ ਵਿਚ ਨਸ਼ਿਆਂ ਦੀ ਚਰਚਾ ਕੀਤੀ ਜਾਂਦੀ ਹੈ, ਤਾਂ ਇਸਨੂੰ 'ਗੌਸਿਪ' ਵੀ ਬਣਾਇਆ ਜਾਂਦਾ ਹੈ, ਅਸਲ ਸਮਾਜਿਕ ਚਰਚਾ ਨਹੀਂ।

ਇਸ ਪੂਰੇ ਸੰਕਟ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਇਸ ਵਿਚ ਸ਼ਾਮਲ ਵਿਅਕਤੀ ਇਕੱਲਾ ਨਹੀਂ ਮਰਦਾ - ਪੂਰਾ ਪਰਿਵਾਰ ਉਸਦੇ ਨਾਲ ਮਰ ਜਾਂਦਾ ਹੈ ਅਤੇ ਹੌਲੀ-ਹੌਲੀ ਇੱਕ ਪੀੜ੍ਹੀ ਖਤਮ ਹੋ ਜਾਂਦੀ ਹੈ। ਮਾਪੇ ਆਪਣੇ ਬੱਚਿਆਂ ਨੂੰ ਨਸ਼ਿਆਂ ਕਾਰਨ ਗੁਆ ਦਿੰਦੇ ਹਨ, ਭੈਣ-ਭਰਾ ਰਿਸ਼ਤਿਆਂ ਦੀ ਰਾਖ ਵਿਚ ਬਦਲ ਜਾਂਦੇ ਹਨ ਅਤੇ ਪਿੰਡ ਅਤੇ ਸ਼ਹਿਰ ਆਪਣੀ ਜਵਾਨੀ ਗੁਆਉਣ ਤੋਂ ਬਾਅਦ ਚੁੱਪ ਸੋਗ ਵਿਚ ਡੁੱਬ ਜਾਂਦੇ ਹਨ।

ਹੱਲ ਨਸ਼ਿਆਂ ਜਾਂ ਜੇਲ੍ਹਾਂ ਵਿਚ ਨਹੀਂ ਹੈ। ਹੱਲ ਸਸ਼ਕਤੀਕਰਨ, ਸੰਵਾਦ, ਸਿੱਖਿਆ ਅਤੇ ਸਮੂਹਿਕ ਸਮਾਜਿਕ ਯਤਨਾਂ ਵਿਚ ਹੈ।

ਹਰ ਪੰਚਾਇਤ, ਹਰ ਸਕੂਲ, ਹਰ ਮੁਹੱਲੇ ਵਿਚ ਨਸ਼ੇ ਦੀ ਦੁਰਵਰਤੋਂ ਵਿਰੁੱਧ ਇੱਕ ਇਮਾਨਦਾਰ ਮੁਹਿੰਮ ਚਲਾਉਣੀ ਪਵੇਗੀ। ਯੁਵਾ ਸਮੂਹਾਂ, ਮਹਿਲਾ ਸਮੂਹਾਂ ਅਤੇ ਅਧਿਆਪਕਾਂ ਨੂੰ ਇਸ ਮੁੱਦੇ 'ਤੇ ਅਗਵਾਈ ਪ੍ਰਦਾਨ ਕਰਨੀ ਪਵੇਗੀ। ਸਮਾਜ ਨੂੰ ਇਹ ਸਮਝਣਾ ਪਵੇਗਾ ਕਿ ਨਸ਼ੇ ਦੀ ਦੁਰਵਰਤੋਂ ਸਿਰਫ਼ "ਇੱਕ ਵਿਅਕਤੀ ਦੀ ਕਮਜ਼ੋਰੀ" ਨਹੀਂ ਹੈ, ਸਗੋਂ ਇਹ ਇੱਕ ਸਾਜ਼ਿਸ਼ ਹੈ - ਪੂਰਾ ਸਮਾਜ ਇਸਦਾ ਸ਼ਿਕਾਰ ਹੋ ਸਕਦਾ ਹੈ।

ਸਾਨੂੰ ਅਜਿਹੀ ਸਿੱਖਿਆ ਪ੍ਰਣਾਲੀ ਬਣਾਉਣੀ ਪਵੇਗੀ, ਜੋ ਨੌਜਵਾਨਾਂ ਨੂੰ ਸਿਰਫ਼ ਇਮਤਿਹਾਨ ਪਾਸ ਕਰਨ ਦੀ ਨਹੀਂ, ਸਗੋਂ ਜ਼ਿੰਦਗੀ ਜਿਊਣ ਦੀ ਸਮਝ ਦੇਵੇ। ਇਹ ਉਨ੍ਹਾਂ ਨੂੰ ਜ਼ਿੰਦਗੀ ਦੇ ਸੰਘਰਸ਼ਾਂ ਨਾਲ ਲੜਨ ਦੀ ਹਿੰਮਤ, ਅਸਫਲਤਾ ਨੂੰ ਸਵੀਕਾਰ ਕਰਨ ਦੀ ਤਾਕਤ ਅਤੇ ਸੰਜਮ ਦੀ ਸੰਸਕ੍ਰਿਤੀ ਦੇਵੇ।

ਮਾਪਿਆਂ ਨੂੰ ਆਪਣੇ ਬੱਚਿਆਂ ਦੀ ਮਾਨਸਿਕ ਸਥਿਤੀ, ਵਿਵਹਾਰ ਅਤੇ ਸੰਗਤ ਪ੍ਰਤੀ ਵੀ ਸਾਵਧਾਨ ਰਹਿਣਾ ਚਾਹੀਦਾ ਹੈ। ਸੰਚਾਰ ਅਤੇ ਵਿਸ਼ਵਾਸ ਤੋਂ ਬਿਨਾਂ ਕੋਈ ਹੱਲ ਸੰਭਵ ਨਹੀਂ ਹੈ। ਬੱਚੇ ਡਰ ਜਾਂ ਸਜ਼ਾ ਦੇ ਕਾਰਨ ਲੁਕ ਜਾਂਦੇ ਹਨ, ਪਰ ਸੰਚਾਰ ਰਾਹੀਂ ਖੁੱਲ੍ਹ ਜਾਂਦੇ ਹਨ।

ਅਤੇ ਅੰਤ ਵਿਚ, ਜਦੋਂ ਤੱਕ ਸਮਾਜ ਨਸ਼ੇ ਦੀ ਲਤ ਨੂੰ ਇੱਕ "ਅਪਰਾਧ" ਵਜੋਂ ਨਹੀਂ ਸਗੋਂ ਇੱਕ "ਆਫ਼ਤ" ਵਜੋਂ ਨਹੀਂ ਦੇਖਦਾ, ਜਿਸ ਵਿਚ ਪੀੜਤ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ ਅਤੇ ਮਾਫੀਆ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਇਹ ਜ਼ਹਿਰ ਫੈਲਦਾ ਰਹੇਗਾ।

ਨਸ਼ਾ ਇੱਕ ਧੀਮਾ ਜ਼ਹਿਰ ਹੈ, ਇਹ ਸਰੀਰ ਤੋਂ ਪਹਿਲਾਂ ਮਨ ਨੂੰ ਮਾਰ ਦਿੰਦਾ ਹੈ। ਅੱਜ ਉਸ ਮਨ ਨੂੰ ਜਗਾਉਣ ਦੀ ਲੋੜ ਹੈ, ਜੋ ਕਹਿੰਦਾ ਹੈ, ਨਸ਼ਾ ਛੱਡੋ, ਜ਼ਿੰਦਗੀ ਚੁਣੋ।

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



# ਸਰਬਲੋਹ ਗ੍ਰੰਥ ਵਿਚ ਭਾਸ਼ਾਵਾਂ ਦੇ ਅਮੀਰੀ ਗੁਣ

ਸੰਸਾਰ ਦੇ ਮਹਾਨ, ਸੂਰਬੀਰਾਂ ਅਤੇ ਯੋਧਿਆਂ ਦੀ "ਖਾਲਸਾ" ਕੌਮ-ਜਿਸ ਨੇ ਜੰਗ-ਏ-ਮੈਦਾਨ ਅੰਦਰ ਜੂਝ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਚਰਖੜੀਆਂ 'ਤੇ ਚੜ੍ਹੇ, ਰੰਬੀਆਂ ਨਾਲ ਖੋਪਰੀਆਂ ਉਤਰਵਾਈਆਂ, ਭੱਠਾਂ ਵਿਚ ਜੀਉਂਦੇ ਸੜੇ, ਬੱਚਿਆਂ ਦੇ ਟੋਟੇ ਕਰਵਾ ਨੇਜਿਆਂ 'ਤੇ ਟੰਗਵਾਏ ਅਤੇ ਗਲਾਂ 'ਚ ਹਾਰ ਪੁਆਏ, ਇੰਜਨਾਂ ਥੱਲੇ ਕੁਚਲੇ ਗਏ ਅਤੇ ਚੌਂਕੜੇ ਮਾਰ ਕੇ ਬੰਦ-ਬੰਦ ਕਟਵਾਏ, "ਅਕਾਲ-ਭਾਣੇ" ਨੂੰ ਮਿੱਠਾ ਕਰ ਕੇ ਮੰਨਿਆ। ਜਦ ਅਸੀਂ ਇਸ ਸਿਰਲੱਥ-ਯੋਧਿਆਂ ਦੀ "ਖਾਲਸਾ" ਕੌਮ ਦੇ ਬਾਨੀ ਅਤੇ ਸਰਬੰਸਦਾਨੀ, ਕਲਗੀਧਰ ਦਸਮੇਸ਼ ਪਿਤਾ-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 42 ਕੁ ਸਾਲ ਦੇ ਸਰਗੁਣੀ ਪਵਿੱਤ੍ਰ ਸ੍ਵਰੂਪ ਦੇ ਦਰਸ਼ਨ ਕਰਦੇ ਹਾਂ, ਤਾਂ ਆਪ ਜੀ ਦੇ ਵੱਖ-ਵੱਖ ਝਲਕਾਰ-ਰੂਪ ਦਰਸ਼ਨ ਹੁੰਦੇ ਹਨ। ਆਪ ਜੀ ਭਲੀ-ਪੂਰਨ ਸਤਿਗੁਰੂ ਹਨ। ਮਹਾਨ ਯੋਧਾ ਅਤੇ ਸਤਿ-ਨੀਤੀ-ਨਿਪੁੰਨ ਧਰਮ-ਰਖਯਕ ਸੈਨਾਪਤੀ ਵੀ ਹਨ। ਪਰੰਤੂ ਜਦ ਅਸੀਂ ਆਪ ਜੀ ਨੂੰ ਇਕ-ਮਹਾਨ "ਸਾਹਿੱਤਕਾਰ" ਅਤੇ "ਮਹਾਨ-ਕਵੀ" ਦੇ "ਕਵਿ-ਰੰਗ-ਸੁੰਦਰ" ਸ੍ਵਰੂਪ ਵਿਚ ਦਰਸ਼ਨ ਕਰਦੇ ਹਾਂ, ਤਾਂ ਬੁੱਧੀ ਚਕ੍ਰਿਤ ਰਹਿ ਜਾਂਦੀ ਹੈ।

ਆਪ ਜੀ ਦੀਆਂ ਮਹਾਨ ਕਾਵਿ-ਕਲਾ-ਕ੍ਰਿਤੀਆਂ ਜਾਪੁ ਸਾਹਿਬ, ਅਕਾਲ-ਉਸਤਤਿ, ਬਚਿੱਤ੍ਰ ਨਾਟਕ, ਜ਼ਫਰਨਾਮਹ, ਗਯਾਨ-ਪ੍ਰਬੋਧ, ਸ਼ਬਦ, ਸਵੱਯੇ, ਚੌਪਈ, ਚੰਡੀ-ਚਰਿਤ੍ਰ, ਤ੍ਰੀਯ ਚਰਿਤ੍ਰ ਆਦਿਕ ਹਨ, ਜਿਨ੍ਹਾਂ ਰਚਨਾਵਾਂ ਦਾ ਭਾਰਤੀ ਸਾਹਿਤ ਵਿਚ ਹੋਰ ਕੋਈ ਸਾਨੀ ਨਹੀਂ ਹੈ। "ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਗਯਾਨ-ਪ੍ਰਬੋਧ ਨਾਟਕ", ਤਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਅਤੇ ਅਧਿਯਾਤਮਿਕ ਆਸ਼ਿਆ ਦੇ ਆਧਾਰ ਉਤੇ ਹੀ ਸਤਿਗੁਰੂ ਕਲਗੀਧਰ ਜੀ ਦੇ ਗੁਰੂ-ਹਿਰਦਯ ਅੰਦਰੋਂ ਅਜ਼ਲੀ ਤੇ ਅਕਾਲੀ ਬਾਣੀ ਦਾ ਸੋਮਾ ਵਹਿ ਨਿਕਲਿਆ ਹੈ। ਬਚਿੱਤ੍ਰ-ਨਾਟਕ ਅਤੇ ਜ਼ਫਰਨਾਮਹ, ਇਤਿਹਾਸਿਕ ਤੱਥ ਤੋਂ ਭਰਪੂਰ-ਬੀਰ-ਰਸ ਦਾ ਸੁੰਦ੍ਰ ਕਿਸ਼ਮਾ ਅਤੇ ਅਨੁਭਵੀ ਬਾਣੀ ਹੈ। ਇਸੇ ਤਰ੍ਹਾਂ-ਚੰਡੀ-ਚਰਿਤ੍ਰ, ਤ੍ਰੀਯ-ਚਰਿਤ੍ਰ, ਚੌਬੀਸ ਅਵਤਾਰ ਆਦਿਕ ਪੌਰਾਣਿਕ ਕਥਾਵਾਂ ਤੇ ਮਿਥਿਹਾਸਿਕ-ਸਨਾਤਨੀ, ਸ਼ਾਸਤ੍ਰੀ ਵਿੱਦਿਆ ਦੀਆਂ ਰਚਨਾਵਾਂ ਨੂੰ ਆਪ ਜੀ ਨੇ ਆਪਣੇ ਮਹਾਨ ਅਤੇ ਪਵਿੱਤ੍ਰ ਅਨੁਭਵ ਰਾਹੀਂ ਪ੍ਰਗਟ ਕੀਤਾ ਹੈ।

ਇਸੇ ਹੀ ਮਹਾਨ, ਪਰਮ-ਪਵਿੱਤ੍ਰ ਅਤੇ "ਜਾਗਦੀ-ਜੋਤਿ" ਸਤਿਗੁਰੂ ਹਿਰਦਯ ਦੇ ਅਨੁਭਵ ਤੋਂ ਉਤਪੰਨ ਹੋਇਆ ਹੈ -ਸ੍ਰੀ "ਸਰਬਲੋਹ" ਗ੍ਰੰਥ ਜਿਸ ਦੀ ਸ਼ੈਲੀ ਅਤੇ ਤਕਨੀਕ-ਚੰਡੀ ਚਰਿਤ੍ਰ ਨਾਲ ਹੀ ਮਿਲਦੀ ਜੁਲਦੀ ਹੈ। ਕਿਉਂਕਿ "ਸ੍ਰੀ ਸਰਬਲੋਹ" ਗ੍ਰੰਥ ਵੀ, ਬੀਰ ਰਸੀ ਮਹਾਨ ਕਾਵਿ-ਕਲਾ ਕ੍ਰਿਤਿ ਦਾ ਸਰਵੋਤਮ ਕ੍ਰਿਸ਼ਮਾ ਹੈ। ਇਸ ਵਿਚ ਵੀ ਅਨੁਭਵ ਰਾਹੀਂ ਆਤਮਪ੍ਰਵਾਜ਼ ਦੇ ਅਤਿ-ਉੱਤਮ ਅਤੇ ਸੁੰਦਰ ਪ੍ਰਭਾਵ ਮਿਲਦੇ ਹਨ। ਸਭ ਤੋਂ ਵਧੇਰੇ ਖੂਬਸੂਰਤ ਅਤੇ ਅਨੁਭਵੀ-ਕਲਾਮਈ ਕ੍ਰਿਸ਼ਮਾ ਇਹ ਹੈ ਕਿ ਸ੍ਰੀ ਸਤਿਗੁਰੂ ਕਲਗੀਧਰ ਜੀ ਬੀਰ ਰਸ-ਰੰਗ ਅੰਦਰ ਆਏ ਹੋਏ ਕਿਸੇ ਮੈਦਾਨੇ ਜੰਗ ਦਾ ਸੁੰਦਰ ਵਰਣਨ ਕਰਦੇ ਹਨ, ਤਾਂ ਉੱਚੀਆ ਅਨੂਪਮ ਛੋਹਾਂ ਨੂੰ ਚਿਤ੍ਰਦੇ ਪ੍ਰਤੀਤ ਹੁੰਦੇ ਹਨ। ਯੋਧਿਆਂ ਦੇ ਜੰਗੀ ਬਸਤ੍ਰਾਂ ਦੀ ਸਜਾਵਟ, ਦਲਾਂ ਦੀਆਂ ਕਤਾਰਾਂ, ਹਾਥੀ, ਘੋੜਿਆਂ ਤੇ ਊਠਾਂ ਦੇ ਸਵਾਰਾਂ ਦੀਆਂ ਅਨੂਪਮ ਛਬੀਆਂ ਦਾ ਪ੍ਰਗਟਾ ਕਰਦੇ ਹਨ। ਨਿਸ਼ਾਨਾਂ ਦਾ ਹਵਾ ਵਿਚ ਲਹਿਰਾਉਣਾ, ਸ਼ਸਤ੍ਰਾਂ ਦੀ ਝਲਕਾਰ ਅਤੇ ਰੰਗਾ-ਰੰਗ ਜੰਗੀ ਨਜ਼ਾਰਿਆਂ ਦਾ ਵਰਣਨ ਕਰਦਿਆਂ ਹੋਇਆਂ -ਜੰਗੀ ਵਾਜਿਆਂ, ਨਰਸਿੰਘਿਆਂ, ਨਗਾਰਿਆਂ ਅਤੇ ਧੌਂਸਿਆਂ ਦੀ ਮਾਰੂ-ਘਨਘੋਰ ਵਿਚ ਵੀ ਆਪ ਕਿਸੇ ਅਦ੍ਰਿਸ਼ਟ "ਨਿਰਮਲ ਅਜ਼ਲੀ-



ਜੋਤਿ" ਪਰਮ-ਪੁਰਖ-ਵਾਹਿਗੁਰੂ, ਅਕਾਲ-ਪੁਰਖ, ਸ੍ਰੀ "ਮਹਾਕਾਲ" ਵਿਚ ਅਭੇਦ ਹੋ ਜਾਣਾ ਅਤੇ "ਦ੍ਵੈ ਤੇ ਏਕ ਰੂਪ"-ਇਕ-ਰਸ ਅੰਮ੍ਰਿਤ ਮਈ ਵਿਵਸਥਾ ਵਿਚ ਤੱਲੀਨ ਹੋ ਕੇ ਅਜ਼ਲੀ ਆਵੇਸ਼ ਦੀ ਬਾਣੀ ਰਚਨਾ ਹੈ!

ਅਜਿਹੀ ਮਹਾਨ ਕਾਵਿ ਕਲਾ ਕ੍ਰਿਤ ਦੀ, ਸਰਬ-ਪ੍ਰਿਯ ਅਤੇ ਸਰਵੋਉੱਤਮ- "ਕ੍ਰਿਤਿ" -ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ "ਧੁਰ ਕੀ ਬਾਣੀ" ਅਤੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਵੀ ਅਨੁਭਵੀ ਗ੍ਰੰਥ-'ਪੁਰਾਣ, ਸ੍ਰਿਤਿ, ਸ਼ਾਸਤ੍ਰ ਜਾਂ ਕਿਤਾਬ', ਵਿਚ ਨਹੀਂ ਮਿਲਦੀ।

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਦੀ ਚਰਚਾ ਅਤੇ ਨਾਮ, ਅਤਿ ਪ੍ਰੇਮ ਅਤੇ ਸ਼ਰਧਾ ਨਾਲ ਸਿੱਖ ਪੰਥ ਵਿਚ ਲਿਆ ਜਾਂਦਾ ਹੈ। ਪਰ ਵਿਰਲੇ ਹੀ ਗੁਰਮੁਖ ਪਿਆਰੇ ਹੋਣਗੇ, ਜਿਨ੍ਹਾਂ ਨੇ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਹੋਣਗੇ, ਜਾਂ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸੰਪੂਰਨ ਪਾਠ ਕੀਤਾ ਹੋਵੇਗਾ। ਗੁਰਬਾਣੀ ਦੇ ਖੋਜੀ ਅਤੇ ਪ੍ਰੇਮੀ ਵਿਦਵਾਨ ਸੱਜਣ ਇਸ ਗੱਲ ਤੋਂ ਜਾਣੂ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਮੋਲਕ ਅਤੇ ਮਹਾਨ ਰਚਨਾ ਦਾ ਇਕ ਕੇਂਦਰ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਵੀ ਹੈ।

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਵਿਚ ਸੈਂਕੜੇ ਕਿਸਮ ਦੇ ਛੰਦ ਵਰਤੇ ਗਏ ਹਨ। ਇਹ ਪਹਿਲਾਂ ਗ੍ਰੰਥ ਹੈ ਜਿਸ ਵਿਚ ਏਨੀ ਵੱਡੀ ਮਾਤਰਾਂ ਵਿਚ ਛੰਦਬੰਦੀ ਹੋਈ ਹੋਵੇ, ਇਸ ਵਿਚ ਵਰਤੀ ਗਈਆਂ ਅਨਗਿਣਤ ਭਾਸ਼ਾਵਾਂ, ਇਸ ਦੇ ਸਹਿਤਕ, ਧਾਰਮਿਕ ਤੇ ਭਾਸ਼ਾਈ ਗੁਣਾਂ ਦਾ ਇੱਕ ਅਖੀਰ ਖਜ਼ਾਨਾ ਹੈ। ਇਸ ਦੇ ਪਹਿਲੇ ਅਧਿਆਏ ਵਿਚ ਕਰਮਵਾਰ ਛੰਦ ਬੰਦੀ ਏਵੇਂ ਦਰਜ਼ ਹੈ। ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਬਿਲਾਵਲ, ਸੂਹੀ, ਤੇਲੰਗ, ਸ੍ਰੀ ਰਾਗ, ਮਾਝ, ਗਉੜੀ ਪੂਰਬੀ, ਗਉੜੀ ਬੈਰਾਗਨਿ, ਗਉੜੀ ਚੇਤੀ, ਆਸਾ, ਆਸਾ ਕਾਫੀ, ਆਸਾਵਰੀ, ਨਟ ਨਾਰਾਇਨ, ਕਾਫੀ ਨਟ, ਨਟ, ਮਾਲੀ ਗਉੜਾ, ਕਾਨੜਾ, ਕਲਯਾਨ, ਮਾਰੂ, ਪਰਜ, ਕੇਦਾਣਾ, ਸੋਰਠਿ, ਜੰਜਾਵੰਤੀ, ਤੁਖਾਰੀ, ਬਿਹਾਗੜਾ, ਬਿਹਾਗੜਾ ਮਾਲਵਾ, ਜੈਤਸਰੀ, ਬੈਰਾੜੀ, ਟੋਡੀ ਤਲਾਨਾ, ਗੋਂਡ, ਗੋਂਡ ਬਿਲਾਵਲ, ਦੋਹਰਾ, ਛਪਯ, ਸੋਰਠਾ, ਦੋਹਾ ਸੋਰਠਾ, ਚਾਰਨੀ ਦੋਹਰਾ, ਬਡਾ ਦੋਹਰਾ, ਇੰਦ੍ਰ ਦੋਹਰਾ, ਇੰਦ੍ਰ ਸੋਰਠਾ, ਰਸਾਲ ਦੋਹਰਾ, ਮਧੁਰਧੁਨਿ ਛੰਦ ਦੋਹਰਾ, ਕਨਕ ਦੋਹਰਾ, ਮਾਧੋ ਦੋਹਰਾ, ਪੰਚਾਲ ਦੋਹਰਾ, ਅਨੰਦ ਦੋਹਰਾ, ਮੰਗਲ ਦੋਹਰਾ, ਜਯ ਦੋਹਰਾ, ਪਵਿਤ੍ਰ ਦੋਹਰਾ, ਧਰਮ ਸੋਰਠਾ, ਮੋਹਨ ਦੋਹਰਾ, ਚਿਤਾਨੰਦ ਸੋਰਠਾ, ਛਤ੍ਰੀ ਸੋਰਠਾ, ਭਾਵੀ ਉਦੇਤ ਸੋਰਠਾ, ਪਾਰਸ ਸੋਰਠਾ, ਨਾਰਾਇਨ ਸੋਰਠਾ, ਗਿਰਧਾਰੀ ਦੋਹਰਾ, ਕਵਲ ਸੋਰਠਾ, ਖਾਲਕ੍ਰ ਸੋਰਠਾ, ਘਨਿ ਸਯਾਮ ਦੋਹਰਾ, ਦਯਾ ਦੋਹਰਾ, ਓਅੰ ਦੋਹਰਾ, ਸਹੰਸ ਮੁਖੀ ਦੋਹਰਾ, ਇੰਦ੍ਰਗ ਦੋਹਰਾ, ਝੂਰਨ ਦੋਹਰਾ, ਟੋਟਕ ਦੋਹਰਾ, ਨਿਡਰ ਦੋਹਰਾ, ਢੀਠ ਦੋਹਰਾ, ਬੀਰਕਤ ਦੋਹਰਾ, ਬਿਸਨੁ ਦੋਹਰਾ, ਰਾਮ ਦੋਹਰਾ, ਲਲਿਤ ਦੋਹਰਾ, ਹਰਿਆਵਲ ਦੋਹਰਾ, ਨਰਾਜ ਛੰਦ, ਛੰਦ, ਲਘੁ ਸਵੈਯਾ, ਸਵੈਯਾ, ਛਪਯ ਛੰਦ, ਸਲੋਕ, ਤ੍ਰਿਭੰਗੀ, ਰਾਗ ਸਰੰਗ, ਸਾਰੰਗ ਕਾਰੀ, ਸਾਰੰਗ ਪੜਤਾਲ, ਸਾਰੰਗ ਖੜਪਦੀ, ਹਮੀਰ, ਗੰਭੀਰ, ਕੁੰਭ, ਮਲਾਰ (ਮਲਾਰੀ), ਮਲਾਰ ਭੈਰਉ, ਮਲਾਰ (ਸੰਗੀਤੀ), ਮਲਾਰ ਸੰਗੀਤ ਤਲਾਣਾ, ਮਲਾਰ ਪੜਤਾਲ, ਮਲਾਰ ਤ੍ਰਿਭੰਗੀ, ਮਲਾਰ ਚੋਖੰਡੀ, ਮਲਾਰ ਸਯਾਮ, ਬਸੰਤ, ਬਸੈਤ ਹਿੰਡੋਲ, ਬੰਤ ਮਲਾਰੀ, ਮਾਲਕੋਸ ਤਯਲੰਗੀ, ਮਾਲਕੋਸ ਤਯਲੰਗੀ, ਮਾਲਕੋਸ ਮੇਘ ਮਾਲਾ, ਮਾਲਕੋਸ ਦਾਦਰ, ਰਾਗੁ ਦੀਪਕ ਕਰਨਾਟੀ, ਬਿਸਨੁਪਦ, ਬਿਸਨੁਪਦ ਚੁਉਤ੍ਰਕਾ, ਛੰਤ, ਛੰਤ ਰਡਾਣਾ ਦਖਣੀ, ਛੰਦ ਬ੍ਰਿਧਮੁਖੀ ਤਈਲੰਗ, ਛੰਦ ਸਾਨੀ, ਛੰਦ ਸਾਲੂ, ਸਯਾਮ ਛੰਦ, ਸਾਲੂ ਛੰਦ ਅਨੰਤ ਤੁਕਾ, ਸਯਾਮ ਛੰਦ ਛਪਯ, ਚਰਪਦ, ਸੋਲਹੇ, ਅਸਟਪਦੀ ਚੌਤ੍ਰਕੀ (ਆਰਤੀ), ਕਵਿ ਅਸਤੰਤ੍ਰ, ਤ੍ਰਿਭੰਗੀ ਛੰਦ, ਚੋਖੰਡੀ, ਚੋਫਾਕੀ, ਚਤ੍ਰਪਦ, ਛੰਤ ਤੜਪ੍ਰਸਾਦਿ, ਰਖੋਤਾ, ਕੜਖਾ, ਛੰਦ, ਕਬਿੱਤ, ਝੂਲਨਾ, ਸੰਗੀਤ ਝੂਲਨਾ, ਸੰਗੀਤ ਐਛਰੀ, ਕੁੰਡਲੀਆਂ, ਕਲਸ, ਤਿਭੰਗੀ, ਤ੍ਰਬਲਿ ਰੇਖਤਾ ਅਤੇ ਮਕਰਾ ਆਦਿ।

"ਸਰਬਲੋਹ" ਗ੍ਰੰਥ ਸਾਹਿਬ ਜੀ ਦੇ ਛਾਪੇ ਦੇ ਰੂਪ ਵਿਚ ਦਰਸ਼ਨ ਕਰਨ ਲਈ ਸਾਰੇ ਹੀ ਸਿੱਖ ਜਗਤ ਅਤੇ ਗੁਰੂ-ਪੰਥ-ਸੰਗਤ ਦੇ ਨੇਤ੍ਰ-ਪਿਆਸੇ ਸਨ। ਇਸ ਪਿਆਸ ਦੀ ਤ੍ਰਿਪਤੀ ਦਾ ਸਾਧਨ ਬਣਨ ਵਾਸਤੇ ਸੂਰਮਗਤੀ, ਧੀਰਜ, ਕੁਰਬਾਨੀ ਅਤੇ ਤਿਆਗ ਦੀ ਭਾਵਨਾ ਦੇ ਨਾਲ ਅਣਥੱਕ ਮਿਹਨਤ-ਮੁਸ਼ੱਕਤ ਦੀ ਵੀ ਜ਼ਰੂਰਤ ਸੀ। ਅਜਿਹੀ ਭਾਵਨਾ ਕਿਸੇ ਸੰਸਥਾ (ਜਥੇਬੰਦੀ) ਅੰਦਰ ਜਾਂ ਕਿਸੇ ਸੰਸਥਾ ਦੇ ਮਹਾਨ-ਨੇਤਾ (ਆਗੂ) ਵਿਚ ਹੀ ਹੋ ਸਕਦੀ ਸੀ।

ਸੋ, ਸੱਚੇ ਪਾਤਸ਼ਾਹਾਂ ਦੇ ਪਾਤਸ਼ਾਹ! ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਪਾਰ ਕਿਰਪਾ ਕਰ ਕੇ ਆਪਣਾ ਕਾਰਜ", ਆਪਣੇ ਪਰਮ-ਪਿਆਰੇ, ਚਰਣ-ਸਾਦਕ, ਰੋਸ਼ਨ-ਮੁਖਿ, ਉਜੂਲ ਦੀਦਾਰੀ, ਗੁਰਬਾਣੀ ਦੇ ਰਸੀਏ, ਬਚਨਾਂ ਦੇ ਪੂਰੇ-ਸੂਰੇ, ਭਗਤਿ-ਦਾਨੀ, ਪਰ ਉਪਕਾਰੀ ਬੁੱਧਿ ਵਾਲੇ ਪੰਥ ਅਕਾਲੀ ਦੇ ਮਹਾਨ ਜਰਨੈਲ ਗੁਰਮੁਖ-ਪਿਆਰੇ ਸ੍ਰੀ ਮਾਨ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਛਯਾਨਵੇਂ ਕ੍ਰੋੜੀ, ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਬੁੱਢਾ ਦਲ ਪੰਜਵਾਂ ਤਖਤ (ਚਲਦਾ ਵਹੀਰ) ਪੰਜਾਬ (ਹਿੰਦੁਸਤਾਨ)-ਪਾਸੋਂ ਇਹ ਕਾਰਜ ਆਪ ਕਰਵਾਇਆ ਹੈ।

ਸ੍ਰੀ "ਸਰਬਲੋਹ" ਗ੍ਰੰਥ ਨਵੀਨਤਮ ਸੁੰਦਰ ਰੂਪ ਵਿਚ ਪ੍ਰਕਾਸ਼ਤ ਹੋ ਕੇ ਆਉਣ ਨਾਲ ਗੁਰੂ-ਪੰਥ ਦੇ ਖੋਜੀ ਅਤੇ ਵਿਦਵਾਨ ਸੱਜਣ ਇਸ ਪਾਸੇ ਮਿਹਨਤ ਕਰਨ ਤੋਂ ਝਿਜਕਦੇ ਸਨ, ਉਹ ਭੈਅ ਦੂਰ ਹੋ ਜਾਏਗਾ ਅਤੇ ਸ੍ਰੀ ਸਤਿਗੁਰੂ ਜੀ ਦੇ ਮਹਾਨ ਪਰਮ-ਪਵਿਤ੍ਰ ਹਿਰਦਯ 'ਚੋਂ ਉਤਪੰਨ ਹੋਇਆ ਉੱਚਾ ਤੋਂ ਸੁੱਚਾ ਪੂਰਨ "ਗੁਰੂ ਸਾਹਿਤ" ਪੂਰਨ ਤੌਰ 'ਤੇ ਸੰਗਤਾਂ ਨੂੰ ਦਰਸ਼ਨ ਕਰਨ, ਪਾਠ ਕਰਨ ਅਤੇ ਵਿਚਾਰਨ ਵਾਸਤੇ ਪ੍ਰਾਪਤ ਹੋ ਸਕੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਖੰਡ-ਜੋਤਿ, ਇਕ-ਰਸ, ਖਾਲਸ-ਸ੍ਵਰੂਪ ਅਕਾਲ-ਪੁਰਖ, ਸ੍ਰੀ "ਮਹਾਕਾਲ" ਜੀ ਦੇ ਹੀ ਉਪਾਸ਼ਕ ਹਨ।

ਸ੍ਰੀ ਸਰਬਲੋਹ ਗ੍ਰੰਥ ਵਿਚੋਂ ਤ੍ਰਿਭੰਗੀ ਛੰਦ

ਸ੍ਰੀ-ਨਮੋ ਭਵਾਨੀ, ਲੋਕਾਂ-ਰਾਨੀ, ਪ੍ਰਭੰ-ਮੁਰਾਰੀ, ਜਯ ਚੰਡੀ॥
ਤ੍ਰੈਭਵਨੰ-ਦਾਤਾ, ਜਗ-ਪਿਤ ਮਾਤਾ, ਜੁਗਤਿ-ਬਿਧਾਤਾ, ਭੁਯ-ਖੰਡੀ॥
ਸ਼ਤ੍ਰਨ-ਦਲ-ਹੰਤੀ, ਅਸੁਰ-ਮਥੰਤੀ, ਜ੍ਵਾਲ-ਜਯੰਤੀ, ਰਿਪੁ-ਡੰਡੀ॥
ਮਹਿਖਾਸੁਰ-ਮਾਰਨਿ, ਦੁਸ਼ਟ-ਪ੍ਰਜਾਰਨਿ, ਪਤਿਤ-ਉਧਾਰਨਿ ਜਗ-ਮੰਡੀ॥ ੧੫੯॥
ਨਰਕਾਨ-ਨਿਵਾਰਨਿ, ਅਧਮ-ਉਧਾਰਨਿ, ਕਿਲਬਿਖ-ਵਾਰਨਿ, ਜਯ ਮਾਯਾ॥
ਕ੍ਰਿਪਾਲ-ਕ੍ਰਿਪਾਲਾ, ਦੀਨ-ਦਯਾਲਾ, ਸ੍ਰੀ-ਬਨ ਮਾਲਾ, ਜਸ ਛਾਯਾ॥
ਅਕਲੰਕ-ਸਰੂਪੰ, ਅਛਲਸ-ਭੂਪੰ, ਸੁਖਨਿਧਿ-ਕੂਪੰ, ਹਰਿ-ਰਾਯਾ॥
ਬੰਦਾਨ-ਖਲਾਸੀ ਪ੍ਰਭ-ਅਬਿਨਾਸੀ, ਘਟਿ-ਘਟਿ-ਵਾਸੀ, ਸੁਖਦਾਯਾ॥ ੧੬੦ ॥
ਜੈ ਜੈ ਜਗਬੰਦਨਿ, ਦੁਸ਼ਟ ਨਿਕੰਦਨਿ, ਅਸੁਰ ਬਿਹੰਡਨਿ ਗੂੜ ਗਤੇ॥
ਪਾਪਾਨਿ ਬਿਨਾਸਨਿ, ਕਿਲਬਿਖ ਨਾਸਨਿ, ਦਈਤ ਸੰਤਾਪਨਿ, ਅਚਲ ਮਤੇ॥
ਸੁਭਾਸੁਰ ਹੰਤਾ, ਮੁੰਡ ਦਲੰਤਾ, ਚੰਡ ਮਥੰਤਾ ਆਦਿ ਸਤੇ॥
ਸ੍ਰੀ ਆਦਿ ਕੁਮਾਰੀ, ਸ਼ਤ੍ਰ ਸੰਘਾਰੀ, ਭਵਨਿਧਿ ਤਾਰੀ, ਪ੍ਰਾਨਪਤੇ॥ ੧੬੧॥
ਅਬਿਚਲ ਅਵਾਸੀ, ਜੋਤਿ ਪ੍ਰਕਾਸ਼ੀ, ਬ੍ਰਹਮ ਨਿਵਾਸੀ, ਪ੍ਰਭੁ ਪੂਰਨ॥
ਅੰਮ੍ਰਿਤ ਗਤਿ ਦਰਸਨਿ, ਸਫਲ-ਸੁਪਰਸਨਿ, ਜੋ ਨਿਤ ਦਰਸਨਿ ਰਿਪੁ ਚੂਰਨ॥
ਰਕਤਾਸੁਰ ਖੰਡਨਿ, ਧੂਮ੍ਰ, ਬਿਧੁੰਸਨਿ ਜੈ ਜਗ ਮੰਡਨਿ ਬਿਧਿ ਪੂਰਨ॥
ਜੈ ਤੇਜ ਪ੍ਰਤਾਪੀ, ਸਰਬੰ ਬਜਾਪੀ, ਅਜਪਾ ਜਾਪੀ, ਜਸ ਪੂਰਨ॥ ੧੬੨ ॥

ਸਿੱਖ-ਜਗਤ ਅਤੇ ਗੁਰੂ ਪੰਥ ਸੰਗਤ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਪੰਥ ਦੀ ਮਹਾਨ ਅਤੇ ਮਾਇਆ-ਨਾਜ਼ ਹਸਤੀ-ਪਵਿਤ੍ਰ ਆਤਮਾ, ਉਜੂਲ ਦੀਦਾਰੀ ਮਹਾਨ ਜਰਨੈਲ, ਗੁਰਪੁਰਵਾਸੀ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ 96ਵੇਂ ਕ੍ਰੋੜੀ ਬੁੱਢਾ ਦਲ ਪੰਜਵਾਂ ਤਖਤ ਜੀ ਨੇ ਆਪਣੇ ਜੀਵਨ ਕਾਲ ਵਿਚ ਬੁੱਢਾ ਦਲ ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈੱਸ ਗੁਰੂ ਕਾ ਬਾਗ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ "ਸਰਬਲੋਹ" ਗ੍ਰੰਥ ਸਾਹਿਬ ਜੀ ਨੂੰ ਸੰਪੂਰਣ ਛਾਪਣ ਦਾ ਸ਼ਲਾਘਾਯੋਗ ਉੱਦਮ ਕੀਤਾ ਸੀ ਅਤੇ ਇਸ ਦੇ ਟੀਕੇ ਤੇ ਸੁਧਾਈ ਵਾਸਤੇ ਅਨੇਕਾਂ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੀ ਸੇਵਾ ਲਈ ਗਈ ਸੀ, ਜਿਸ ਨਾਲ ਗੁਰਬਾਣੀ ਦੇ ਪ੍ਰੇਮੀਆਂ ਦੇ ਪਿਆਸੇ ਨੇਤ੍ਰ ਅਤੇ ਮਨ ਤ੍ਰਿਪਤ ਹੋਏ ਅਤੇ ਹੋਣਗੇ। ਖੋਜੀ ਸੱਜਣਾਂ ਨੂੰ ਵੀ ਪਰਮ ਲਾਭ ਪੁੱਜੇਗਾ। ਸਾਡੀ ਅਕਾਲ ਪੁਰਖ ਦੇ ਦਰ 'ਤੇ ਅਰਜੋਈ ਬੇਨਤੀ ਹੈ ਕਿ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਆਪਣੇ ਚਰਣ-ਸਾਦਕ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਨੂੰ ਪਰਉਪਕਾਰੀ ਬੁੱਧਿ, ਬਿਬੇਕ ਅਤੇ ਸਿਹਤਯਾਬੀ ਬਖਸ਼ਣ ਤਾਂ ਬੁੱਢਾ ਦਲ ਪੰਥ ਵੱਲੋਂ ਕੀਤੀ ਘਾਲ ਕਮਾਈ ਦੀ ਸੰਭਾਲ ਕਰ ਸਕਣ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਨਿਹੰਗ ਸਿੰਘਾਂ ਦੀ ਸ਼੍ਰੋਮਣੀ ਜਥੇਬੰਦੀ ਨੂੰ ਆਪਣੀ ਸੁਚੱਜੀ ਅਗਵਾਈ ਦੇਂਦੇ ਹੋਏ ਖਾਲਸਾ-ਪੰਥ ਨੂੰ ਹੋਰ ਚੜ੍ਹਦੀਆਂ ਕਲਾਂ ਵਿਚ ਲੈ ਜਾਣ।

ਸੇਵ ਕਰੋ ਕਰੁਨਾ-ਨਿਧਿ ਕੀ ਜਹਿ ਸ਼੍ਰੇਵਤਿ ਚਾਰ ਪਦਾਰਥਿ ਪੱਯੈ॥
ਨਾਮ ਲਿਯੇ ਜਮ ਤ੍ਰਾਸ ਮਿਟੇ ਕਲਿ ਕਾਲ ਨਸੇ ਹਰਿ ਸ਼ਰਨਿ ਸਿਧੱਯੇ॥
ਲੋਕ ਪ੍ਰਲੋਕ ਸਭੀ ਸੁਧਰੇ, ਹਰਿ ਭਗਤ ਪ੍ਰਾਪਤਿ ਹੋਇ ਧਯੱਯੈ॥
ਦਾਸ "ਗੁਬਿੰਦ" ਫਤਿਹ ਸਤਿਗੁਰੂ ਕੀ, ਅਸ ਪ੍ਰਭੁ ਛੋਡਿ ਅਵਰ ਕਤ ਜੱਯੈ॥
ਜਾਨਹੁ ਜਾਨ ਸੁਜਾਨ ਸਭੀ, ਅਰਦਾਸ ਇਹੋ ਭਵ ਤਾਪ ਨਿਵਾਰੋ॥
ਜਨਮ ਮਰਨ ਦੁਹੂੰ ਤ੍ਰਾਸ ਬਡੋ, ਜਮ ਫੰਧ ਕਟੋ ਭਵ ਪਾਰ ਉਤਾਰੋ॥
ਹੌਂ ਮਤਿ ਮੰਦ ਅਨਾਥਹਨਾਥ, ਦਰਿਦ੍ਰ ਹਰੋ, ਮੁਹਿ ਲੇਹੁ ਉਬਾਰੋ॥
"ਦਾਸ ਗੋਬਿੰਦ" ਬਿਜਯ ਸਤਿਗੁਰ ਕੀ, ਵਾਹਦ ਵਾਹਦ ਮੁਹਿ ਨਿਸਤਾਰੋ॥
(ਅਧਿਆਏ ੨)

ਛਮੋ ਨਾਥ ਮੋਰੀ ਢੀਠਾਈ॥ ਹਮ ਲਹੁਰੇ ਤੁਮ ਅਤਿ ਗੁਰੂਆਈ॥
ਜਹੰ ਬਿਧਿ ਰਖਯਾ ਦੇਵਨ ਕਰੇ॥ ਅਭਯ ਦਾਨ ਦੇ ਅਸੁਰਨ ਮਰੇ॥
ਤਿਮ ਮੂਰ ਰਖਯਾ ਕਰਹੁ ਗੁਸਾਈਂ, ਮੈਂ ਆਯੋ ਤੁਮਰੀ ਸਰਨਾਈਂ॥
"ਦਾਸਗੁਬਿੰਦ" ਫਤਹ ਨਰਹਰੀ ਸਰਬਲੋਹ-ਉਚਰਹੁ ਪਲ ਘਰੀ॥
ਪੁਨਾ: ... ਜਜਨ ਭਜਨ ਮਮ ਖ਼ਾਲਸਾ, ਖ਼ਾਲਸ ਪੂਜਿਬ ਜੋਗ॥
ਦਾਸ "ਗੋਬਿੰਦ" ਫਤਿਹ ਖਾਲਸਾ, ਦਰਸ ਪਰਸ ਮਿਟਿ ਸੋਗੁ॥
ਪ੍ਰਤਖ ਕਲਾ ਪਾਰਬ੍ਰਹਮ ਧਣੀਛੇ, ਗ੍ਰੰਥ ਪੰਥ ਖਾਲਸ ਵਰਤੰਤਾ॥
ਦਾਸ "ਗੋਬਿੰਦ" ਫਤਿਹ ਸਤਿਗੁਰੂ ਕੀ, ਖਾਸ ਗ੍ਰੰਥ ਗੁਰੂ ਰੂਪ ਬਦੰਤਾ॥
ਭਯੋ ਨਿਸਤਾਰ ਤ੍ਰਾਸ ਅਸੁਰਨ ਤੇ, ਤਾਰ ਲਿਯੋ ਗੁਰੂ ਜਗਤ ਸਬੈ॥
"ਸ਼ਾਹ ਗੋਬਿੰਦ" ਫਤਿਹ ਸਤਿਗੁਰ ਕੀ, ਵਾਹਿਗੁਰੂ ਸੁਚਿ ਮੰਤ੍ਰ ਅਖੈ॥
(ਅਧਿਆਏ ੫)

-ਗਉੜੀ ਪੂਰਬੀ:
ਕਿਸੁ ਪਹਿ ਕਰਉ ਜੁਹਾਰ ਬੇਨਤੀ, ਬਿਨਾ ਸਾਮ ਜਗ ਮਾਇ॥
ਤੁਮਰੀ "ਸਯਾਮ" ਸਰਣਿ ਜਗਬੰਦਨ, ਹਉਂ ਮਤਿ ਮੰਦ ਅਧੀਨ ਰਜਾਇ॥
ਮਹਾ ਭਯਾਨ ਕਠਿਨ ਭਯ ਸਾਗਰ, ਹਰਿ ਬਿਨੁ ਤਰਨੁ ਨਹੀ ਕਤ ਜਾਇ॥
ਹਉਂ ਮਤਿ ਮੰਧ ਅੰਧ ਮਤਿ ਬਾਵਰ, ਅੰਤ ਸਮਯ ਹਰਿ ਹੋਹੁ ਸਹਾਇ॥
(ਅਧਿਆਏ ੧)

ਬਿਸਨੁਪਦ ਮਾਲਕੌਸ ਝੂਲਨਾ:-
ਟੂਟਿ ਸੰਨਾਹ ਤਨਤ੍ਰਾਨੁ ਬਖਤਰ ਜ਼ਿਰਹ, ਟੋਪ ਗਲ-ਸੰਜ ਝੜਿ ਗਏ ਸਬ ਹੀ॥
ਝਲਤਿ ਤਨ ਬ੍ਰਿਨ ਬਹੁ ਖਾਯ ਘਾਯਨ ਸੁਧਿ,
ਸੁ-ਨਦ ਸ੍ਰੋਨ ਕੋ ਪੈਰ ਭਟ ਜੂਝਿ ਤਬ ਹੀ॥
ਅਸ ਮਚਯੋ ਸੰਗ੍ਰਾਮ ਨਹਿ ਆਗੈ ਕਬਹਿ, ਸੂਰ-ਪਰ ਸੂਰ-ਗਿਰ ਗਏ ਦਬ ਹੀ॥
ਕਹਿਤ-ਕਬਿ "ਰਾਮ" ਤੁਮ, ਸੁਨਹੁ-ਪ੍ਰਿਯ-ਸੰਤ-ਜਨ,
ਸਮਰ ਭਾਰਤ ਸੁਰਨ ਅਸੁਰ ਫਬ ਹੀ॥
(ਅਧਿਆਏ ੪)

# ਭਾਈ ਮਨੀ ਸਿੰਘ ਜੀ – ਸਿੱਖ ਕੌਮ ਦੇ ਮਹਾਨ ਸ਼ਹੀਦ



**ਸੰਨ 1675 ਈਸਵੀ ਨੂੰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਜੁੱਟ ਗਏ। ਸੰਨ 1678 ਈਸਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਆਦਿ ਗ੍ਰੰਥ ਦੇ ਉਤਾਰੇ ਦਾ ਮਹੱਤਵਪੂਰਨ ਕੰਮ ਸੌਂਪਿਆ। ਸਿਰਫ 35 ਸਾਲ ਦੀ ਉਮਰ ਦੇ ਵਿਚ ਭਾਈ ਮਨੀ ਸਿੰਘ ਇੱਕ ਨਿਧੜਕ ਯੋਧੇ, ਗੁਣੀ ਗਿਆਨੀ, ਯੋਗ ਆਗੂ, ਸੂਝਵਾਨ ਲਿਖਾਰੀ ਅਤੇ ਸੰਪਾਦਕ ਦੇ ਤੌਰ ਉੱਤੇ ਗੁਰੂ ਘਰ ਦੀਆਂ ਸੇਵਾਵਾਂ ਨਿਭਾਈਆਂ।**


ਸੁਰਿੰਦਰਪਾਲ ਸਿੰਘ

ਵਿਗਿਆਨ ਅਧਿਆਪਕ

ਸ੍ਰੀ ਅੰਮ੍ਰਿਤਸਰ ਸਾਹਿਬ।

ਪੰਜਾਬ ਮੇਲ USA




ਸਿੱਖ ਇਤਿਹਾਸ ਵਿੱਚ ਅਨੇਕਾਂ ਮਹਾਨ ਸ਼ਖਸੀਅਤਾਂ ਹੋਈਆਂ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਸਿੱਖੀ ਦੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਕੌਮ ਨੂੰ ਸਮਰਪਿਤ ਕਰ ਦਿੱਤੀ। ਇਨ੍ਹਾਂ ਮਹਾਨ ਸ਼ਖਸੀਅਤਾਂ ਵਿਚ ਭਾਈ ਮਨੀ ਸਿੰਘ ਜੀ ਦਾ ਨਾਮ ਸਿੱਖ ਇਤਿਹਾਸ ਦੇ ਸ਼ਹੀਦਾਂ ਵਿਚ ਅਹਿਮ ਸਥਾਨ ਰੱਖਦਾ ਹੈ। ਉਹ ਸਿੱਖ ਧਰਮ ਦੇ ਮਹਾਨ ਗਿਆਨੀ, ਲੇਖਕ, ਸੰਪਾਦਕ ਅਤੇ ਸ਼ਹੀਦ ਸਨ, ਜਿਨ੍ਹਾਂ ਦੀ ਸ਼ਹਾਦਤ ਸਿੱਖ ਪੰਥ ਲਈ ਪ੍ਰੇਰਣਾ ਦਾ ਸਰੋਤ ਹੈ।

ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਦੀ ਬਹੁਤ ਮਹਾਨ ਤੇ ਵੱਡਮੁੱਲੀ ਸ਼ਖਸੀਅਤ ਸਨ। ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ, 1644 ਈ. ਨੂੰ ਅਲੀਪੁਰ ਜ਼ਿਲ੍ਹੇ ਦੇ ਮੁਜ਼ੱਫਰਗੜ੍ਹ (ਪਾਕਿਸਤਾਨ) ਵਿਚ ਭਾਈ ਮਾਈ ਦਾਸ ਅਤੇ ਬੀਬੀ ਮਧਰੀ ਬਾਈ ਦੇ ਘਰ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ਮਨੀ ਰਾਮ ਰੱਖਿਆ ਗਿਆ ਸੀ ਪਰ ਪਰਿਵਾਰ ਵਾਲੇ ਆਪ ਨੂੰ ਲਾਡ ਨਾਲ ਮਣੀਆਂ ਆਖ ਬੁਲਾਇਆ ਕਰਦੇ ਸਨ। ਭਾਈ ਮਨੀ ਸਿੰਘ ਜੀ ਦੇ ਬਚਪਨ ਬਾਰੇ ਬਹੁਤੀ ਜਾਣਕਾਰੀ ਮੌਜੂਦ ਨਹੀਂ ਹੈ, ਸਿਰਫ ਇੰਨਾ ਕੁ ਹੀ ਪਤਾ ਹੈ ਕਿ ਆਪ ਜੀ ਦੇ ਮਾਤਾ-ਪਿਤਾ ਗੁਰੂ ਘਰ ਦੇ ਵਿਚ ਵਿਸ਼ਵਾਸ ਰੱਖਦੇ ਸਨ, ਜਿਸ ਦੇ ਸਿੱਟੇ ਵਜੋਂ ਆਪ ਜੀ ਦਾ ਝੁਕਾ ਵੀ ਗੁਰੂ ਘਰ ਵੱਲ ਬਚਪਨ ਤੋਂ ਹੀ ਸੀ।

ਸੰਨ 1657 ਈਸਵੀ ਵਿਚ ਆਪ ਜੀ ਦੇ ਪਿਤਾ ਆਪ ਜੀ ਨੂੰ ਗੁਰੂ ਹਰਿਰਾਏ ਸਾਹਿਬ ਜੀ ਦੇ ਦਰਸ਼ਨ ਕਰਵਾਉਣ ਲਈ ਕੀਰਤਪੁਰ ਸਾਹਿਬ ਵਿਖੇ ਲੈ ਕੇ ਆਏ, ਉਸ ਵਕਤ ਆਪ ਜੀ ਦੀ ਉਮਰ ਤਕਰੀਬਨ 13 ਸਾਲ ਦੀ ਸੀ। ਆਪ ਜੀ ਨੇ ਤਕਰੀਬਨ ਦੋ ਸਾਲ ਗੁਰੂ ਹਰਿਰਾਏ ਸਾਹਿਬ ਜੀ ਦੀ ਸੇਵਾ ਵਿਚ ਕੀਰਤਪੁਰ ਸਾਹਿਬ ਵਿਖੇ ਬਤੀਤ ਕੀਤੇ। ਸੰਨ 1659 ਈਸਵੀ ਨੂੰ ਆਪ ਜੀ ਦਾ ਵਿਆਹ ਭਾਈ ਲੱਖਾ ਰਾਏ ਦੀ ਸਪੁੱਤਰੀ ਬੀਬੀ ਸੀਤੋ ਬਾਈ ਨਾਲ ਹੋ ਗਿਆ। ਕੁਝ ਸਮਾਂ ਵਿਆਹੁਤਾ ਜੀਵਨ ਗੁਜ਼ਾਰਨ ਤੋਂ ਬਾਅਦ ਆਪ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਸੇਵਾ ਵਿਚ ਦਿੱਲੀ ਆ ਗਏ। ਜਦੋਂ 30 ਮਾਰਚ 1664 ਵਿਚ ਗੁਰੂ ਹਰ ਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾਏ, ਤਾਂ ਇਹ ਮਾਤਾ ਸੁਲਖਣੀ ਜੀ ਨੂੰ ਨਾਲ ਲੈ ਕੇ ਗੁਰੂ ਤੇਗ ਬਹਾਦਰ ਜੀ ਦੇ ਕੋਲ ਬਕਾਲੇ ਪਹੁੰਚ ਗਏ। ਤੇਗ ਬਹਾਦਰ ਜੀ ਦੀ ਧਰਮ ਪ੍ਰਚਾਰ ਫੇਰੀ ਮੁਕੰਮਲ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਾਪਸ ਆ ਗਏ। ਭਾਈ ਮਨੀ ਸਿੰਘ ਜੀ ਨੇ ਵੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਚਾਲੇ ਪਾਏ। ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਭਾਈ ਮਨੀ ਸਿੰਘ ਨੇ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਾਉਣ ਦੀ ਸੇਵਾ ਨਿਭਾਈ।

ਸੰਨ 1675 ਈਸਵੀ ਨੂੰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਜੁੱਟ ਗਏ। ਸੰਨ 1678 ਈਸਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਆਦਿ ਗ੍ਰੰਥ ਦੇ ਉਤਾਰੇ ਦਾ ਮਹੱਤਵਪੂਰਨ ਕੰਮ ਸੌਂਪਿਆ। ਸਿਰਫ 35 ਸਾਲ ਦੀ ਉਮਰ ਦੇ ਵਿਚ ਭਾਈ ਮਨੀ ਸਿੰਘ ਇੱਕ ਨਿਧੜਕ ਯੋਧੇ, ਗੁਣੀ ਗਿਆਨੀ, ਯੋਗ ਆਗੂ, ਸੂਝਵਾਨ ਲਿਖਾਰੀ ਅਤੇ ਸੰਪਾਦਕ ਦੇ ਤੌਰ ਉੱਤੇ ਗੁਰੂ ਘਰ ਦੀਆਂ ਸੇਵਾਵਾਂ ਨਿਭਾਈਆਂ। ਭਾਈ ਮਨੀ ਸਿੰਘ ਜੀ ਦੀਆਂ ਯੋਗ ਸੇਵਾਵਾਂ ਸਦਕਾ ਸੰਨ 1691 ਈਸਵੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੂੰ ਦੀਵਾਨ ਨਿਯੁਕਤ ਕੀਤਾ। ਭਾਈ ਸਾਹਿਬ ਨੇ ਸਾਰੀ ਜ਼ਿੰਦਗੀ ਸਿੱਖ ਕੌਮ ਦੇ ਲੇਖੇ ਲਗਾਈ। ਸੰਨ 1699 ਈਸਵੀ ਨੂੰ ਵਿਸਾਖੀ ਦੇ ਮੌਕੇ ਭਾਈ ਮਨੀ ਸਿੰਘ ਜੀ ਆਪਣੇ ਪੰਜ ਪੁੱਤਰਾਂ ਸਮੇਤ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ।

ਖਾਲਸਾ ਪੰਥ ਦੀ ਸਾਜਨਾ ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੰਗਤ ਵੱਲੋਂ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਬੁੰਗੇ ਦਾ ਸੇਵਾਦਾਰ ਨਿਯੁਕਤ ਕਰਕੇ ਭੇਜਿਆ ਸੀ। ਆਪ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਤੇ ਦੂਸਰੇ ਸਥਾਨ 'ਤੇ ਸੇਵਾ ਨਿਭਾ ਚੁੱਕੇ ਭਾਈ ਗੁਰਦਾਸ ਜੀ ਤੋਂ ਬਾਅਦ ਗੁਰੂ ਮਰਿਯਾਦਾ ਅਨੁਸਾਰ ਹਰਿਮੰਦਰ ਸਾਹਿਬ ਦੇ ਤੀਸਰੇ ਗ੍ਰੰਥੀ ਬਣੇ ਸਨ। ਸੰਨ 1708 ਈਸਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਨੂੰ ਜਥੇਬੰਦ ਕਰਨ ਵਿਚ ਭਾਈ ਮਨੀ ਸਿੰਘ ਦਾ ਉੱਘਾ ਯੋਗਦਾਨ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਦਲਾਂ ਨੂੰ ਇਕਮੁੱਠ ਰੱਖਣ ਵਾਸਤੇ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਭਾਈ ਮਨੀ ਸਿੰਘ ਜੀ ਨੇ ਧਾਰਮਿਕ ਆਜ਼ਾਦੀ ਲਈ ਮੁਗਲ ਹਕੂਮਤ ਦਾ ਡੱਟ ਕੇ ਮੁਕਾਬਲਾ ਕੀਤਾ। ਸਮੇਂ ਦੇ ਜ਼ਾਲਮ ਮੁਗਲ ਹਾਕਮਾਂ ਵੱਲੋਂ ਸਿੱਖਾਂ ਦੇ ਧਾਰਮਿਕ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿਚ ਹਰ ਤਰ੍ਹਾਂ ਦੇ ਧਾਰਮਿਕ ਪੁਰਬ ਮਨਾਉਣ ਉਤੇ ਸਖਤ ਪਾਬੰਦੀ ਲਗਾਈ ਹੋਈ ਸੀ। ਸਿੱਖ ਪੰਥ ਨੇ ਭਾਈ ਮਨੀ ਸਿੰਘ ਨੂੰ ਇਸ ਪਾਬੰਦੀ ਨੂੰ ਖਾਰਜ ਕਰਵਾਉਣ ਲਈ ਬੇਨਤੀ ਕੀਤੀ ਅਤੇ ਭਾਈ ਸਾਹਿਬ ਨੇ ਸੂਬਾ ਲਾਹੌਰ ਪਾਸ ਇਸ ਬੇਨਤੀ ਨੂੰ ਖਾਰਜ ਕਰਾਉਣ ਲਈ ਪਹੁੰਚ ਕੀਤੀ। ਸੂਬਾ ਲਾਹੌਰ ਜ਼ਕਰੀਆ ਖਾਨ ਨੇ ਇਸ ਪਾਬੰਦੀ ਨੂੰ ਹਟਾਉਣ ਬਦਲੇ ਪੰਜ ਹਜ਼ਾਰ ਰੁਪਏ ਅਦਾ ਕਰਨ ਦੀ ਸ਼ਰਤ ਰੱਖੀ ਸੀ। ਭਾਈ ਮਨੀ ਸਿੰਘ ਨੇ ਇਸ ਸ਼ਰਤ ਨੂੰ ਪ੍ਰਵਾਨ ਕਰਦਿਆਂ ਸਿੱਖ ਸੰਗਤ ਨੂੰ ਦੀਵਾਲੀ ਦਾ ਪੁਰਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਉਣ ਦੇ ਸੱਦਾ ਪੱਤਰ ਭੇਜ ਦਿੱਤੇ ਸਨ। ਸੂਬਾ ਲਾਹੌਰ ਜ਼ਕਰੀਆ ਖਾਨ ਵੱਲੋਂ ਦਿੱਤੀ ਇਹ ਪ੍ਰਵਾਨਗੀ ਸਿਰਫ ਇਸ ਕਰਕੇ ਦਿੱਤੀ ਗਈ ਸੀ, ਤਾਂ ਜੋ ਧਾਰਮਿਕ ਪੁਰਬ 'ਤੇ ਪਹੁੰਚਣ ਵਾਲੇ ਸਿੱਖਾਂ ਦਾ ਕਤਲੇਆਮ ਕਰਨ ਦੀ ਯੁੱਧ ਨੀਤੀ ਦਾ ਇੱਕ ਦਾਅਪੇਚ ਸੀ। ਜਦੋਂ ਭਾਈ ਮਨੀ ਸਿੰਘ ਨੂੰ ਸੂਬਾ ਲਾਹੌਰ ਦੀ ਇਸ ਗੁਪਤ ਯੋਜਨਾ ਦੀ ਸੂਚਨਾ ਮਿਲੀ, ਤਾਂ ਉਸ ਨੇ ਸਿੱਖ ਸੰਗਤਾਂ ਨੂੰ ਪੁਰਬ ਉਤੇ ਨਾ ਪਹੁੰਚਣ ਦਾ ਸੰਦੇਸ਼ ਭੇਜ ਦਿੱਤਾ ਸੀ। ਨਤੀਜੇ ਵਜੋਂ ਬਹੁਤ ਹੀ ਘੱਟ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੀਆਂ। ਸੰਗਤਾਂ ਦੀ ਘੱਟ ਗਿਣਤੀ ਦੇ ਸਿੱਟੇ ਵਜੋਂ ਚੜ੍ਹਤ ਦੇ ਰੂਪ ਵਿਚ ਇਕੱਤਰ ਹੋਣ ਵਾਲੇ ਧਨ ਦੀ ਰਾਸ਼ੀ ਵਿਚੋਂ ਜ਼ਕਰੀਆ ਖਾਨ ਵੱਲੋਂ ਮਿੱਥੀ ਰਕਮ ਅਦਾ ਨਹੀਂ ਸੀ ਕੀਤੀ ਜਾ ਸਕਦੀ। ਇਸ ਉਤੇ ਦੋਹਾਂ ਧਿਰਾਂ ਵਿਚ ਕਾਫੀ ਵਿਵਾਦ ਹੋਇਆ ਪਰ ਦੋਹਾਂ ਧਿਰਾਂ ਵੱਲੋਂ ਆਪਸੀ ਸਮਝੌਤਾ ਕਰ ਲਿਆ ਗਿਆ ਸੀ। ਆਉਂਦੀ ਵਿਸਾਖੀ ਨੂੰ ਧਾਰਮਿਕ ਪੁਰਬ ਦੀ ਪ੍ਰਵਾਨਗੀ ਇਸ ਸ਼ਰਤ 'ਤੇ ਦਿੱਤੀ ਗਈ ਕਿ ਚੜ੍ਹਤ ਵਿਚੋਂ ਸੂਬਾ ਲਾਹੌਰ ਨੂੰ ਮਿੱਥੀ ਰਕਮ ਅਦਾ ਕੀਤੀ ਜਾਵੇਗੀ ਪ੍ਰੰਤੂ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਵੀ ਆਪਣੀ ਕੋਜੀ ਸਾਜ਼ਿਸ਼ ਅਧੀਨ ਦਿੱਤੀ ਸੀ। ਸੂਬਾ ਲਾਹੌਰ ਦੀ ਮੰਸ਼ਾ ਸਿੱਖ ਕੌਮ ਦੇ ਕਤਲੇਆਮ ਦੀ ਸੀ। ਭਾਈ ਮਨੀ ਸਿੰਘ ਨੇ ਸਿੱਖਾਂ ਦੇ ਕਤਲੇਆਮ ਨੂੰ ਰੋਕਣ ਹਿਤ ਫੇਰ ਸੰਦੇਸ਼ ਭੇਜੇ ਪਰ ਇਸ ਦੇ ਬਾਵਜੂਦ ਕਾਫੀ ਸਿੰਘ ਸੰਦੇਸ਼ ਮਿਲਣ ਤੋਂ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ ਸਨ। ਸੂਬਾ ਲਾਹੌਰ ਨੇ ਲਖਪਤਿ ਰਾਏ ਦੀ ਕਮਾਨ ਹੇਠ ਫੌਜ ਭੇਜ ਕੇ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਕਰਵਾ ਦਿੱਤਾ ਸੀ। ਇਸ ਹਮਲੇ ਵਿਚ ਸਿੱਖਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਤੇ ਭਾਈ ਮਨੀ ਸਿੰਘ ਨੂੰ ਸਿੰਘਾਂ ਸਮੇਤ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ।

ਲਾਹੌਰ ਦੀ ਸ਼ਾਹੀ ਮੁਗਲ ਅਦਾਲਤ ਵੱਲੋਂ ਭਾਈ ਮਨੀ ਸਿੰਘ ਜੀ ਉੱਪਰ ਮਿੱਥੀ ਰਕਮ ਨਾ ਅਦਾ ਕਰਨ ਦਾ ਦੋਸ਼ ਲਗਾਇਆ ਗਿਆ। ਸਮੇਂ ਦੇ ਜ਼ਾਲਮ ਹਾਕਮਾਂ ਵੱਲੋਂ ਆਪ ਜੀ ਨੂੰ ਇਸਲਾਮ ਕਬੂਲ ਕਰਨ ਅਤੇ ਸਿੱਖੀ ਛੱਡਣ ਲਈ ਅਣਗਿਣਤ ਅਸਹਿ ਤੇ ਅਕਹਿ ਤਸੀਹੇ ਦਿੱਤੇ ਗਏ ਸਨ। ਜਦੋਂ ਜ਼ਾਲਮ ਹਾਕਮਾਂ ਦੀ ਵਾਹ ਪੇਸ਼ ਨਾ ਗਈ, ਤਾਂ ਕਾਜੀ ਨੇ ਆਪ ਜੀ ਨੂੰ ਬੰਦ ਬੰਦ ਕੱਟ ਦੇਣ ਦੀ ਸਜ਼ਾ ਸੁਣਾਈ। ਸ਼ਹੀਦੀ ਸਮੇਂ ਵੀ ਭਾਈ ਮਨੀ ਸਿੰਘ ਨੇ ਜਲਾਦ ਨੂੰ ਸਰਕਾਰੀ ਹੁਕਮ ਦੀ ਸੰਪੂਰਨ ਪਾਲਣਾ ਲਈ ਪ੍ਰੇਰਿਆ। 24 ਜੂਨ, 1734 ਈ. ਵਾਲੇ ਦਿਨ ਉਸ ਨੂੰ ਨਖਾਸ ਚੌਕ ਲਾਹੌਰ ਲੰਡੇ ਬਾਜ਼ਾਰ ਵਿਖੇ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਭਾਈ ਮਨੀ ਸਿੰਘ ਦਾ ਸਸਕਾਰ ਭਾਈ ਸੁਬੇਗ ਸਿੰਘ ਆਦਿ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲ੍ਹੇ ਦੇ ਨਜ਼ਦੀਕ ਲਿਜਾ ਕੇ ਕੀਤਾ, ਜਿਥੇ ਅੱਜਕੱਲ੍ਹ ਗੁਰਦੁਆਰਾ ਸ਼ਹੀਦ ਗੰਜ ਸੁਸ਼ੋਭਿਤ ਹੈ।

ਸਿੱਖ ਕੌਮ ਦੇ ਮਹਾਨ ਸ਼ਹੀਦਾਂ ਵਿਚ ਭਾਈ ਮਨੀ ਸਿੰਘ ਜੀ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਗੁਰੂ ਘਰ ਦੀ ਸੇਵਾ ਲਈ ਆਪਣੀ ਅਤੇ ਆਪਣੇ 11 ਭਰਾਵਾਂ ਦੀ ਸ਼ਹਾਦਤ ਦਿੱਤੀ। ਭਾਈ ਮਨੀ ਸਿੰਘ ਜੀ ਦੇ ਛੇ ਪੁੱਤਰਾਂ ਨੇ ਗੁਰੂ ਘਰ ਦੀ ਖਿਦਮਤ ਕਰਦਿਆਂ ਸ਼ਹੀਦੀ ਦਿੱਤੀ। ਸਿੱਖ ਕੌਮ ਦੇ ਪ੍ਰਸਿੱਧ ਇਤਿਹਾਸਕਾਰਾਂ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦੇ 52 ਜੀਆਂ ਨੇ ਆਪਣਾ ਜੀਵਨ ਸਿੱਖ ਕੌਮ ਦੇ ਲੇਖੇ ਲਾਇਆ ਤੇ ਸ਼ਹਾਦਤ ਪ੍ਰਾਪਤ ਕੀਤੀ।

**-ਭੁੱਲ ਚੁੱਕ ਲਈ ਖਿਮਾ**
**ਦਾਸ ਸੁਰਿੰਦਰ ਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਸਾਵਣ

ਘੁਲ਼ ਗਏ ਬੱਦਲ ਚੜ੍ਹਿਆ ਸਾਵਣ, ਰੁੱਤ ਬਰਸਾਤ ਦੀ ਆਈ,
ਰਿੰਮ ਝਿੰਮ ਰਿੰਮ ਝਿੰਮ ਨਾਦ ਵਜੇਂਦੇ, ਧਰਤੀ ਲਈ ਅੰਗੜਾਈ।
ਬਿਜਲੀ ਲਿਸ਼ਕੇ ਉੱਤੋਂ ਬੱਦਲ ਗੜ੍ਹਕੇ, ਬਾਗੀਂ ਰੁਣ ਝੁਣ ਲਾਈ,
ਪੈਲਾਂ ਪਾਉਂਦੇ ਵਜਦ ਵਿਚ ਆਉਂਦੇ, ਮੋਰ ਸੰਗ ਮੋਰਨੀ ਆਈ।
ਕਈ ਵਾਰ ਹੁੰਮ ਸੁੰਮ ਫਿਜ਼ਾ ਵਿਚ, ਭਿੱਜਦੇ ਨਾਲ਼ ਪਸੀਨੇ ਲੀੜੇ,
ਖੁੱਲ੍ਹੇ-ਡੁੱਲ੍ਹੇ, ਹਵਾ-ਹਾਰੇ ਹੀ ਸੋਹਦੇ, ਵੱਢ ਵੱਢ ਖਾਂਦੇ ਕੱਪੜੇ ਭੀੜੇ।
ਡੱਕੀਆਂ ਖੁੱਡਾਂ ਨਿੱਕਲ਼ ਆਏ ਹੁਣ, ਰੁੜ੍ਹਦੇ ਤੇ ਖੰਭ ਵਾਲ਼ੇ ਕੀੜੇ,
ਵਗਦੇ ਸਿੱਲ੍ਹੇ ਠੰਢੀ ਹਵਾ ਦੇ ਬੁੱਲੇ, ਕਿਸਾਨ ਕਮਾਦ, ਮੱਕੀ ਸੀੜੇ।

ਮੱਕੀ, ਬਾਜਰਾ, ਚਰ੍ਹੀਆਂ ਨੇ ਚੜ੍ਹੀਆਂ, ਮਾਂਹ, ਮੋਠ, ਝੋਨਾ ਮਹਿਕੇ,
ਪੈਣ ਫੁਹਾਰਾਂ ਵਿਚ ਨ੍ਹਾਵਣ ਡੱਲੀਆਂ, ਮਨ ਤਨ ਡਾਢਾ ਬਹਿਕੇ।
ਧਰਤੀ ਗੱਚ ਗੱਚ ਹੋ ਗਾਰਾ ਗਾਰਾ, ਨਾਲ਼ੇ -ਨਦੀਆਂ ਵਹਿ ਕੇ,
ਗੰਡੋਏ, ਮੱਛਰ, ਮੱਖੀ, ਸਪੋਲੇ ਘੁੰਮਦੇ, ਪੱਤਾ ਪੱਤਾ ਪਿਆ ਟਹਿਕੇ।

ਮਹਿਕੇ ਅਮਰੂਦ ਜਾਮੁੰਨਾਂ ਰਸੀਆਂ, ਚੁਫੇਰੇ ਉੱਡੀ ਹੈ ਖ਼ੁਸ਼ਬੋਈ,
ਚਾਰੇ ਪਾਸੇ ਹੈ ਦੇਖੋ ਚੜ੍ਹੀ ਜਵਾਨੀ, ਸਰ-ਸਬਜ਼ ਓੜੀ ਹੈ ਲੋਈ।
ਪਰਿੰਦੇ ਰੁੱਖਾਂ ਉੱਤੇ ਕਰਨ ਕਲੋਲਾਂ, ਮਸਤੀ 'ਚ ਹਰ ਸ਼ੈਅ ਖੋਈ,
ਬਿਰਹੁੰ ਮਾਰੀ ਮਿਲਾਪ ਨੂੰ ਤਰਸੇ, ਗਿੱਲੇ ਬਾਲਣ ਦੇ ਪੱਜ ਰੋਈ।

ਤੀਆਂ ਆਈਆਂ ਪੀਂਘਾਂ ਪਾਈਆਂ, ਚੜ੍ਹਾਉਂਦੀਆਂ ਮਾਰ ਹੁਲਾਰੇ,
ਨਾਲ਼ੇ ਭੇਦ ਸਖੀਆਂ ਰਲ਼ ਖੋਲ੍ਹਣ, ਗੱਲਾਂ ਗੁੱਝੀਆਂ ਕਰ ਇਸ਼ਾਰੇ।
ਤੇ ਸੁਖੀ ਵਸੇ ਬਾਬੁਲ ਦਾ ਵਿਹੜਾ, ਕੁੜੀ ਹਰਦਮ ਦਿਲੋਂ ਪੁਕਾਰੇ,
ਮੱਠੀਆਂ ਦੇ ਟੋਕਰੇ ਭਰੇ ਭਰਾਵਾਂ, ਸਦਾ ਭੈਣਾਂ ਨੂੰ ਵੰਡਦੇ ਸੰਧਾਰੇ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਗ਼ਜ਼ਲ

ਸੋਚਣ ਦੀ ਗੱਲ ਜੇਕਰ ਬੰਦਾ ਸੋਚ ਲਵੇ।
ਹੱਥਾਂ ਦੇ ਵਿਚ ਸਾਰਾ ਅੰਬਰ ਬੋਚ ਲਵੇ।

ਇੱਕ ਇਬਾਰਤ ਸੁੰਦਰਤਾ ਨੂੰ ਜਨਮ ਦਵੇ,
ਨਫ਼ਰਤ ਵਾਲੀ ਜੇਕਰ ਫੱਟੀ ਪੋਚ ਲਵੇ।

ਸਾਰੀ ਵਰਮੀ ਜ਼ਹਿਰ ਮੁਕਤ ਹੋ ਜਾਏਗੀ,
ਇੱਛਾਵਾਂ ਦਾ ਜੇਕਰ ਸੱਪ ਦਬੋਚ ਲਵੇ।

ਖ਼ੂਨ ਬਹੇ ਪਰ ਇਕ ਆਨੰਦ ਜਿਹਾ ਮਿਲਦਾ,
ਇਹ ਦਿਲ ਫੇਰ ਪੁਰਾਣਾ ਜ਼ਖ਼ਮ ਖਰੋਚ ਲਵੇ।

ਇੱਲ ਦੇ ਆਲ੍ਹਣੇ ਨੂੰ ਹੱਥ ਪਾਉਣਾ ਸੌਖਾ ਨਹੀਂ,
ਚੁੰਜਾਂ ਦੇ ਨਾਲ ਹਮਲਾਵਰ ਨੂੰ ਨੋਚ ਲਵੇ।

ਜ਼ੁੱਰਅਤ ਫਿਰ ਨਈਂ ਪੈਂਦੀ ਬੇਇੰਨਸਾਫੀ ਦੀ,
ਔਰਤ ਜੇਕਰ ਨਹੁੰਦਰਾਂ ਨਾਲ ਝਰੋਟ ਲਵੇ।

ਇਕ ਸਤਰੰਗੀ ਪੀਂਘ ਨੂੰ ਬਾਲਮ ਯਾਦ ਕਰੇ,
ਇਕ-ਇਕ ਲੜ ਦੇ ਨਾਲ ਜਦੋਂ ਪੱਗ ਪੋਚ ਲਵੇ।

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰ (ਪੰਜਾਬ)
ਵਟਸਐਪ : 98156-25409



ਪੰਜਾਬ ਮੇਲ USA

## ਅਕ੍ਰਿਤਘਣ

***ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ***

ਅਕ੍ਰਿਤਘਣ ਨੂੰ ਗੁਰਬਾਣੀ ਵਿਚ
ਗੁਰੂ ਜੀ ਨੇ ਸਭ ਤੋਂ ਭੈੜਾ ਆਖਿਆ ਏ
ਖੁਦਗਰਜ਼, ਪਾਪੀ, ਪਾਖੰਡੀ, ਤੇ ਦੁਸ਼ਟ ਤਾਂ ਹੈ ਹੀ ਭੈੜੇ
ਪਰ ਅਕ੍ਰਿਤਘਣ ਇਨ੍ਹਾਂ ਤੋਂ ਵੀ ਭੈੜਾ ਏ
ਉਸ ਮਨੁੱਖ ਨਾਲੋਂ ਭੈੜਾ ਕੌਣ ਹੋ ਸਕਦਾ ਏ
ਜਿਹੜਾ ਮਨੁੱਖ ਦੀ ਕੀਤੀ ਨੇਕੀ ਨੂੰ ਭੁੱਲ ਜਾਵੇ
ਸਿੱਖ ਕੌਮ ਜਿਹੜੀ ਸਦਾ ਹੀ ਸਰਬੱਤ ਦਾ ਭਲਾ ਮੰਗਦੀ ਏ
ਉਸ ਨੂੰ ਆਪ ਕਦੀ ਵੀ ਨਹੀਂ ਇਨਸਾਫ਼ ਮਿਲਿਆ
ਜਿਹੜੀ ਕੌਮ ਦੂਜਿਆਂ ਲਈ ਕਰੇ ਕੁਰਬਾਨੀ
ਪਰ ਉਸ ਨੂੰ ਦੂਜਿਆਂ ਪਾਸੋਂ ਕਦੀ ਨਹੀਂ ਪਿਆਰ ਤੇ ਸਤਿਕਾਰ ਮਿਲਿਆ
ਇਸ ਨੂੰ ਤਾਂ ਆਪਣੇ ਹੀ ਗਦਾਰ, ਬੇਗ਼ੈਰਤ,
ਖੁਦਗਰਜ਼ ਤੇ ਬੇਜ਼ਮੀਰੇ ਕਤਲ ਕਰੀ ਜਾਂਦੇ ਨੇ
ਗੁਰੂਆਂ ਨੇ ਦੇਸ਼ ਧਰਮ ਲਈ
ਆਪਣਾ ਆਪ ਸਭ ਕੁੱਝ ਵਾਰ ਦਿੱਤਾ
ਪਰ ਉਨ੍ਹਾਂ ਦਾ ਅਕ੍ਰਿਤਘਣ ਦੁਸ਼ਟ ਤੇ ਪਾਪੀ ਲੋਕਾਂ ਨੇ
ਜ਼ਰਾ ਵੀ ਨਾ ਮੁੱਲ ਪਾਇਆ।
ਜਿਨ੍ਹਾਂ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ
ਬਚਾਉਣ ਦੀ ਖ਼ਾਤਿਰ ਜ਼ਿੰਦਗੀ ਵਾਰਦੇ ਰਹੇ
ਪਰ ਹੁਣ ਉਹ ਲੋਕ ਇੰਨੇ ਅਕ੍ਰਿਤਘਣ ਤੇ ਦੁਸ਼ਟ ਹੋ ਗਏ
ਕਿ ਉਨ੍ਹਾਂ ਨੂੰ ਹੀ ਨਸ਼ਟ ਕਰਨ ਲੱਗ ਪਏ
ਜਦੋਂ ਕੌਮ ਨੇ ਇਨਸਾਫ਼ ਦੀ ਮੰਗ ਕੀਤੀ
ਤਾਂ ਉਹੀ ਅਕ੍ਰਿਤਘਣ, ਦੁਸ਼ਟ ਤੇ ਸੁਆਰਥੀ ਲੋਕ
ਇਸ ਕੌਮ ਨੂੰ ਅੱਤਵਾਦੀ ਤੇ ਜ਼ਰਾਇਮ-ਪੇਸ਼ਾ ਕਹਿਣ ਲੱਗ ਪਏ

-ਮਾਸਟਰ ਨਿਰਮਲ ਸਿੰਘ, ਯੂਬਾ ਸਿਟੀ
530-777-0955



ਪੰਜਾਬ ਮੇਲ USA

## ਬਦਲਦਾ ਜ਼ਮਾਨਾ

ਛੇੜ ਤੂੰ ਵੀ ਕੋਈ ਨਵਾਂ ਤਰਾਨਾ।
ਬਦਲ ਰਿਹਾ ਹੈ ਵੇਖ ਜ਼ਮਾਨਾ।

ਘਰ ਜਦ ਹੁੰਦੇ ਸੀ ਬਈ ਕੱਚੇ।
ਲੋਕ ਹੁੰਦੇ ਸਨ ਦਿਲ ਦੇ ਸੱਚੇ।

ਭੱਠੀ 'ਤੇ ਕਿਧਰੇ ਭੁੰਨਣ ਨਾ ਦਾਣੇ।
ਓਸ ਦੀਆਂ ਬੱਸ ਓਹ ਹੀ ਜਾਣੇ।

ਫ਼ੋਨਾਂ ਪਿੱਛੋਂ ਮੋਬਾਈਲ ਆ ਗਏ।
ਪੀਜ਼ੇ ਬਰਗਰ ਹਰ ਥਾਂ ਛਾ ਗਏ।

ਰਿਸ਼ਤੇ ਰਹੇ ਨਾ ਰਿਸ਼ਤੇਦਾਰੀ।
ਨਾ ਉਹ ਯਾਰ ਤੇ ਨਾ ਉਹ ਯਾਰੀ।

ਹਰ ਪਾਸੇ ਹੋ ਰਿਹਾ ਵਿਖਾਵਾ।
ਦੁਨੀਆਂ ਵਿਚ ਵਧ ਰਿਹਾ ਛਲਾਵਾ।

ਕਿਤੇ ਨਾ ਸੁਣਦੇ ਉੱਚੇ ਹਾਸੇ।
ਝੂਠੇ ਹਰ ਕੋਈ ਦੇਵੇ ਦਿਲਾਸੇ।

ਕਿਧਰੇ ਮਹਿਰਮ ਮਿਲੇ ਨਾ ਦਿਲ ਦਾ।
ਗ਼ੈਰਾਂ ਵਾਂਗੂੰ ਹਰ ਕੋਈ ਮਿਲਦਾ।

-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015



ਪੰਜਾਬ ਮੇਲ USA

## ਬੇਖ਼ੌਫ਼ ਪਰਿੰਦਿਆਂ ਦਾ ਗੀਤ

ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਨ੍ਹਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

ਰੱਖ ਨਿਸ਼ਾਨੇ ਮੰਜ਼ਿਲਾਂ ਵੱਲ ਨੂੰ ਤੁਰ ਪੈਂਦੇ
ਹੌਂਸਲਿਆਂ ਦੇ ਖੰਭ ਬਣਾ ਕੇ ਉੱਡ ਪੈਂਦੇ
ਜਿਨ੍ਹਾਂ ਨੂੰ ਹੁੰਦਾ ਚਾਅ, ਟਾਈਮ 'ਤੇ ਪੁੱਜਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਨ੍ਹਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

ਯਾਰ ਜਿਨ੍ਹਾਂ ਦੇ, ਪੱਤਣੋਂ ਪਾਰ ਵਸੇਂਦੇ ਆ
ਦਿਲ ਦੀਆਂ ਤੈਹਾਂ, ਦੇ ਵਿਚ, ਸੱਜਣ ਰਹਿੰਦੇ ਆ
ਕਦੇ ਖੌਫ ਨੀ ਰੱਖਦੇ, ਮਿੱਤਰੋ ਡੁੱਬਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਨ੍ਹਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

ਸੱਪ ਖੜੱਪੇ ਡੰਗ ਮਾਰਨੋ, ਹੱਟਦੇ ਨਾ
ਚੁਗਲਖੋਰ ਕਦੇ ਘਰ ਉਜਾੜਨੋਂ, ਹੱਟਦੇ ਨਾ
ਕੰਡੇ ਰੱਖਦੇ ਸ਼ੌਕ ਪੈਰਾਂ ਵਿਚ, ਚੁੱਭਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਨ੍ਹਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

ਨੌਹਾਂ ਦੇ ਨਾਲ ਯੋਧੇ ਸੁਰਗਾਂ, ਪੱਟ ਲੈਂਦੇ
ਮਿੱਟੀ ਦੇ ਵਿਚ ਦੱਬਿਓ, ਸਿਰੀਆਂ ਚੱਕ ਲੈਂਦੇ
ਡਾਨਸੀਵਾਲੀਆ ਚਾਅ ਜਿਨ੍ਹਾਂ ਨੂੰ, ਉੱਗਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿੱਗਣੇ ਦਾ
ਸ਼ੌਕ ਜਿਨ੍ਹਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

-ਕੁਲਵੀਰ ਸਿੰਘ ਡਾਨਸੀਵਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਡੇਰਾਵਾਦ

ਡੇਰਿਆਂ ਦੇ ਵਿਚ ਧਰਮ ਦੀ ਥਾਂ 'ਤੇ, ਦੇਖੋ ਕੀ ਸਰਕਾਰ ਹੋ ਰਿਹਾ।
ਪੰਥ ਦੇ ਧੀਆਂ ਪੁੱਤਰਾਂ ਦੇ ਨਾਲ ਤੌਬਾ ਜੋ ਵਿਭਚਾਰ ਹੋ ਰਿਹਾ।

ਗੁਰਾਂ ਦੀ ਸੀ ਗ੍ਰਹਿਸਥੀ ਸਿੱਖੀ, ਪਰ ਬਿਹੰਗਮ ਹੋ ਗਏ ਬਾਬੇ,
ਕੁਦਰਤ ਦੇ ਵਿਰੋਧੀ ਹੋ ਕੇ, ਦਾਗੀ ਹਰ ਕਿਰਦਾਰ ਹੋ ਰਿਹਾ।

ਕਿਰਤ ਕਰਨੀ, ਨਾਮ ਜਪਣਾ, ਤੇ ਵੰਡ ਛਕਣਾ ਸਿੱਖੀ ਹੈ,
ਵਿਹਲੜਾਂ ਦਾ ਸਿੱਖੀ 'ਤੇ ਕਬਜ਼ਾ, ਪਰ ਹੁਣ ਮਾਰੋ ਮਾਰ ਹੋ ਰਿਹਾ।

ਪੰਥ ਦੇ ਚੌਕੀਦਾਰ ਹੀ ਪੰਥਕ ਵੈਰੀਆਂ ਦੇ ਨਾਲ ਜਾ ਰਲੇ ਜੋ,
ਖਾਲਸਾਈ ਤਖਤਾਂ ਦੇ ਉੱਤੇ, ਬਿਪਰ ਦਾ ਅਧਿਕਾਰ ਹੋ ਰਿਹਾ।

ਮੰਨ ਕੇ ਦੋਸ਼ ਅਕਾਲੀ ਦਲੀਏ, ਜ਼ੁਰਮ ਫੇਰ ਵੀ ਕਰਦੇ ਰਹਿੰਦੇ,
ਮੀਰੀ ਪੀਰੀ ਦੋਹਾਂ ਦਾ ਹੀ ਰੁਤਬਾ ਤਾਰੋ ਤਾਰ ਹੋ ਰਿਹਾ।

ਵਿਹਲੜ ਸਾਧਾਂ ਨੂੰ ਹੁਣ ਦੇਖੋ, ਅੰਗ ਰਾਖੇ ਦੇਵਣ ਸਰਕਾਰਾਂ,
ਸਿੱਖੀ ਦੀ ਇਜਾਰੇਦਾਰੀ ਦਾ ਬੜਾ ਹੰਕਾਰ ਹੋ ਰਿਹਾ।

ਬਾਣੀ ਗੁਰੂ ਗੁਰੂ ਹੈ ਬਾਣੀ 'ਤੇ ਹੀ ਪਹਿਰਾ ਦੇਣਾ ਸੀ,
ਬੁਬਨਿਆਂ ਦੇ ਪੈਰੀਂ ਪੈ ਕੇ ਮਿੱਟੀ ਪਰ ਕਿਰਦਾਰ ਹੋ ਰਿਹਾ।

ਕਾਰ ਸੇਵਾ ਦੇ ਬਾਬਿਆਂ ਨੇ ਕੁਝ ਐਸੀ ਕਾਰ ਸੇਵਾ ਹੈ ਕੀਤੀ,
ਸੰਗਮਰਮਰ ਹੀ ਸਿੱਖ ਵਿਰਾਸਤ ਦੇ ਉੱਤੇ ਸਰਦਾਰ ਹੋ ਰਿਹਾ।

ਗੁਰਸਿੱਖਾਂ ਦੀ ਚਰਨ ਧੂੜ ਤਾਂ ਮੱਥੇ ਲਈ ਮੁਬਾਰਕ ਹੈ,
ਵਿਅਕਤੀਵਾਦੀ ਪੂਜਾ ਤੋਂ ਪਰ 'ਚੇਸੀ' ਨੂੰ ਇਨਕਾਰ ਹੋ ਰਿਹਾ।

-ਕੁਲਵੰਤ ਸਿੰਘ 'ਚੇਸੀ'



ਪੰਜਾਬ ਮੇਲ USA



RE/MAX
RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

## Gurjatinder S. Randhawa

## 916-320-9444

web: www.RealtorRandhawa.com

garysingh123@yahoo.com